Punjabi Parwaz

# ਪੰਜਾਬੀ ਪਰਵਾਜ਼

ਅੰਕ 24ਵਾਂ (ਸ਼ਿਕਾਗੋ): 13 ਅਪਰੈਲ ਤੋਂ 26 ਅਪਰੈਲ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548



ਝੂਠ ਦਾ ਸਾਮਰਾਜ

## ਝੂਠੀ ਇਸ਼ਤਿਹਾਰਬਾਜ਼ੀ ਤੇ ਨਕਲੀ ਦਵਾਈਆਂ ਕਾਰਨ ਬਾਬਾ ਰਾਮਦੇਵ ਅਦਾਲਤੀ ਸ਼ਿਕੰਜੇ ’ਚ

**ਜਸਵੀਰ ਸਿੰਘ ਸ਼ੀਰੀ**

ਬਾਬਾ ਰਾਮਦੇਵ ਆਪਣੇ ਹੀ ਬਿਆਨਾਂ ਦੇ ਬੁਣੇ ਜਾਲ਼ ਕਾਰਨ ਸੁਪਰੀਮ ਕੋਰਟ ਵਿੱਚ ਘਿਰਦਾ ਨਜ਼ਰ ਆ ਰਿਹਾ ਹੈ। ਉਨ੍ਹਾਂ ਖਿਲਾਫ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਅਦਾਲਤ ਵਿੱਚ ਇੱਕ ਪਟੀਸ਼ਨ ਦਾਖਲ ਕੀਤੀ ਸੀ ਕਿ ਬਾਬੇ ਦੀ ਕੰਪਨੀ ਪਤੰਜਲੀ ਅਤੇ ਦਿਵਯ ਫਾਰਮੇਸੀ ਵੱਲੋਂ ਮੌਡਰਨ ਮੈਡੀਸਨ ਖਿਲਾਫ ਅਤੇ ਆਪਣੀ ਕੰਪਨੀ ਦੀਆਂ ਦੇਸੀ ਦਵਾਈਆਂ ਦੇ ਹੱਕ ਵਿੱਚ ਕੀਤੇ ਜਾ ਰਹੇ ਦਾਅਵੇ ਦਰੁਸਤ ਨਹੀਂ ਹਨ। ਇਸ ਮਾਮਲੇ ਦੀ 21 ਨਵੰਬਰ 2023 ਨੂੰ ਹੋਈ ਸੁਣਵਾਈ ਵਿੱਚ ਸੁਪਰੀਮ ਕੋਰਟ ਦੇ ਇੱਕ ਦੋ-ਮੈਂਬਰੀ ਬੈਂਚ ਸਾਹਮਣੇ ਮੁਆਫੀਨਾਮਾ ਦਿੱਤਾ ਕਿ ਭਵਿੱਖ ਵਿੱਚ ਉਹ ਕੋਈ ਵੀ ਫਰਜ਼ੀ ਐਡਵਰਟਾਈਜ਼ਮੈਂਟ ਨਹੀਂ ਦੇਣਗੇ; ਪਰ ਆਪਣੇ ਇਸ ਮੁਆਫੀਨਾਮੇ ਤੋਂ ਕੁਝ ਹੀ ਦਿਨ ਬਾਅਦ ਉਨ੍ਹਾਂ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਫਿਰ ਉਸੇ ਕਿਸਮ ਦੇ ਪ੍ਰਚਾਰ ਦਾ ਤੋਰਾ ਤੋਰ ਲਿਆ ਸੀ। ਇੰਡੀਅਨ ਮੈਡੀਕਲ ਐਸੋਸੀਏਸ਼ਨ ਇਸ ਨਾਲ ਸੰਬੰਧਤ ਇੱਕ ਵੀਡੀਓ ਅਤੇ ਝੂਠੀਆਂ ਐਡਵਰਟਾਈਜ਼ਮੈਂਟਾਂ ਦੀਆਂ ਕਾਪੀਆਂ ਲੈ ਕੇ ਮੁੜ ਅਦਾਲਤ ਵਿੱਚ ਪਹੁੰਚ ਗਈ। ਬਾਬਾ ਰਾਮਦੇਵ ਅਤੇ ਪੰਤਜਲੀ ਦੇ ਮੈਨੇਜਿੰਗ ਡਾਇਰੈਕਟਰ ਸਵਾਮੀ ਬਾਲਕ੍ਰਿਸ਼ਨ ਨੇ ਆਪਣੇ ਅਲੱਗ-ਅਲੱਗ ਮਾਅਫੀਨਾਮੇ ਦਾਖਲ ਕਰਕੇ ਫਿਰ ਅਦਾਲਤ ਵਿੱਚ ਮੁਆਫੀ ਮੰਗ ਲਈ ਕਿ 21 ਨਵੰਬਰ ਵਾਲੇ ਬਿਆਨ ਵਿੱਚ ਗਲਤੀ ਹੋ ਗਈ, ਉਹ ਅਗਾਂਹ ਤੋਂ ਨਾ ਤੇ ਇਸ ਕਿਸਮ ਦਾ ਬਿਆਨ ਦੇਣਗੇ ਅਤੇ ਨਾ ਹੀ ਫਰਜ਼ੀ ਐਡਵਰਟਾਈਜ਼ਮੈਂਟਾਂ ਦੇਣਗੇ।

ਇਸ ਦੌਰਾਨ ਉਨ੍ਹਾਂ ਦੀ ਇੱਕ ਹੋਰ ਵੀਡੀਓ ਵੀ ਸਾਹਮਣੇ ਆ ਗਈ, ਜਿਸ ਵਿੱਚ ਉਹ ਮੌਡਰਨ ਮੈਡੀਸਨ ਅਤੇ ਡਾਕਟਰਾਂ ਦਾ ਮਜ਼ਾਕ ਉਡਾ ਰਹੇ ਹਨ। ਆਖ ਰਹੇ ਹਨ, “ਡਾਕ-ਟਰ ਐਵੇਂ ਟਰ ਟਰ ਕਰਦੇ ਰਹਿੰਦੇ ਹਨ। ਰਾਮਦੇਵ ਬਿਨਾ ਡਿਗਰੀ ਤੋਂ ਡਾਕਟਰ ਹੈ। ਡਾਕਟਰ ਬਣਨਾ ਹੈ ਤਾਂ ਰਾਮਦੇਵ ਕੋਲ ਆਵੋ। ਰਾਮ ਦੇਵ ਦੈਵੀ ਡਾਕਟਰ ਹੈ” ਉਨ੍ਹਾਂ ਦੀ ਇਹ ਵੀਡੀਓ ਇੱਕ ਯੋਗਾ ਕੈਂਪ ਦੀ ਹੈ। ਰਾਮ ਦੇਵ ਨੇ ਆਪਣੇ ਅਦਾਲਤੀ ਹੁਕਮ ਦੀ ਉਲੰਘਣਾ ਸੰਬੰਧੀ 2 ਅਪ੍ਰੈਲ ਨੂੰ ਫਿਰ ਮੁਆਫੀ ਮੰਗ ਲਈ ਸੀ, ਪਰ ਅਦਾਲਤ ਨੇ ਇਹ ਸਵਿਕਾਰ ਨਹੀਂ ਸੀ ਕੀਤੀ ਅਤੇ ਕਿਹਾ ਸੀ ਕਿ ਮੁਆਫੀਨਾਮਾ ਬਾਕਾਇਦਾ ਐਫੀਡੈਵਿਟ ‘ਤੇ ਲਿਖ ਕੇ ਦਾਇਰ ਕਰਨ। ਇਸ ਸੰਬੰਧ ਵਿੱਚ ਸੁਣਵਾਈ 10 ਅਪ੍ਰੈਲ ਨੂੰ ਰੱਖੀ ਗਈ ਸੀ,




ਪਰ ਰਾਮਦੇਵ ਅਤੇ ਬਾਲਕ੍ਰਿਸ਼ਨ ਨੇ ਆਪਣੇ ਮੁਆਫੀਨਾਮੇ ਵਾਲੇ ਐਫੀਡੈਵਿਟ ਇੱਕ ਦਿਨ ਪਹਿਲਾਂ ਯਾਨਿ 9 ਅਪ੍ਰੈਲ ਨੂੰ ਅਦਾਲਤ ਵਿੱਚ ਦਾਇਰ ਕਰ ਦਿੱਤੇ।

ਇਸ ਸੰਬੰਧ ਵਿੱਚ ਜਦੋਂ 10 ਅਪ੍ਰੈਲ ਨੂੰ ਸੁਣਵਾਈ ਹੋ ਰਹੀ ਸੀ ਤਾਂ ਰਾਮਦੇਵ ਐਂਡ ਕੰਪਨੀ ਨੇ ਆਪਣੇ ਵਕੀਲਾਂ ਤੋਂ ਸਵਾਏ ਇੱਕ ਹੋਰ ਵਿਅਕਤੀ ਅਦਾਲਤ ਵਿੱਚ ਬੋਲਣ ਲਈ ਖੜ੍ਹਾ ਕਰ ਦਿੱਤਾ, ਜਿਹੜਾ ਜੱਜਾਂ ਨੂੰ ਦੱਸਣ ਲੱਗਾ ਕਿ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਦੀ ਕਿਡਨੀ ਰਾਮਦੇਵ ਦੀ ਦਵਾਈ ਨਾਲ ਠੀਕ ਹੋ ਗਈ ਸੀ, ਜਿਹੜੀ ਅਪ੍ਰੇਸ਼ਨ ਨਾਲ ਠੀਕ ਨਹੀਂ ਸੀ ਹੋ ਸਕੀ। ਮਸ਼ਹੂਰ ਬਾਬੇ ਦੀ ਤਾਣੀ ਉਸ ਦੀ ਨਵੀਂ ਹਰਕਤ ਨਾਲ ਹੋਰ ਉਲਝ ਗਈ। ਅਦਾਲਤ ਨੇ ਟਿੱਪਣੀ ਕੀਤੀ ਕਿ ਤੁਸੀਂ ਸਾਨੂੰ ਵੀ ਮੂਰਖ ਬਣਾਉਣ ਦਾ ਯਤਨ ਕਰ ਰਹੇ ਹੋ। ਅਦਾਲਤ ਨੇ ਟਿੱਪਣੀ ਵਿੱਚ ਕਿਹਾ ਕਿ ਤੁਸੀਂ ਯੋਗਾ ਵਿੱਚ ਕਾਫੀ ਵਧੀਆ ਕੰਮ ਕੀਤਾ ਹੈ ਅਤੇ ਪ੍ਰਭਾਵਸ਼ਾਲੀ ਵਿਅਕਤੀ ਰਹੇ ਹੋ। ਤੁਹਾਨੂੰ ਆਪਣੀਆਂ ਟਿੱਪਣੀਆਂ ਬੜੀਆਂ ਸੋਚ ਸਮਝ ਕੇ ਕਰਨੀਆਂ ਚਾਹੀਦੀਆਂ ਹਨ।

ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਸਾਨੂੰਦੀਨ ਅਮਾਨੁਲਾ ‘ਤੇ ਆਧਾਰਤ ਬੈਂਚ ਨੇ ਉਨ੍ਹਾਂ ਦੀ ਨਵੀਂ ਮੁਆਫੀ ਵੀ ਰੱਦ ਕਰ ਦਿੱਤੀ। ਯਾਦ ਰਹੇ, ਇਸ ਤੋਂ ਪਹਿਲਾਂ ਬਾਬਾ ਰਾਮਦੇਵ ਅਤੇ ਬਾਲਕ੍ਰਿਸ਼ਨ 27 ਫਰਵਰੀ ਅਤੇ 19 ਮਾਰਚ ਨੂੰ ਅਦਾਲਤ ਵਿੱਚ ਜ਼ਾਤੀ ਤੌਰ ‘ਤੇ ਪੇਸ਼ ਹੋਏ ਸਨ। ਅਗਲੀ ਪੇਸ਼ੀ 30 ਮਾਰਚ ਨੂੰ ਸੀ। ਇਸ ਪੇਸ਼ੀ ਤੋਂ ਉਨ੍ਹਾਂ ਨੇ ਜ਼ਾਤੀ ਤੌਰ ‘ਤੇ ਪੇਸ਼ ਹੋਣ ਤੋਂ ਇਹ ਕਹਿੰਦਿਆਂ ਰਾਹਤ ਲਈ ਛੋਟ ਮੰਗੀ ਕਿ ਉਨ੍ਹਾਂ ਨੇ ਪਰਦੇਸ ਜਾਣਾ ਹੈ, ਪਰ ਜਿਸ ਹਵਾਈ ਟਿਕਟ ਦੀ ਕਾਪੀ ਲਗਾਈ ਗਈ ਉਹ 31 ਮਾਰਚ ਲਈ ਸੀ। ਇਸ ਤਰ੍ਹਾਂ ਉਹ ਆਪਣਾ ਮਾਮਲਾ ਲਗਾਤਾਰ ਆਪਣੇ ਹੱਥੀਂ ਉਲਝਾਉਂਦੇ ਚਲੇ ਗਏ। ਬੀਤੀ ਇੱਕ ਪੇਸ਼ੀ ‘ਤੇ ਅਦਾਲਤ ਨੇ ਇਹ ਵੀ ਕਿਹਾ ਸੀ ਕਿ ਅਦਾਲਤੀ ਹੁਕਮ ਅਦੂਲੀ, ਝੂਠੇ ਇਸ਼ਤਿਹਾਰ ਛਾਪਣ ਅਤੇ ਮੌਡਰਨ ਮੈਡੀਸਨ ਖਿਲਾਫ ਦੁਰ-ਪ੍ਰਚਾਰ ਕਰਨ ਕਾਰਨ ਉਨ੍ਹਾਂ ਨੂੰ ਸਜ਼ਾ ਕਿਉਂ ਨਾ ਦਿੱਤੀ ਜਾਵੇ! ਪ੍ਰਤੱਖ ਦਰਸ਼ੀਆਂ ਅਨੁਸਾਰ 10 ਅਪ੍ਰੈਲ ਵਾਲੀ ਪੇਸ਼ੀ ਵਿੱਚ ਬਾਬਾ ਰਾਮਦੇਵ ਤੇ ਉਨ੍ਹਾਂ ਦੇ ਵਕੀਲ ਮੁਆਫੀ ਲਈ ਇੱਕ ਤਰ੍ਹਾਂ ਨਾਲ ਗਿੜਗਿੜਾਉਂਦੇ ਵੇਖੇ ਗਏ।

ਇੱਥੇ ਜ਼ਿਕਰਯੋਗ ਹੈ ਕਿ ਰਾਮਦੇਵ ਦੀ ਨਰਿੰਦਰ ਮੋਦੀ ਦੀ ਅਗਾਵਾਈ ਵਾਲੀ ਭਾਜਪਾ ਸਰਕਾਰ ਨਾਲ ਕਾਫੀ ਨੇੜਤਾ ਰਹੀ ਹੈ। ਪਤੰਜਲੀ ਦਾ ਮੁੱਖ ਟਿਕਾਣਾ ਉੱਤਰਾਖੰਡ ਵਿੱਚ ਹੈ। ਅਦਾਲਤ ਨੇ ਉੱਤਰਾਖੰਡ ਸਰਕਾਰ ਅਤੇ ਕੇਂਦਰ ਸਰਕਾਰ ਕੋਲੋਂ ਵੀ ਬਾਬਾ ਰਾਮਦੇਵ ਦੀਆਂ ਕਾਰਵਾਈਆਂ ਸੰਬੰਧੀ ਜਵਾਬ ਮੰਗਿਆ ਸੀ। ਇਸ ਸੰਬੰਧ ਵਿੱਚ ਦੋਨਾ ਸਰਕਾਰਾਂ ਨੇ ਆਪਣੇ

⇒ ਬਾਕੀ ਸਫਾ 11 ਉਤੇ ਪੜ੍ਹੋ

## ਮਮਤਾ ਸਟਾਈਲ ਸਿਆਸਤ ਲਈ ਪਰਖ ਦੀ ਘੜੀ




### ਕੇਜਰੀਵਾਲ ਦੀ ਜ਼ਮਾਨਤ ਰੱਦ, ਸੁਪਰੀਮ ਕੋਰਟ ’ਚ ਹੋਵੇਗੀ ਕੋਸ਼ਿਸ਼

**ਪੰਜਾਬੀ ਪਰਵਾਜ਼ ਬਿਊਰੋ**

ਮਮਤਾ ਬੈਨਰਜੀ ਦੀ ਸਿਆਸੀ ਸ਼ੈਲੀ ਹਮੇਸ਼ਾ ਵੱਖਰੀ ਰਹੀ ਹੈ। ਰਾਜ ਦੀ ਸੱਤਾ ਵਿੱਚ ਹੁੰਦਿਆਂ ਉਸ ਦਾ ਵਰਕਿੰਗ ਸਟਾਈਲ ਅਤੇ ਸੱਤਾ ਤੋਂ ਬਾਹਰ ਹੋਣ ਵੇਲੇ ਉਸ ਦੀ ਸੱਤਾ ਨਾਲ ਭਿੜ ਜਾਣ ਦੀ ਜੁਰਅਤ ਹਮੇਸ਼ਾ ਬੁਲੰਦ ਰਹੇ ਹਨ। ਸੱਤਾ ਵਿਹੂਣੇ ਦਿਨਾਂ ਵਿੱਚ ਜਦੋਂ ਉਸ ਨੇ ਪੱਛਮੀ ਬੰਗਾਲ ਵਿੱਚ ਕਮਿਊਨਿਸਟਾਂ ਦੀ ਸਰਕਾਰ ਨਾਲ ਟੱਕਰ ਲਈ ਤਾਂ ਵੇਖਣ ਵਾਲੇ ਨੂੰ ਲਗਦਾ ਸੀ ਕਿ ਇਹ ਬੜੀ ਸਖ਼ਤ ਜਾਨ ਔਰਤ ਹੈ, ਪਰ ਉਸ ਨੂੰ ਨਜ਼ਦੀਕ ਤੋਂ ਜਾਨਣ ਵਾਲੇ ਦੱਸਦੇ ਹਨ ਕਿ ਉਹ ਆਪਣੇ ਸਾਦਾ ਮੁਰਾਦੇ ਲਿਬਾਸ, ਰਹਿਣ ਸਹਿਣ ਅਤੇ ਘਰ-ਬਾਰ ਤੋਂ ਬਿਨਾ ਇਕ ਲੇਖਕ ਤੇ ਚਿਤਰਕਾਰ ਵਾਲਾ ਕੋਮਲ ਦਿਲ ਵੀ ਰੱਖਦੀ ਹੈ। ਛੋਟੇ ਜਿਹੇ ਘਰ ਵਿੱਚ ਇਕੱਲੀ ਰਹਿੰਦੀ ਹੈ ਅਤੇ ਆਪਣਾ ਸਾਰਾ ਕੁਝ ਸਿਆਸਤ ਨੂੰ ਸਮਰਪਿਤ ਹੈ। ਇਸੇ ਲਈ ਸ਼ਾਇਦ ਨਾਜ਼ੁਕ ਅਤੇ ਸੰਕਟ ਵਾਲੇ ਸਮਿਆਂ ‘ਤੇ ਤੇਜ਼ੀ ਨਾਲ ਫੈਸਲੇ ਕਰਨ ਅਤੇ ਲੋਕਾਂ ਦੀ ਹਮਦਰਦੀ ਜਿੱਤਣ ਦੇ ਮਾਮਲੇ ਵਿੱਚ ਵੱਡੇ ਤੋਂ ਵੱਡੇ ਘਾਗ

⇒ ਬਾਕੀ ਸਫਾ 4 ਉਤੇ ਪੜ੍ਹੋ




# ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਤਿੱਖਾ ਹੋਇਆ

***ਪਿੰਡਾਂ-ਸੱਥਾਂ ਵਿੱਚ ਫਲੈਕਸਾਂ, ਪੋਸਟਰ ਚਮਕਣ ਲੱਗੇ *ਸੰਯੁਕਤ ਕਿਸਾਨ ਮੋਰਚੇ ਦੀ ਜਗਰਾਓਂ ਵਿੱਚ ਕਾਨਫਰੰਸ 21 ਨੂੰ**

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਅਤੇ ਹਰਿਆਣਾ ਵਿੱਚ ਕਿਸਾਨਾਂ ਵੱਲੋਂ ਭਾਰਤੀ ਜਨਤਾ ਪਾਰਟੀ ਦਾ ਕੀਤਾ ਜਾ ਰਿਹਾ ਵਿਰੋਧ ਪਾਰਟੀ ਲਈ ਸਿਰਦਰਦੀ ਬਣਦਾ ਜਾ ਰਿਹਾ ਹੈ। ਜਿਉਂ-ਜਿਉਂ ਚੋਣਾਂ ਨੇੜੇ ਆ ਰਹੀਆਂ ਹਨ, ਕਿਸਾਨਾਂ ਦਾ ਇਹ ਵਿਰੋਧ ਹੋਰ ਤਿੱਖਾ ਹੋ ਰਿਹਾ ਹੈ। ਬੀਤੇ ਦਿਨੀਂ ਦੂਰ ਦੱਖਣ ਦੇ ਰਾਜ ਤਾਮਿਲਨਾਡੂ ਵਿੱਚ ਜਾ ਕੇ ਵੀ ਕਿਸਾਨਾਂ ਨੇ ਪ੍ਰਦਰਸ਼ਨ ਕੀਤਾ। ਇਸ ਕਾਰਨ ਪੰਜਾਬ ਦੇ ਕਿਸਾਨ ਆਗੂਆਂ ਦੀ ਗ੍ਰਿਫਤਾਰੀ ਵੀ ਹੋਈ। ਉਂਝ ਮੌਸਮ ਇਸ ਵਾਰ ਕਿਸਾਨਾਂ 'ਤੇ ਮਿਹਰਬਾਨ ਵਿਖਾਈ ਦਿੰਦਾ ਹੈ। ਭਾਵੇਂ ਮਾਰਚ ਦੇ ਅਖੀਰਲੇ ਦਿਨਾਂ ਵਿੱਚ ਪੱਛਮੀ ਗੜਬੜੀ ਕਾਰਨ ਹੋਈ ਗੜੇਮਾਰੀ, ਬਾਰਸ਼ ਅਤੇ ਝੱਖੜ ਨਾਲ ਪੰਜਾਬ ਦੇ ਕੁਝ ਖੇਤਰਾਂ ਵਿੱਚ ਕਣਕਾਂ ਨੁਕਸਾਨੀਆਂ ਗਈਆਂ, ਪਰ ਪੰਜਾਬ ਦੇ ਬਹੁਤੇ ਹਿੱਸੇ ਵਿੱਚ ਇਸ ਵਾਰ ਕਣਕ ਦੀ ਭਰਵੀਂ ਫਸਲ ਖਲੋਤੀ ਹੈ। ਮਾਰਚ ਦੇ ਅਖੀਰ ਤੱਕ ਰਹੀ ਸਰਦੀ ਨੇ ਕਣਕ ਨੂੰ ਕੁੱਲ ਮਿਲਾ ਕੇ ਫਾਇਦਾ ਪਹੁੰਚਾਇਆ ਹੈ। ਖੇਤੀ ਮਾਹਿਰਾਂ ਅਨੁਸਾਰ ਇਸ ਵਾਰ ਕਣਕ ਦਾ ਝਾੜ ਪਿਛਲੇ ਤਿੰਨ ਸਾਲਾਂ ਨਾਲੋਂ ਜ਼ਿਆਦਾ ਰਹੇਗਾ। ਇਸ ਵਾਰ ਪੰਜਾਬ ਵਿੱਚ 161 ਲੱਖ ਟਨ ਕਣਕ ਹੋਣ ਦੀ ਉਮੀਦ ਹੈ, ਜਦਕਿ ਪਿਛਲੇ ਸਾਲਾਂ ਵਿੱਚ ਮਾਰਚ ਮਹੀਨੇ 'ਚ ਜ਼ਿਆਦਾ ਗਰਮੀ ਪੈ ਜਾਣ ਕਾਰਨ ਕਣਕ ਦਾ ਦਾਣਾ ਸੁੰਗੜ ਜਾਂਦਾ ਰਿਹਾ ਹੈ। ਜੇ ਕੁਝ ਹੋਰ ਦਿਨ ਪੰਜਾਬ ਅਤੇ ਉੱਤਰੀ ਭਾਰਤ ਦਾ ਮੌਸਮ ਠੀਕ-ਠਾਕ ਰਹਿੰਦਾ ਹੈ ਤਾਂ ਲਾਜ਼ਮੀ ਹੀ ਇਸ ਖਿੱਤੇ ਵਿੱਚ ਕਣਕ ਦੀ ਭਰਵੀਂ ਆਮਦ ਹੋਵੇਗੀ। ਇਸ ਵਾਰ ਪ੍ਰਾਈਵੇਟ ਵਪਾਰੀ ਵੀ ਮੰਡੀਆਂ ਵਿੱਚੋਂ ਕਣਕ ਜ਼ਿਆਦਾ ਖਰੀਦਣਗੇ ਅਤੇ ਕਣਕ ਦੀ ਫਸਲ ਸਰਕਾਰ ਵੱਲੋਂ ਮਿੱਥੇ ਭਾਅ ਤੋਂ ਉੱਪਰ ਵਿਕਣ ਦੀ ਵੀ ਉਮੀਦ ਹੈ। ਸਰਕਾਰ ਵੱਲੋਂ ਕਣਕ ਦਾ ਭਾਅ 2275 ਰੁਪਏ ਕੁਇੰਟਲ ਮਿੱਥਿਆ ਗਿਆ ਹੈ। ਸਰਕਾਰੀ ਗੁਦਾਮਾਂ ਵਿੱਚ ਵੀ ਕਣਕ ਦੀ ਤੋਟ ਵਿਖਾਈ ਦੇਣ ਲੱਗੀ ਹੈ। ਇਸ ਤੋਂ ਇਲਾਵਾ ਯੂਕਰੇਨ ਜੰਗ ਕਾਰਨ ਅੰਤਰਰਾਸ਼ਟਰੀ ਮੰਡੀ ਵਿੱਚ ਵੀ ਕਣਕ ਦੀ ਵਧੇਰੇ ਮੰਗ ਹੈ।

ਅਪ੍ਰੈਲ ਮਹੀਨੇ ਦੇ ਦਸ ਦਿਨ ਗੁਜ਼ਰ ਗਏ ਹਨ ਅਤੇ ਹਾਲੇ ਵੀ ਰਾਤਾਂ ਕਾਫੀ ਠੰਡੀਆਂ ਹੋ ਜਾਂਦੀਆਂ ਹਨ ਭਾਵੇਂ ਕਿ ਦਿਨ ਦਾ ਤਾਮਪਾਨ 35-36 ਡਿਗਰੀ ਸੈਲਸੀਅਸ ਨੂੰ ਪਹੁੰਚਣ ਲੱਗਾ ਹੈ। ਇਸ ਦੇ ਨਾਲ ਪੰਜਾਬ ਅਤੇ ਹਰਿਆਣਾ ਵਿੱਚ ਲੋਕ ਸਭਾ ਲਈ ਚੋਣ ਅਮਲ ਨੇ ਵੀ ਗਰਮੀ ਫੜਨੀ ਸ਼ੁਰੂ ਕੀਤੀ ਹੋਈ ਹੈ। ਪੰਜਾਬ ਵਿੱਚ 'ਆਪ' ਅਤੇ ਭਾਜਪਾ ਨੇ ਆਪਣੇ ਉਮੀਦਵਾਰ ਐਲਾਨਣ ਦੀ ਪਹਿਲਕਦਮੀ ਕੀਤੀ ਹੈ ਅਤੇ ਕਿਸਾਨ ਜਥੇਬੰਦੀਆਂ ਭਾਰਤੀ ਜਨਤਾ ਪਾਰਟੀ ਦਾ ਜ਼ੋਰਦਾਰ ਵਿਰੋਧ ਕਰ ਰਹੀਆਂ ਹਨ। ਲੰਘੀ 7 ਅਪ੍ਰੈਲ ਨੂੰ ਉਗਰਾਹਾਂ ਗਰੁੱਪ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਸਮੇਤ ਵੱਖ-ਵੱਖ ਕਿਸਾਨ ਸੰਗਠਨਾਂ ਨੇ ਪਟਿਆਲਾ ਲੋਕ ਸਭਾ ਹਲਕੇ ਵਿੱਚ ਪੈਂਦੇ ਕਸਬੇ ਪਾਤੜਾਂ ਅਤੇ ਨਾਭਾ ਵਿਖੇ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦਾ ਜ਼ੋਰਦਾਰ ਵਿਰੋਧ ਕੀਤਾ। ਕਿਸਾਨ ਸੰਗਠਨਾਂ ਨੇ ਭਾਜਪਾ ਉਮੀਦਵਾਰ ਨੂੰ ਕਾਲੀਆਂ ਝੰਡੀਆਂ ਵਿਖਾਈਆ ਅਤੇ ਉਨ੍ਹਾਂ ਖਿਲਾਫ ਨਾਅਰੇਬਾਜ਼ੀ ਕੀਤੀ। ਹਾਲਤ ਇਹ ਬਣੀ ਕਿ ਬੀਬੀ ਪ੍ਰਨੀਤ ਕੌਰ ਨੂੰ ਇਹ ਆਖ ਕੇ ਖਹਿੜਾ ਛੁਡਾਉਣਾ ਪਿਆ ਕਿ ਉਹ ਪਾਰਲੀਮੈਂਟ ਵਿੱਚ ਦਾਖਲ ਹੋਣ ਤੋਂ ਬਾਅਦ ਸਰਕਾਰ ਕੋਲ ਕਿਸਾਨਾਂ ਦੀ ਵਕੀਲ ਬਣ ਕੇ ਕੰਮ ਕਰੇਗੀ।

ਖ਼ਾਸ ਕਰਕੇ ਮਾਲਵੇ ਦੇ ਪਿੰਡਾਂ ਵਿੱਚ ਕਿਸਾਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਫਲੈਕਸਾਂ ਅਤੇ ਪੋਸਟਰ ਵਗੈਰਾ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਪੋਸਟਰਾਂ ਵਿੱਚ ਭਾਜਪਾ ਆਗੂਆਂ ਨੂੰ ਚੋਣ ਪ੍ਰਚਾਰ ਕਰਨ ਲਈ ਪਿੰਡਾਂ ਵਿੱਚ ਨਾ ਆਉਣ ਲਈ ਕਿਹਾ ਜਾ ਰਿਹਾ ਹੈ। ਮਾਲਵੇ ਵਿੱਚ ਸੰਗਰੂਰ-ਸੁਨਾਮ ਆਦਿ ਖੇਤਰਾਂ ਵਿੱਚ ਵੀ ਕਿਸਾਨ ਜਥੇਬੰਦੀਆਂ ਵੱਲੋਂ ਬੀ.ਜੇ.ਪੀ. ਨੂੰ ਪਿੰਡਾਂ ਵਿੱਚ ਵੜਨ ਤੋਂ ਰੋਕਣ ਲਈ ਪੋਸਟਰ ਅਤੇ ਫਲੈਕਸਾਂ ਵਗੈਰਾ ਲਗਾਈਆਂ ਗਈਆਂ ਹਨ। ਇਸ ਤੋਂ ਇਲਾਵਾ ਲੋਕ ਸਭਾ ਹਲਕਾ ਬਠਿੰਡਾ ਦੇ ਭੁੱਚੋ ਖੁਰਦ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਪੋਸਟਰ ਤੇ ਫਲੈਕਸਾਂ ਵਗੈਰਾ ਲਗਾਏ ਗਏ ਹਨ। ਪ੍ਰਸਿੱਧ ਪੰਜਾਬੀ ਗਾਇਕ ਅਤੇ ਫਰੀਦਕੋਟ ਤੋਂ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਲਈ ਉਮੀਦਵਾਰ ਹੰਸ ਰਾਜ ਹੰਸ ਦਾ ਵੀ ਕਿਸਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਲੰਘੀ ਚਾਰ ਅਪ੍ਰੈਲ ਨੂੰ ਜਦੋਂ ਉਨ੍ਹਾਂ ਨੇ ਫਰੀਦਕੋਟ ਵਿੱਚ ਪਹਿਲੀ ਹੀ ਫੇਰੀ ਪਾਈ ਤਾਂ ਕਿਸਾਨਾਂ ਵਲੋਂ ਹਰ ਚੌਕ ਵਿੱਚ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਕਿਸਾਨਾਂ ਵੱਲੋਂ ਜਿੱਥੇ ਉਨ੍ਹਾਂ ਦਾ ਕਾਫਲਾ ਰੋਕਿਆ ਗਿਆ, ਉਥੇ ਉਨ੍ਹਾਂ ਨੂੰ ਫਰੀਦਕੋਟ ਵਿੱਚੋਂ ਵਾਪਸ ਜਾਣ ਲਈ ਵੀ ਆਖਿਆ ਗਿਆ। ਕਿਸਾਨਾਂ ਵੱਲੋਂ ਹੰਸ ਨੂੰ ਕਾਲੀਆਂ ਝੰਡੀਆਂ ਵੀ ਵਿਖਾਈਆਂ ਗਈਆਂ। ਆਪਣੇ ਕਿਸਾਨ ਵਿਰੋਧ ਨੂੰ ਵੇਖਦਿਆਂ ਹੰਸ ਰਾਜ ਨੇ ਵੀ ਦਲੀਲ ਦਿੱਤੀ ਹੈ ਕਿ ਉਹ ਇੱਥੋਂ ਮੈਂਬਰ ਪਾਰਲੀਮੈਂਟ ਚੁਣੇ ਜਾਣ ਤੋਂ ਬਾਅਦ ਕਿਸਾਨਾਂ ਅਤੇ ਸਰਕਾਰ ਵਿਚਾਲੇ ਪੁਲ ਬਣਨਗੇ।



ਮਾਲਵੇ ਵਾਂਗ ਹੀ ਮਾਝੇ ਵਿੱਚ ਵੀ ਕਿਸਾਨਾਂ ਵੱਲੋਂ ਭਾਰਤੀ ਜਨਤਾ ਪਾਰਟੀ ਦਾ ਵਿਰੋਧ ਕੀਤੇ ਜਾਣ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਇਹ ਵਿਰੋਧ ਮੁੱਖ ਤੌਰ 'ਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਇਹ ਜਥੇਬੰਦੀ ਪੰਜਾਬ-ਹਰਿਆਣਾ ਦੇ ਬਾਰਡਰਾਂ 'ਤੇ ਚਲਾਏ ਜਾ ਰਹੇ ਕਿਸਾਨ ਸੰਘਰਸ਼ ਦਾ ਹਿੱਸਾ ਹੈ। ਜਥੇਬੰਦੀ ਦੇ ਆਗੂ ਸਰਵਨ ਸਿੰਘ ਪੰਧੇਰ ਨੇ ਦੱਸਿਆ ਕਿ ਭਾਜਪਾ ਉਮੀਦਵਾਰਾਂ ਦੇ ਵਿਰੋਧ ਲਈ ਪੋਸਟਰ, ਫਲੈਕਸਾਂ ਅਤੇ ਬੈਨਰ ਵਗੈਰਾ ਵੀ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਚੋਣ ਫੇਰੀ ਦੌਰਾਨ ਕਿਸਾਨਾਂ ਅਤੇ ਨੌਜੁਆਨਾਂ ਵੱਲੋਂ ਭਾਜਪਾ ਆਗੂਆਂ ਨੂੰ ਸਵਾਲ ਕੀਤੇ ਜਾਣਗੇ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਹੈ ਕਿ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਭਰ ਵਿੱਚ ਕਿਸਾਨਾਂ ਵੱਲੋਂ ਭਾਰਤੀ ਜਨਤਾ ਪਾਰਟੀ ਨੂੰ ਇਹ ਸਵਾਲ ਕੀਤੇ ਜਾਣਗੇ ਕਿ ਐਮ.ਐਸ.ਪੀ. ਦੀ ਗਾਰੰਟੀ ਦੀ ਮੰਗ ਪੂਰੀ ਕਿਉਂ ਨਹੀਂ ਕੀਤੀ ਗਈ, ਕਰਜ਼ਾ ਮੁਆਫ ਕਿਉਂ ਨਹੀਂ ਕੀਤਾ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਕਿਉਂ ਨਹੀਂ ਲਾਗੂ ਕੀਤੀ ਗਈ। ਡੱਲੇਵਾਲ ਵੱਲੋਂ ਹਰਿਆਣਾ ਵਿੱਚ ਵਾਟਰ ਕੈਨਨ ਵਾਲੇ ਨਵਦੀਪ ਸਿੰਘ ਸਮੇਤ ਬਹੁਤ ਸਾਰੇ ਕਿਸਾਨਾਂ ਦੀ ਕੀਤੀ ਗਈ ਗ੍ਰਿਫਤਾਰੀ ਦਾ ਵੀ ਵਿਰੋਧ ਕੀਤਾ ਜਾ ਰਿਹਾ ਹੈ। ਮਨਦੀਪ ਨੂੰ ਪਿਛਲੇ ਕਿਸਾਨ ਸੰਘਰਸ਼ ਵੇਲੇ ਮਨੀ ਲਾਂਡਰਿੰਗ ਰਾਹੀਂ ਬਾਹਰਲੇ ਮੁਲਕਾਂ ਤੋਂ ਆਏ ਪੈਸੇ ਦੇ ਕਥਿਤ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਦਰਮਿਆਨ ਦੂਜੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਆਪਣੀ ਇੱਕ ਪ੍ਰੈਸ ਕਾਨਫਰੰਸ ਵਿੱਚ ਸਾਫ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਗੱਠਜੋੜ ਵਿੱਚ ਦੇਸ਼ ਭਰ ਦੀਆਂ ਤਕਰੀਬਨ 100 ਜਥੇਬੰਦੀਆਂ ਸ਼ਾਮਲ ਹਨ। ਇਸ ਲਈ ਪੰਜਾਬ ਅਤੇ ਹਰਿਆਣਾ ਸਮੇਤ ਸਾਰੇ ਦੇਸ਼ ਵਿੱਚ ਭਾਜਪਾ ਦੀ ਚੋਣ ਮੁਹਿੰਮ ਦਾ ਵਿਰੋਧ ਕੀਤਾ ਜਾਵੇਗਾ ਅਤੇ ਇਸ ਤੋਂ ਤਿੱਖੇ ਸਵਾਲ ਪੁੱਛੇ ਜਾਣਗੇ। ਇਸ ਮਕਸਦ ਲਈ ਦੇਸ਼ ਭਰ ਵਿੱਚ ਮਹਾਂ ਪੰਚਾਇਤਾਂ ਵੀ ਕੀਤੀਆਂ ਜਾਣਗੀਆਂ। ਇਸ ਕਿਸਾਨ ਮੋਰਚੇ ਵੱਲੋਂ 21 ਅਪ੍ਰੈਲ ਨੂੰ ਪੰਜਾਬ ਦੇ ਕਸਬਾ ਜਗਰਾਓਂ ਵਿੱਚ ਵੀ ਇਸ ਕਿਸਮ ਦਾ ਸਮਾਗਮ ਕੀਤਾ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਇੱਕ ਹੋਰ ਪ੍ਰੈਸ ਕਾਨਫਰੰਸ ਰਾਹੀਂ ਇਕ 11 ਨੁਕਾਤੀ ਸਵਾਲਨਾਮਾ ਵੀ ਜਾਰੀ ਕੀਤਾ ਗਿਆ ਹੈ। ਇਸ ਸੰਬੰਧ ਵਿੱਚ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਹ ਸਵਾਲਨਾਮੇ ਵਾਲੇ ਪੋਸਟਰ ਅਤੇ ਫਲੈਕਸ ਪਿੰਡਾਂ ਦੇ ਪ੍ਰਵੇਸ਼ ਦੁਆਰਾ ਅਤੇ ਹੋਰ ਪ੍ਰਮੁੱਖ ਥਾਵਾਂ 'ਤੇ ਲਗਾਏ ਜਾਣਗੇ। ਕਿਸਾਨ ਸ਼ਾਂਤਮਈ ਰਹਿ ਕਿ ਪਿੰਡਾਂ ਵਿੱਚ ਆਉਣ ਵਾਲੇ ਉਮੀਦਵਾਰਾਂ ਨੂੰ ਸਵਾਲ ਕਰਨ।

ਇਸ ਦਰਮਿਆਨ ਹਰਿਆਣਾ ਦੀ ਇਕ ਕਿਸਾਨ ਜਥੇਬੰਦੀ 'ਪੱਗੜੀ ਸੰਭਾਲ ਜੱਟਾ ਕਿਸਾਨ ਸੰਘਰਸ਼ ਸੰਮਤੀ' ਵੱਲੋਂ ਬੀ.ਜੇ.ਪੀ. ਦੇ ਹਿਸਾਰ ਤੋਂ ਉਮੀਦਵਾਰ ਰਣਜੀਤ ਸਿੰਘ ਚੌਟਾਲਾ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ। ਹਰਿਆਣਾ ਵਿੱਚ ਭਾਜਪਾ ਦੀ ਹਮਾਇਤ ਨਾਲ ਬਣੇ ਰਹੇ ਸਾਬਕਾ ਡਿਪਟੀ ਚੀਫ ਮਨਿਸਟਰ ਦੁਸ਼ਿਅੰਤ ਚੌਟਾਲਾ ਦਾ ਵੀ ਹਿਸਾਰ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਾਣ 'ਤੇ ਜ਼ੋਰਦਾਰ ਵਿਰੋਧ ਕੀਤਾ ਗਿਆ। ਹਰਿਆਣਾ ਦਾ ਜਾਟ ਭਾਈਚਾਰਾ ਰਾਜਨੀਤਿਕ ਰੂਪ ਵਿੱਚ ਵੀ ਭਾਜਪਾ ਸਰਕਾਰ ਨਾਲ ਨਾਰਾਜ਼ ਹੈ, ਕਿਉਂਕਿ ਭਾਜਪਾ ਗੈਰ-ਜਾਟ ਜਾਤੀਆਂ ਨੂੰ ਪਹਿਲ ਦੇ ਰਹੀ ਹੈ।

ਅਸਲ ਵਿੱਚ ਪਿਛਲੇ ਦਿਨੀਂ ਪੰਜਾਬ-ਹਰਿਆਣਾ ਦੇ ਬਾਰਡਰਾਂ 'ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਵੱਲੋਂ ਚਲਾਏ ਜਾ ਰਹੇ ਕਿਸਾਨ ਅੰਦੋਲਨ 'ਤੇ ਕੀਤੇ ਗਏ ਤਸ਼ੱਦਦ ਨੇ ਕਿਸਾਨਾਂ ਦੇ ਭਾਜਪਾ ਖਿਲਾਫ ਰੋਹ ਨੂੰ ਵਧੇਰੇ ਪ੍ਰਚੰਡ ਕਰ ਦਿੱਤਾ ਹੈ। ਕਿਸਾਨ ਸੰਗਠਨਾਂ ਦੀ ਦਲੀਲ ਹੈ ਕਿ ਜਦੋਂ ਭਾਜਪਾ ਸਰਕਾਰ ਕਿਸਾਨਾਂ ਨੂੰ ਆਪਣੇ ਰੋਸ ਪ੍ਰਦਰਸ਼ਨਾਂ ਲਈ ਦਿੱਲੀ ਨਹੀਂ ਜਾਣ ਦੇ ਰਹੀ ਤਾਂ ਅਸੀਂ ਉਸ ਨੂੰ ਚੋਣ ਪ੍ਰਚਾਰ ਲਈ ਪਿੰਡਾਂ ਵਿੱਚ ਵੜਨ ਦੀ ਇਜਾਜ਼ਤ ਨਹੀਂ ਦਿਆਂਗੇ। ਯਾਦ ਰਹੇ, ਹਰਿਆਣਾ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿੱਚ ਖਨੌਰੀ ਬਾਰਡਰ 'ਤੇ ਬਠਿੰਡਾ ਜ਼ਿਲ੍ਹਾ ਦੇ ਇੱਕ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਸੀ ਅਤੇ ਇੱਕ ਹੋਰ ਕਿਸਾਨ ਪ੍ਰੀਤਪਾਲ ਸਿੰਘ ਨੂੰ ਹਰਿਆਣਾ ਪੁਲਿਸ ਚੁੱਕ ਕੇ ਲੈ ਗਈ ਸੀ ਤੇ ਉਸ 'ਤੇ ਘੋਰ ਤਸ਼ੱਦਦ ਕੀਤਾ ਗਿਆ। ਇਸ ਕਾਰਨ ਇਸ ਨੌਜੁਆਨ ਦੀਆਂ ਬਹੁਤ ਸਾਰੀਆਂ ਹੱਡੀਆਂ ਟੁੱਟ ਗਈਆਂ ਸਨ। ਇਸ ਤੋਂ ਇਲਾਵਾ 200 ਕਿਸਾਨ ਜ਼ਖਮੀ ਵੀ ਹੋਏ ਅਤੇ ਕੁਝ ਦੀ ਨਜ਼ਰ ਵੀ ਚਲੀ ਗਈ।

ਬਣ ਰਹੀ ਇਸ ਸਾਰੀ ਸਥਿਤੀ ਬਾਰੇ ਭਾਰਤੀ ਜਨਤਾ ਪਾਰਟੀ ਦਾ ਆਖਣਾ ਹੈ ਕਿ ਕਿਸਾਨ ਜਥੇਬੰਦੀਆਂ ਰਾਜਨੀਤੀ ਕਰ ਰਹੀਆਂ ਹਨ।

DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience
HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

ਬਿਜ਼ਨੈਸ ਲੋਨ SBA Financing & Business Loans ਬਿਜ਼ਨੈਸ ਲੋਨ

*Most business types are eligible even those turned down by other lenders due to credit issues, limited collateral, or other financing barriers*

- Purchase, rehab or refinance commercial real estate
- Buy or start a business
- Working capital / Inventory
- Open a new location
- Consolidate debt or merchant cash advances

- Commercial & Industrial Equipment
- Trucking, Transportation Equipment
- Gas, Convenience Store, and Car Wash Equipment
- Hospitality, Restaurant & Kitchen Equipment
- Healthcare, Medical, Dental & Veterinary Equipment
- Agriculture & Farm Equipment

PRIME GROWTH FUNDS
info@PrimeGrowthFunds.com
(224) 479-1455

✓Fast approvals ✓All credit scores - even bad credit ✓No Prepay Penalty Options
✓Best loans for your current needs and situation

https://www.PrimeGrowthFunds.com

# ਕਾਂਗਰਸ ਦਾ ਚੋਣ ਮੈਨੀਫੈਸਟੋ ਸਿਆਸੀ ਬਹਿਸ ਦਾ ਕੇਂਦਰ ਬਣਿਆ

**ਪੰਜਾਬੀ ਪਰਵਾਜ਼ ਬਿਊਰੋ**

***ਪਾਰਟੀ ਨੇ ਆਰਥਕ ਸਿਆਸੀ ਮਸਲਿਆਂ ’ਤੇ ਕੀਤੀ ਚੋਣ ਮਹਿੰਮ ਕੇਂਦਰਤ**

ਕਾਂਗਰਸ ਪਾਰਟੀ ਵੱਲੋਂ ਲੰਘੀ 6 ਅਪ੍ਰੈਲ ਨੂੰ ਚੋਣ ਮੈਨੀਫੈਸਟੋ ਜਾਰੀ ਕਰ ਦਿੱਤਾ ਗਿਆ ਹੈ। ਇਸ ਦੇ ਜਾਰੀ ਹੋਣ ਦੇ ਨਾਲ ਹੀ ਐਨ.ਡੀ.ਏ. ਅਤੇ ਇੰਡੀਆ ਗੱਠਜੋੜ ਵਿਚਾਲੇ ਚੋਣ ਸਰਗਰਮੀ ਤੇਜ਼ ਹੋ ਗਈ ਹੈ। ਕੁਝ ਕੁ ਦਿਨ ਪਹਿਲਾਂ ਤੱਕ ਚੋਣ ਪ੍ਰਚਾਰ ਵਿੱਚ ਪਛੜਦੀ ਵਿਖਾਈ ਦੇ ਰਹੀ ਕਾਂਗਰਸ ਪਾਰਟੀ ਆਪਣਾ ਚੋਣ ਦਸਤਾਵੇਜ ਜਾਰੀ ਕਰਨ ਦੇ ਮਾਮਲੇ ’ਚ ਭਾਜਪਾ ਤੇ ਕਈ ਹੋਰ ਪਾਰਟੀਆਂ ਦੇ ਮੁਕਾਬਲੇ ਲੀਡ ਲੈ ਗਈ ਹੈ। ਇਸ ਚੋਣ ਮੈਨੀਫੈਸਟੋ ਦੇ ਨਾਲ ਹੀ ਕਾਂਗਰਸ ਅਤੇ ਇੰਡੀਆ ਗੱਠਜੋੜ ਦੀ ਚੋਣ ਸਰਗਰਮੀ ਅਖ਼ਬਾਰੀ ਸੁਰਖੀਆਂ ਵਿੱਚ ਦਿਸਣ ਲੱਗੀ ਹੈ। ਇੱਕ ਪਾਸੇ ਜਿੱਥੇ ਭਾਜਪਾ ਵੱਲੋਂ ਆਪਣੀ ਸਾਰੀ ਚੋਣ ਮੁਹਿੰਮ ਵਿਕਾਸ, ਰਾਮ ਮੰਦਰ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਧਾਰਮਿਕ ਧਰੁਵੀਕਰਨ ‘ਤੇ ਕੇਂਦਰਿਤ ਕੀਤੀ ਜਾ ਰਹੀ ਹੈ, ਉਥੇ ਕਾਂਗਰਸ ਪਾਰਟੀ ਚੋਣ ਮੁੱਦਿਆਂ ਨੂੰ ਲੋਕਾਂ ਦੇ ਆਰਥਿਕ ਸਿਆਸੀ ਮਸਲਿਆਂ ‘ਤੇ ਕੇਂਦਰਿਤ ਕਰਨ ਦਾ ਯਤਨ ਕਰ ਰਹੀ ਹੈ। ਕਾਂਗਰਸ ਪਾਰਟੀ ਵੱਲੋਂ ਆਪਣੇ ਮੈਨੀਫੈਸਟੋ ਵਿੱਚ ਅਜਿਹੇ ਮੁੱਦਿਆਂ ਨੂੰ ਹੀ ਆਪਣੇ ਮੁੱਖ ਏਜੰਡੇ ਬਣਾਇਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਦੇ ਮੈਨੀਫੈਸਟੋ ‘ਤੇ ਹਮਲਾ ਕਰਦਿਆਂ ਕਿਹਾ ਹੈ ਕਿ ਇਸ ਮੈਨੀਫੈਸਟੋ ’ਤੇ ਮੁਸਲਿਮ ਲੀਗ ਦੀ ਛਾਪ ਹੈ। ਸੋ, ਸਪਸ਼ਟ ਹੈ ਕਿ ਭਾਜਪਾ ਦੇ ਇਸ ਹਮਲੇ ਵਿੱਚ ਧਾਰਮਿਕ ਧਰੁਵੀਕਰਨ ਦਾ ਮਕਸਦ ਛੁਪਿਆ ਹੋਇਆ ਹੈ। ਕਾਂਗਰਸ ਪਾਰਟੀ ਦਾ ਚੋਣ ਮੈਨੀਫੈਸਟੋ ਨਿਆਂ ਦੇ ਪੰਜ ਥੰਮ੍ਹਾਂ ਅਤੇ ਇਸ ‘ਤੇ ਅਧਾਰਤ 25 ਗਾਰੰਟੀਆਂ ‘ਤੇ ਆਧਾਰਤ ਕੀਤਾ ਗਿਆ ਹੈ।

ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਲੋਕਾਂ ਨਾਲ ਵਾਅਦਾ ਕੀਤਾ ਹੈ ਕਿ ਗਰੀਬ ਔਰਤਾਂ ਨੂੰ ਹਰ ਸਾਲ ਇੱਕ ਲੱਖ ਰੁਪਏ ਦਿੱਤੇ ਜਾਇਆ ਕਰਨਗੇ। ਭਾਜਪਾ ਸਰਕਾਰ ਵੱਲੋਂ ਲਿਆਂਦੀ ਗਈ ਅਗਨੀ ਪਥ ਸਕੀਮ ਰੱਦ ਕੀਤੀ ਜਾਵੇਗੀ ਅਤੇ ਫੌਜ ਵਿੱਚ ਪਹਿਲਾਂ ਵਾਂਗ ਹੀ ਰੈਗੂਲਰ ਭਰਤੀ ਕੀਤੀ ਜਾਵੇਗੀ। ਕਾਂਗਰਸ ਦੇ ਚੋਣ ਮਨੋਰਥ ਪੱਤਰ ’ਚ ਵਾਅਦਾ ਕੀਤਾ ਗਿਆ ਹੈ ਕਿ ਜੰਮੂ ਅਤੇ ਕਸ਼ਮੀਰ ਨੂੰ ਰਾਜ ਦਾ ਦਰਜਾ ਮੁੜ ਬਹਾਲ ਕੀਤਾ ਜਾਵੇਗਾ। ਜਾਤ ਆਧਾਰਤ ਰਿਜ਼ਰਵੇਸ਼ਨ ਤੋਂ 50% ਕੋਟੇ ਵਾਲਾ ਕੈਪ ਹਟਾ ਦਿੱਤਾ ਜਾਵੇਗਾ ਤੇ ਵਿਦਿਆਰਥੀਆਂ ਵੱਲੋਂ ਲਿਆ ਗਿਆ ਸਾਰਾ ਲੋਨ ਮੁਆਫ ਕਰ ਦਿੱਤਾ ਜਾਵੇਗਾ। ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਈ ਜਾਵੇਗੀ ਅਤੇ ਸੇਮ ਸੈਕਸ ਜੋੜਿਆਂ ਲਈ ਨਾਗਰਿਕ ਅਧਿਕਾਰਾਂ ਨੂੰ ਮੁੜ ਬਹਾਲ ਕੀਤਾ ਜਾਵੇਗਾ। ਮਨੀਪੁਰ ਹਿੰਸਾ ਲਈ ਕਥਿਤ ਤੌਰ ‘ਤੇ ਜ਼ਿੰਮੇਵਾਰ ਭਾਜਪਾ ਸਰਕਾਰ ਨੂੰ ਹਟਾਇਆ ਜਾਵੇਗਾ। ਦਲ ਬਦਲੀ ਨੂੰ ਡਿਸਕੁਆਲੀਫਿਕੇਸ਼ਨ ਰਾਹੀਂ ਸਜ਼ਾਯੋਗ ਬਣਾਇਆ ਜਾਵੇਗਾ।

ਇਸ ਤੋਂ ਇਲਾਵਾ ਸੀਨੀਅਰ ਜੱਜਾਂ ਦੀ ਸਲਾਹ ਨਾਲ ਨੈਸ਼ਨਲ ਜੁਡੀਸ਼ੀਅਲ ਕਮਿਸ਼ਨ ਸਥਾਪਤ ਕਰਨ ਦੀ ਗੱਲ ਵੀ ਚੋਣ ਮੈਨੀਫੈਸਟੋ ਵਿੱਚ ਕਹੀ ਗਈ ਹੈ। ਦਿੱਲੀ ਨੂੰ ਸੰਪੂਰਨ ਰਾਜ ਦਾ ਦਰਜਾ ਦੇਣ ਸਬੰਧੀ ਕਾਨੂੰਨ ਵਿੱਚ ਸੋਧ, ਚੀਨ ਵਾਲੇ ਬਾਰਡਰ ‘ਤੇ ਸਟੇਟਸ ਕੋਅ ਲਾਗੂ ਕੀਤੇ ਜਾਣ ਦਾ ਵਾਅਦਾ ਕੀਤਾ ਗਿਆ ਹੈ। ਪਾਰਲੀਮੈਂਟਾਂ ਦੇ ਦੋਵੇਂ ਸਦਨਾਂ ਦੇ ਸਪੀਕਰਾਂ ਨੂੰ ਪਾਰਟੀ ਸਿਆਸਤ ਤੋਂ ਨਿਰਲੇਪ ਰਹਿਣ ਦਾ ਪ੍ਰਬੰਧ ਕੀਤਾ ਜਾਵੇਗਾ। ਕਿਸਾਨਾਂ ਲਈ ਸਭ ਤੋਂ ਪ੍ਰਮੁੱਖ ਵਾਅਦਾ ਇਹ ਹੈ ਕਿ ਐਮ.ਐਸ.ਪੀ. ਨੂੰ ਕਾਨੂੰਨੀ ਗਾਰੰਟੀ ਦਿੱਤੀ ਜਾਵੇਗੀ। ਯਾਦ ਰਹੇ, ਸ਼ੰਭੂ ਅਤੇ ਖਨੌਰੀ ਬਾਰਡਰਾਂ ‘ਤੇ ਸ਼ੰਘਰਸ ਕਰ ਰਹੇ ਕਿਸਾਨਾਂ ਦੀ ਪ੍ਰਮੁੱਖ ਰੂਪ ਵਿੱਚ ਇਹੋ ਮੰਗ ਹੈ। ਕੌਮੀ ਰਾਜਧਾਨੀ ਐਕਟ ਦਿੱਲੀ ਸਰਕਾਰ ਵਿੱਚ ਸੋਧ ਕਰਨ ਦੀ ਗੱਲ ਵੀ ਕਹੀ ਗਈ ਹੈ। ਇਸ ਤੋਂ ਇਲਾਵਾ ਹਿੰਦੁਸਤਾਨ ਦੇ ਬੇਰੁਜ਼ਗਾਰ ਨੌਜੁਆਨਾਂ ਨੂੰ ਆਪਣੇ ਨਾਲ ਜੋੜਨ ਲਈ ਪਾਰਟੀ ਮੈਨੀਫੈਸਟੋ ਵਿੱਚ 30 ਲੱਖ ਨਵੀਆਂ ਸਰਕਾਰੀ ਭਰਤੀਆਂ ਦਾ ਵਾਅਦਾ ਕੀਤਾ ਗਿਆ ਹੈ। ਈ.ਵੀ.ਐਮ. ਮਸ਼ੀਨਾ ਖਿਲਾਫ ਉਠਦੇ ਰੋਹ ਨੂੰ ਹੱਲ ਕਰਨ ਲਈ ਵੀ.ਵੀ.ਪੈਟ ਦੀਆਂ ਪਰਚੀਆਂ ਦਾ ਮਿਲਾਨ ਈ.ਵੀ.ਐਮ. ਨਾਲ ਕਵਾਉਣ ਦਾ ਵਾਅਦਾ ਵੀ ਕੀਤਾ ਗਿਆ ਹੈ। ਪੇਂਡੂ ਮਜ਼ਦੂਰਾਂ ਲਈ ਮਨਰੇਗਾ ਦੀ ਦਿਹਾੜੀ 400 ਰੁਪਏ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਾਂਗਰਸ ਪਾਰਟੀ ਨੇ ਆਪਣੀ ਚੋਣ ਮੁਹਿੰਮ ਪੂਰੀ ਤਰ੍ਹਾਂ ਲੋਕਾਂ ਦੇ ਆਰਥਿਕ-ਸਿਆਸੀ ਮਸਲਿਆਂ ‘ਤੇ ਕੇਂਦਰਤ ਕਰ ਲਈ ਹੈ। ਇਹੋ ਮਸਲੇ ਹਨ, ਜਿਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੇ ਰਾਜ ਦੇ ਦਸ ਸਾਲਾਂ ਵਿੱਚ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਸਤਾਇਆ ਹੈ। ਇਸੇ ਕਰਕੇ ਤਕਰੀਬਨ ਪੂਰੇ ਦੇਸ਼ ਦੇ ਲੋਕ, ਖਾਸ ਕਰਕੇ ਨੌਜੁਆਨ ਨਾਖੁਸ਼ ਅਤੇ ਨਿਰਾਸ਼ ਹਨ। ਅਜਿਹੀ ਰਿਪੋਰਟ ਕੁਝ ਦਿਨ ਪਹਿਲਾਂ ਕੁਝ ਅੰਤਰਰਾਸ਼ਟਰੀ ਸੰਸਥਾਵਾਂ ਨੇ ਵੀ ਜਾਰੀ ਕੀਤੀ ਸੀ। ਇਸ ਤੋਂ ਇਲਾਵਾ ਹਵਾ ਪਾਣੀ ਦੇ ਗੰਭੀਰ ਪ੍ਰਦੂਸ਼ਣ ਅਤੇ ਗਰੀਬੀ ਦੀ ਮਾਰ ਵੀ ਮੁਲਕ ਝੱਲ ਰਿਹਾ। ਹਿੰਦੁਸਤਾਨ ਦੇ 80 ਕਰੋੜ ਲੋਕ ਸਰਕਾਰ ਵੱਲੋਂ ਪ੍ਰਦਾਨ ਕੀਤੀ ਜਾਂਦੀ ਆਟਾ-ਦਾਲ ਸਕੀਮ ਦੇ ਆਸਰੇ ਦਿਨ ਕੱਟ ਰਹੇ ਹਨ। ਹਿੰਦੁਸਤਾਨ ਦੇ ਸਰਮਾਏ ਦੇ ਕੁਝ ਹੱਥਾਂ ਵਿੱਚ ਕੈਦ ਹੋ ਜਾਣ ਬਾਰੇ ਰਿਪੋਰਟ ਵੀ ਕੁਝ ਦਿਨ ਪਹਿਲਾਂ ਬਹੁਤ ਸਾਰੇ ਅਖਬਾਰਾਂ ਵਿੱਚ ਛਪੀ ਸੀ।

ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੇ ਗਏ ਇਸ ਆਰਥਿਕ ਸਿਆਸੀ ਪ੍ਰਵਚਨ ਦੇ ਦਰਮਿਆਨ ਭਾਰਤੀ ਜਨਤਾ ਪਾਰਟੀ ਵੱਲੋਂ ਵਾਰ-ਵਾਰ ਦਾਅਵਾ ਕੀਤਾ ਜਾ ਰਿਹਾ ਹੈ ਕਿ ਅੰਤਰਰਾਸ਼ਟਰੀ ਮੰਦੇ ਦਾ ਭਾਰਤ ਦੀ ਆਥਿਕਤਾ ‘ਤੇ ਬਹੁਤਾ ਅਸਰ ਨਹੀਂ ਪੈ ਰਿਹਾ ਅਤੇ ਵਿਕਾਸ ਦਰ 7% ਦੇ ਕਰੀਬ ਰਹਿ ਰਹੀ ਹੈ। ਇਸ ਤੋਂ ਇਲਾਵਾ ਸ਼ੇਅਰ ਮਾਰਕੀਟ ਵੀ ਤੰਦਰੁਸਤ ਰੁਝਾਨ ਵਿਖਾ ਰਹੀ ਹੈ, ਪਰ ਸਰਮਾਏ ਦੀ ਇਸ ਪੈਦਾਵਾਰ ਦਾ ਆਮ ਜਨਸਧਾਰਣ ਦੇ ਜੀਵਨ ‘ਤੇ ਬਹੁਤਾ ਅਸਰ ਵਿਖਾਈ ਨਹੀਂ ਦੇ ਰਿਹਾ। ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ ਸਮੇਤ ਦੱਖਣ ਏਸ਼ੀਆ ਦੇ ਲੋਕਾਂ ਦੀ ਇਹੋ ਸਮੱਸਿਆ ਹੈ ਕਿ ਆਰਥਿਕਤਾ ਦੇ ਵੱਡੇ ਸਾਧਨ ਕੁਝ ਕੁ ਹੱਥਾਂ ਵਿੱਚ ਕੇਂਦਰ ਹੋ ਰਹੇ ਹਨ ਅਤੇ ਦੂਜੇ ਪਾਸੇ ਗਾਜ਼ਾ ਅਤੇ ਯੂਕਰੇਨ ਜੰਗ ਕਾਰਨ ਸਾਰੀ ਦੁਨੀਆਂ ਦੀ ਆਰਥਿਕਤਾ ਮੰਦੇ ਵਾਲੇ ਪਾਸੇ ਜਾ ਰਹੀ ਹੈ।

ਅਜਿਹੀ ਸਥਿਤੀ ਵਿੱਚ ਕਾਂਗਰਸ ਪਾਰਟੀ ਦਾ ਚੋਣ ਮੈਨੀਫੈਸਟੋ ਸੱਚ-ਮੁੱਚ ਸਲਾਹੁਣਯੋਗ ਦਸਤਾਵੇਜ਼ ਹੈ; ਬਸ਼ਰਤੇ ਕਾਂਗਰਸ ਵੱਲੋਂ ਇਹ ਵਾਅਦੇ ਨਿਭਾਏ ਜਾਣ। ਸੱਤਾ ਹਾਸਲ ਹੋਣ ਤੋਂ ਬਾਅਦ ਅਕਸਰ ਹੀ ਸਰਕਾਰਾਂ ਆਪਣੇ ਵਾਅਦਿਆਂ ਤੋਂ ਮੁੱਕਰ ਜਾਂਦੀਆਂ ਹਨ। ਯਾਦ ਰਹੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਦੇਸ਼ੀ ਬੈਂਕਾਂ ਵਿੱਚ ਪਈ ਬਲੈਕ ਮਨੀ ਵਾਪਸ ਮੰਗਵਾ ਕੇ ਦੇਸ਼ ਦੇ ਹਰ ਨਾਗਰਿਕ ਨੂੰ 15-15 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ; ਪਰ ਸੱਤਾ ਮਿਲਣ ਤੋਂ ਬਾਅਦ ਇਹ ਵਾਅਦਾ ਹਵਾ ਹੋ ਗਿਆ।

ਇਸ ਤੋਂ ਪਹਿਲਾਂ ਉਂਝ ਤਾਮਿਲਨਾਡੂ ਦੀ ਡੀ.ਐਮ.ਕੇ. ਦੀ ਸਰਕਾਰ ਵੱਲੋਂ ਵੀ ਆਪਣਾ ਚੋਣ ਮੈਨੀਫੈਸਟੋ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਰਾਜਾਂ ਨੂੰ ਖੁਦਮੁਖਤਾਰੀ ‘ਤੇ ਜ਼ੋਰ ਦਿੱਤਾ ਗਿਆ ਹੈ। ਉਂਝ ਇਹ ਅਫਸੋਸਨਾਕ ਹੈ ਕਿ ਕਾਂਗਰਸ ਪਾਰਟੀ ਆਪਣੇ ਚੋਣ ਮੈਨੀਫੈਸਟੋ ਵਿੱਚ ਰਾਜਾਂ ਦੀ ਖੁਦਮੁਖਤਾਰੀ ਬਾਰੇ ਕੁਝ ਨਹੀਂ ਬੋਲੀ। ਯਾਦ ਰਹੇ, ਜੀ.ਐਸ.ਟੀ. ਅਤੇ ਇਨਵਾਇਰਮੈਂਟ ਸਮੇਤ ਲਿਆਂਦੇ ਗਏ ਹੋਰ ਬਹੁਤ ਸਾਰੇ ਨਵੇਂ ਕਾਨੂੰਨਾਂ ਨੇ ਰਾਜਾਂ ਦੇ ਅਧਿਕਾਰ ਬਹੁਤ ਹੀ ਸੀਮਤ ਕਰ ਦਿੱਤੇ ਹਨ।

ਜਿੱਥੋਂ ਤੱਕ ਪੰਜਾਬ ਦਾ ਸਵਾਲ ਹੈ, ਇਸ ਬਾਰੇ ਨਾ ਤਾਂ ਹਾਲੇ ਅਕਾਲੀਆਂ ਨੇ ਕੁਝ ਕਿਹਾ ਹੈ ਅਤੇ ਨਾ ਹੀ ਆਮ ਆਦਮੀ ਪਾਰਟੀ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਸਕੀ ਹੈ। ਅਕਾਲੀ ਦਲ ਹਾਲੇ ਵੀ ਆਪਣੀ ‘ਪੰਜਾਬ ਬਚਾਓ’ ਯਾਤਰਾ ਵਿੱਚ ਰੁਝਾ ਹੋਇਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਸਮੇਤ ਕਈ ਆਗੂਆਂ ਨੂੰ ਦਿੱਲੀ ਦੀ ਸ਼ਰਾਬ ਨੀਤੀ ਦੇ ਮਾਮਲੇ ਵਿੱਚ ਹੋਏ ਕਥਿਤ 100 ਕਰੋੜ ਦੇ ਘੁਟਾਲੇ ਵਿੱਚ ਈ.ਡੀ. ਨੇ ਜੇਲ੍ਹ ਭੇਜ ਦਿੱਤਾ ਹੈ। ਉਂਝ ‘ਆਪ’ ਵੱਲੋਂ ਰਾਜ ਸਭਾ ਮੈਂਬਰ ਸੰਜੇ ਸਿੰਘ ਪਿਛਲੇ ਦਿਨੀਂ ਜ਼ਮਾਨਤ ‘ਤੇ ਰਿਹਾਅ ਹੋ ਗਏ ਹਨ ਅਤੇ ਉਨ੍ਹਾਂ ਨੇ ਆਪਣੀ ਜ਼ੋਰਦਾਰ ਸਿਆਸੀ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਉਹ ਰਿਹਾਅ ਹੋਣ ਬਾਅਦ ਕਾਫੀ ਹਮਲਾਵਰ ਢੰਗ ਨਾਲ ਭਾਜਪਾ ਦੀ ਆਲੋਚਨਾ ਕਰ ਰਹੇ ਹਨ। ਅਰਵਿੰਦ ਕੇਜਰੀਵਾਲ ਨੇ ਜੇਲ੍ਹ ਜਾਣ ਤੋਂ ਬਾਅਦ ਵੀ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ। ਪਾਰਟੀ ਦਾ ਆਖਣਾ ਹੈ ਕਿ ਉਹ ਜੇਲ੍ਹ ਵਿੱਚੋਂ ਹੀ ਸਰਕਾਰ ਚਲਾਉਣਗੇ। ਸੰਜੇ ਸਿੰਘ ਅਨੁਸਾਰ ਉਹ ਕਾਨੂੰਨੀ ਤੌਰ ‘ਤੇ ਅਜਿਹਾ ਕਰ ਸਕਦੇ ਹਨ। ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦਾ ਵਿਰੋਧ ਕਾਰਨ ਲਈ ਬੀਤੀ 7 ਅਪ੍ਰੈਲ ਨੂੰ ਮੁੱਖ ਮੰਤਰੀ ਭਗਵੰਤ ਮਾਨ ਸਮੇਤ ‘ਆਪ’ ਦੇ ਵਿਧਾਇਕਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਭੁੱਖ ਹੜਤਾਲ ਕੀਤੀ ਗਈ। ਇਸ ਤੋਂ ਇਲਾਵਾ ਇਸ ਗ੍ਰਿਫਤਾਰੀ ਵਿਰੁਧ ‘ਆਪ’ ਦੇ ਆਗੂਆਂ ਅਤੇ ਕਾਰਕੁੰਨਾਂ ਵੱਲੋਂ ਦਿੱਲੀ ਦੇ ਜੰਤਰ ਮੰਤਰ ‘ਤੇ ਵੀ ਇੱਕ ਦਿਨ ਲਈ ਭੁੱਖ ਹੜਤਾਲ ਕੀਤੀ ਗਈ। ਅਕਾਲੀ ਅਤੇ ਭਾਜਪਾ ਸਮੇਤ ਵਿਰੋਧੀ ਪਾਰਟੀਆਂ ਇਹ ਦੋਸ਼ ਲਾ ਰਹੀਆਂ ਹਨ ਕਿ ਸ਼ਰਾਬ ਘੁਟਾਲੇ ਦੇ ਦੋਸ਼ ਵਿੱਚ ਅੰਦਰ ਕੀਤੇ ਗਏ ਕੇਜਰੀਵਾਲ ਦੀ ਡਾ. ਅੰਬੇਦਕਰ ਤੇ ਸ਼ਹੀਦ ਭਗਤ ਸਿੰਘ ਦੇ ਨਾਲ ਫੋਟੋ ਲਗਾਉਣਾ ਜਾਇਜ਼ ਨਹੀਂ ਹੈ; ਇਹ ਦੋਹਾਂ ਦਾ ਅਪਮਾਨ ਕਰਨ ਦੇ ਤੁਲ ਹੈ। ਪੰਜਾਬ ਕਾਂਗਰਸ ਵੱਲੋਂ ਵਿਧਾਇਕ ਸੁਖਪਾਲ ਸਿੰਘ ਖਹਿਰ ਨੇ ਇਹ ਸਵਾਲ ਵੀ ਉਠਾਇਆ ਕਿ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਸਮਾਰਕ ਲਾਗੇ ਜਿੱਥੇ ਇਹ ਭੁੱਖ ਹੜਤਾਲ ਕੀਤੀ ਗਈ, ਉਹ ਸਰਕਾਰੀ ਜ਼ਮੀਨ ਹੈ। ‘ਆਪ’ ਇਥੇ ਧਰਨਾ ਆਯੋਜਤ ਨਹੀਂ ਕਰ ਸਕਦੀ। ਇਸ ਲਈ ਪਾਰਟੀ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।



# ਮਮਤਾ ਸਟਾਈਲ ਸਿਆਸਤ ਲਈ ਪਰਖ ਦੀ ਘੜੀ

⇒ ਸਫਾ ਇੱਕ ਦੀ ਬਾਕੀ ...

ਸਿਆਸਤਦਾਨਾਂ ਨੂੰ ਮਾਤ ਦੇਣ ਦੀ ਸਮਰੱਥਾ ਰੱਖਦੀ ਹੈ। ਪੱਛਮੀ ਬੰਗਾਲ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਰਿਆਂ 'ਤੇ ਇਕੱਲੇ ਭਾਰੂ ਪੈ ਜਾਣ ਦੇ ਦਾਅਵੇ ਨਾਲ ਹਿੱਕ ਥਾਪੜਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਉਸ ਕੋਲੋਂ ਮਾਤ ਖਾ ਚੁੱਕੇ ਹਨ।

ਉਦੋਂ ਤੋਂ ਹੀ ਕੇਂਦਰ ਸਰਕਾਰ ਕਿਸੇ ਨਾ ਕਿਸੇ ਬਹਾਨੇ ਮਮਤਾ ਦਾ ਇਮਤਿਹਾਨ ਲੈਂਦੀ ਆ ਰਹੀ ਹੈ। ਇਸ ਤੋਂ ਪਹਿਲਾਂ ਵੀ ਕਈ ਮੁੱਦਿਆਂ ਦੇ ਬਹਾਨੇ ਮਮਤਾ ਅਤੇ ਉਸ ਦੀ ਪਾਰਟੀ ਦੇ ਬੰਦਿਆਂ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਗਈ। ਟੀ.ਐਮ.ਸੀ. ਦੀ ਸੰਸਦ ਮੈਂਬਰ ਮਹੂਆ ਮੋਇਤਰਾ ਨੂੰ ਕਥਿਤ ਤੌਰ 'ਤੇ ਪੈਸੇ ਲੈ ਕੇ ਸਵਾਲ ਪੁੱਛਣ ਦੇ ਦੋਸ਼ ਵਿੱਚ ਲੋਕ ਸਭਾ ਦੀ ਮੈਂਬਰੀ ਤੋਂ ਬਰਖਾਸਤ ਕਰ ਦਿੱਤਾ ਗਿਆ। (ਮਮਤਾ ਨੇ ਉਸ ਨੂੰ ਉਸ ਦੇ ਰਵਾਇਤੀ ਖੇਤਰ ਤੋਂ ਮੁੜ ਟਿਕਟ ਦੇ ਦਿੱਤੀ ਹੈ) ਪਰ ਜ਼ਿਆਦਾ ਵਿਵਾਦ ਵਾਲਾ ਮਾਮਲਾ ਇਸੇ ਸਾਲ 5 ਜਨਵਰੀ ਨੂੰ ਸਾਹਮਣੇ ਆਇਆ। ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਉਤਰੀ 24 ਪਰਗਨਾ ਦੇ ਸੰਦੇਸ਼ਖਲੀ ਵਿਖੇ ਟੀ.ਐਮ.ਸੀ. ਦੇ ਸਥਾਨਕ ਆਗੂ ਸ਼ਾਹਜਹਾਂ ਸ਼ੇਖ ਨੂੰ ਗ੍ਰਿਫਤਾਰ ਕਰਨ ਦਾ ਯਤਨ ਕੀਤਾ।

ਕੇਂਦਰ ਸਰਕਾਰ ਅਨੁਸਾਰ ਇਸ ਮੌਕੇ ਸ਼ਾਹਜਹਾਂ ਦੇ ਸਾਥੀਆਂ ਵੱਲੋਂ ਈ.ਡੀ. ਦੀ ਟੀਮ 'ਤੇ ਹਮਲਾ ਕੀਤਾ ਗਿਆ। ਉਧਰ ਸ਼ਾਹਜਹਾਂ ਦਾ ਆਖਣਾ ਸੀ ਕਿ ਈ.ਡੀ. ਦੀ ਟੀਮ ਬਿਨਾ ਕਿਸੇ ਵਾਰੰਟ ਦੇ ਜਬਰੀ ਉਨ੍ਹਾਂ ਦੇ ਘਰ ਵਿੱਚ ਦਾਖਲ ਹੋ ਗਈ। ਉਦੋਂ ਕੁਝ ਲੋਕਾਂ ਨੇ ਈ.ਡੀ. ਦੀ ਟੀਮ ਦੇ ਢੀਮਾਂ ਵੀ ਮਾਰੀਆਂ। ਫਿਰ ਕਈ ਦੇਰ ਤੱਕ ਦੋਨੋ ਧਿਰਾਂ ਵਿਚਕਾਰ ਖਿੱਚੋਤਾਣ ਚਲਦੀ ਰਹੀ, ਪਰ ਬਾਅਦ ਵਿੱਚ ਅਖੀਰ ਸ਼ਾਹਜਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਲੰਘੀ 6 ਅਪ੍ਰੈਲ ਨੂੰ ਕੇਂਦਰੀ ਏਜੰਸੀ ਐਨ.ਆਈ.ਏ. ਦੀ ਟੀਮ ਪੱਛਮੀ ਬੰਗਾਲ ਦੇ ਭੂਪਤੀ ਨਗਰ ਵਿਚ, ਦਸੰਬਰ 2022 ਵਿੱਚ ਹੋਏ ਇੱਕ ਕਥਿਤ ਧਮਾਕੇ ਦੇ ਕੇਸ ਵਿੱਚ ਤ੍ਰਿਣਮੂਲ ਕਾਂਗਰਸ ਦੇ ਕੁਝ ਸਥਾਨਕ ਆਗੂਆਂ ਨੂੰ ਗ੍ਰਿਫਤਾਰ ਕਰਨ ਲਈ ਗਈ ਤਾਂ ਉਸ ਨੂੰ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਿਆ। ਤ੍ਰਿਣਮੂਲ ਦੇ ਵਰਕਰਾਂ ਵੱਲੋਂ ਪੱਥਰਬਾਜੀ ਵੀ ਕੀਤੀ ਗਈ ਦੱਸੀ ਜਾਂਦੀ ਹੈ, ਜਿਸ ਵਿੱਚ ਈ.ਡੀ. ਦਾ ਇੱਕ ਅਧਿਕਾਰੀ ਮਾਮੂਲੀ ਜ਼ਖਮੀ ਹੋਇਆ ਅਤੇ ਉਨ੍ਹਾਂ ਦਾ ਵਾਹਨ ਵੀ ਨੁਕਸਾਨਿਆ ਗਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐਨ.ਆਈ.ਏ. ਦੀ ਟੀਮ 'ਤੇ ਉਲਟਾ ਦੋਸ਼ ਲਾਇਆ ਅਤੇ ਕਿਹਾ ਕਿ ਅਧਿਕਾਰੀਆਂ ਨੇ ਮੁਕਾਮੀ ਔਰਤਾਂ ਦੀ ਬੇਪਤੀ ਕੀਤੀ ਹੈ। ਪੱਛਮੀ ਬੰਗਾਲ ਦੀ ਪੁਲਿਸ ਨੇ ਐਨ.ਆਈ.ਏ. ਦੇ ਅਧਿਕਾਰੀਆਂ ਖਿਲਾਫ ਔਰਤਾਂ ਦੀ ਬੇਪਤੀ ਕਰਨ ਖਿਲਾਫ ਪਰਚਾ ਵੀ ਦਰਜ ਕੀਤਾ ਹੈ। ਪੱਛਮੀ ਬੰਗਾਲ ਦੀ ਪੁਲਿਸ ਨੇ ਐਨ.ਆਈ.ਏ. ਸੰਬੰਧਤ ਅਧਿਕਾਰੀ ਦੇ ਵਾਰੰਟ ਵੀ ਜਾਰੀ ਕਰ ਦਿੱਤੇ ਹਨ। ਪੁਲਿਸ ਨੇ ਉਸ ਨੂੰ ਨੁਕਸਾਨਿਆ ਵਾਹਨ ਨਾਲ ਲਿਆਉਣ ਲਈ ਕਿਹਾ ਹੈ ਤਾਂ ਕਿ ਇਸ ਦੀ ਫੌਰੈਂਸਿਕ ਜਾਂਚ ਕਰਵਾਈ ਜਾ ਸਕੇ। ਮਮਤਾ ਅਨੁਸਾਰ ਜਿਨ੍ਹਾਂ ਧਮਾਕਿਆਂ ਨੂੰ ਬੰਬ ਧਮਾਕੇ ਕਿਹਾ ਜਾ ਰਿਹਾ ਹੈ, ਉਹ ਤਿੱਥਾਂ-ਤਿਉਹਾਰਾਂ 'ਤੇ ਵਜਾਏ ਜਾਣ ਵਾਲੇ ਆਮ ਪਟਾਕੇ ਸਨ। ਜਿਹੜੇ ਇੱਕ ਕਮਰੇ ਵਿੱਚ ਪਏ ਸਨ ਅਤੇ ਗਲਤੀ ਨਾਲ ਚੱਲ ਗਏ ਸਨ, ਪਰ ਇਸ ਘਟਨਾ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਵੀ ਹੋਈ ਸੀ। ਕਲਕੱਤਾ ਹਾਈਕੋਰਟ ਨੇ ਇਸ ਕੇਸ ਦੀ ਜਾਂਚ ਐਨ.ਆਈ.ਏ. ਨੂੰ ਸੌਂਪੀ ਸੀ।

ਬੀਤੇ ਸੋਮ-ਮੰਗਲਵਾਰ ਤ੍ਰਿਣਮੂਲ ਕਾਂਗਰਸ ਦੇ ਆਗੂਆਂ ਨੇ ਦਿੱਲੀ ਵਿੱਚ ਚੋਣ ਕਮਿਸ਼ਨ ਦੇ ਦਫਤਰ ਅੱਗੇ ਧਰਨਾ ਦੇ ਕੇ ਮੰਗ ਕੀਤੀ ਹੈ ਕਿ ਕੇਂਦਰੀ ਏਜੰਸੀਆਂ ਖਾਸ ਕਰਕੇ ਈ.ਡੀ., ਐਨ.ਆਈ.ਏ., ਇਨਕਮ ਟੈਕਸ ਡਾਇਰੈਕਟੋਰੇਟ ਅਤੇ ਸੀ.ਬੀ.ਆਈ. ਦੇ ਮੁਖੀਆਂ ਦਾ ਤਬਾਦਲਾ ਕੀਤਾ ਜਾਵੇ। ਉਂਝ ਇਹ ਸਵਾਲ ਜ਼ਰੂਰ ਉਠਦਾ ਹੈ ਕਿ ਜਦੋਂ ਚੋਣਾਂ ਦੇ ਐਲਾਨ ਤੋਂ ਬਾਅਦ ਸਾਰਾ ਪ੍ਰਸ਼ਾਸਨਿਕ ਢਾਂਚਾ ਚੋਣ ਕਮਿਸ਼ਨ ਦੇ ਹੱਥਾਂ ਵਿੱਚ ਚਲਾ ਗਿਆ ਹੈ ਤਾਂ ਕੇਂਦਰ ਸਰਕਾਰ ਉਪਰੋਕਤ ਏਜੰਸੀਆਂ ਦੀ ਵਰਤੋਂ ਵਿਰੋਧੀ ਪਾਰਟੀਆਂ ਦੇ ਖਿਲਾਫ ਕਿਵੇਂ ਕਰ ਸਕਦੀ ਹੈ? ਇੱਕ ਪਾਸੇ ਤਾਂ ਚੋਣਾਂ ਕਰਵਾਉਣ ਵਾਲੀ ਸੰਸਥਾ ਚੋਣ ਕਮਿਸ਼ਨ ਵਿੱਚ ਵੀ ਭਾਜਪਾ ਵੱਲੋਂ ਆਪਣੇ ਬੰਦੇ ਭਰਤੀ ਕਰ ਲਏ ਗਏ ਹਨ ਅਤੇ ਦੂਜੇ ਪਾਸੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਕਿਸੇ ਨਾ ਕਿਸੇ ਕੇਸ ਦੇ ਬਹਾਨੇ ਅੰਦਰ ਧੱਕਿਆ ਜਾ ਰਿਹਾ ਹੈ। ਕਾਂਗਰਸ ਪਾਰਟੀ ਦੇ ਖ਼ਾਤੇ ਸੀਲ ਕਰ ਦਿੱਤੇ ਗਏ ਹਨ। ਟੀ.ਐਮ.ਸੀ. ਦੇ ਵਰਕਰਾਂ ਅਤੇ ਆਗੂਆਂ ਦੀ ਗ੍ਰਿਫਤਾਰੀ ਕੀਤੀ ਜਾ ਰਹੀ ਹੈ।

ਕਥਿਤ ਸ਼ਰਾਬ ਘੁਟਾਲੇ ਦੇ ਦੋਸ਼ ਵਿੱਚ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਾਰਕੇ ਈ.ਡੀ. ਨੇ ਜੇਲ੍ਹ ਭੇਜ ਦਿੱਤਾ ਹੈ। 'ਆਪ' ਦੇ ਕੁਝ ਵੱਡੇ ਆਗੂ ਪਹਿਲਾਂ ਹੀ ਜੇਲ੍ਹ ਵਿੱਚ ਹਨ। ਜਿਸ ਕੰਪਨੀ ਤੋਂ ਕੇਜਰੀਵਲ ਵੱਲੋਂ ਰਿਸ਼ਵਤ ਲਈ ਗਈ ਦੱਸੀ ਜਾਂਦੀ ਹੈ, ਉਸ ਦੇ ਮਾਲਕ ਸ਼ਰਦ ਰੈਡੀ ਨੂੰ ਵਾਅਦਾ ਮੁਆਫ ਗਵਾਹ ਬਣਾ ਕੇ ਜਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਕੋਲੋਂ 60 ਕਰੋੜ ਦਾ ਚੋਣ ਬਾਂਡ ਭਾਜਪਾ ਨੇ ਖੁਦ ਆਪ ਲੈ ਲਿਆ ਹੈ। ਇਹ ਸਾਬਤ ਕਰਦਾ ਹੈ ਕਿ ਭਾਜਪਾ ਵਾਲੇ ਦੁਧ ਧੋਤੇ ਨਹੀਂ ਹਨ, ਪੈਸੇ ਦੀ ਲੋੜ ਸਾਰੀਆਂ ਪਾਰਟੀਆਂ ਨੂੰ ਰਹਿੰਦੀ ਹੀ ਹੈ ਅਤੇ ਇਹ ਕਿਸੇ ਨਾ ਕਿਸੇ ਤਰੀਕੇ ਨਾਲ ਹਾਸਲ ਕਰਦੀਆਂ ਹੀ ਹਨ।

ਇੰਝ ਆਪਣੇ ਖਿਲਾਫ ਚੋਣ ਲੜਨ ਵਾਲੀਆਂ ਪਾਰਟੀਆਂ ਨੂੰ ਫੰਡਾਂ ਪੱਖੋਂ ਅਨਾਥ ਕਾਰਨ ਦੇ ਨਾਲ ਨਾਲ ਕੇਂਦਰ ਆਪਣੀਆਂ ਏਜੰਸੀਆਂ ਦੀ ਦੁਰਵਰਤੋਂ ਕਰਕੇ ਇਨ੍ਹਾਂ ਪਾਰਟੀਆਂ ਨੂੰ ਆਗੂਆਂ ਅਤੇ ਸਰਗਰਮ ਵਰਕਰਾਂ ਤੋਂ ਵੀ ਵਿਹੂਣੇ ਕਰਨਾ ਚਾਹੁੰਦਾ ਹੈ। ਇਸ ਉਲਝੇਵੇਂ ਵਿੱਚ ਵਿਰੋਧੀ ਪਾਰਟੀਆਂ ਕੇਂਦਰ ਦੀਆਂ ਏਜੰਸੀਆਂ ਨਾਲ ਲੜਨ ਜਾਂ ਚੋਣਾਂ ਲੜਨ? ਗ੍ਰਿਫਤਾਰ ਕੀਤੇ ਜਾਣ ਵਾਲੇ ਬਹੁਤੇ ਆਗੂਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਜਾ ਰਹੇ ਹਨ। ਇਨ੍ਹਾਂ ਵਿੱਚੋਂ ਜਿਹੜੇ ਵਿਰੋਧੀ ਆਗੂ ਭਾਜਪਾ ਦੀ ਈਨ ਮੰਨ ਲੈਂਦੇ ਹਨ, ਉਹ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਕਰ ਲਏ ਜਾਂਦੇ ਹਨ। ਸਾਰੀ ਖੇਡ ਬਿਨਾ ਕਿਸੇ ਲੁਕ-ਲੁਕਾ ਦੇ ਸ਼ਰੇਆਮ ਚੱਲ ਰਹੀ ਹੈ।

ਇਸ ਦਰਮਿਆਨ ਲੋਕ ਸਭਾ ਚੋਣਾਂ ਕਰਵਾਈਆਂ ਜਾ ਰਹੀਆਂ ਹਨ, ਜਿਸ ਨੂੰ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੀਤੇ ਦਿਨੀਂ 'ਮੈਚ ਫਿਕਸਿੰਗ' ਦਾ ਨਾਂ ਦਿੱਤਾ ਸੀ। ਬਹੁਤੇ ਸਿਆਸੀ ਮਾਹਿਰ ਆਖ ਰਹੇ ਹਨ ਕਿ ਭਾਜਪਾ ਭਾਰਤ ਵਿੱਚ ਰੂਸ ਵਰਗਾ ਡੰਮੀ ਲੋਕਤੰਤਰ ਕਾਇਮ ਕਰਨਾ ਚਾਹੁੰਦੀ ਹੈ।

ਸਾਰੇ ਰਾਜਾਂ ਦੀਆਂ ਚੋਣ ਤਰੀਕਾਂ ਵੀ ਭਾਰਤੀ ਜਨਤਾ ਪਾਰਟੀ ਨੇ ਚੋਣ ਕਮਿਸ਼ਨ ਕੋਲੋਂ ਆਪਣੇ ਅਨੁਸਾਰ ਫਿਕਸ ਕਰਵਾ ਲਈਆਂ ਹਨ। ਪਿਛਲੇ ਦਿਨੀਂ ਜਦੋਂ ਇੱਕ ਚੋਣ ਕਮਿਸ਼ਨ ਨੇ ਅਚਾਨਕ ਅਸਤੀਫਾ ਦੇ ਦਿੱਤਾ ਸੀ ਤਾਂ ਇਹ ਪੱਛਮੀ ਬੰਗਾਲ ਦੀਆਂ ਚੋਣ ਤਰੀਕਾਂ ਤੈਅ ਕਰਨ ਨਾਲ ਜੁੜਿਆ ਹੋਇਆ ਮਸਲਾ ਹੀ ਸੀ। ਅਜਿਹੇ ਮੌਕੇ ਚੋਣ ਕਮਿਸ਼ਨ ਦੀ ਨਿਰਪੱਖਤਾ ਬੇਹੱਦ ਅਹਿਮ ਹੋ ਜਾਂਦੀ ਹੈ। ਚੋਣ ਕਮਿਸ਼ਨ ਦੇ ਚੋਣ ਪੈਨਲ ਵਿੱਚੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਬਾਹਰ ਕੱਢ ਕੇ ਪਹਿਲਾਂ ਹੀ ਇਸ ਨੂੰ ਕੇਂਦਰ ਸਰਕਾਰ ਨੇ ਆਪਣੇ ਹੱਥ ਹੇਠ ਕਰ ਲਿਆ ਹੈ। ਜਿਹੋ ਜਿਹੀ ਕੋਕੋ ਉਹੋ ਜਿਹੇ ਕੋਕੋ ਦੇ ਬੱਚੇ। ਵਿਰੋਧੀ ਪਾਰਟੀਆਂ ਅਨੁਸਾਰ, ਇਸ ਮੌਕੇ ਬਚੇ-ਖੁਚੇ ਚੋਣ ਕਮਿਸ਼ਨ ਨੂੰ ਨਿਰਪੱਖ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਸਰਕਾਰ ਦੀ ਚੋਰ-ਸਿਪਾਹੀ ਵਾਲੀ ਖੇਡ ਬੰਦ ਹੋਣੀ ਚਾਹੀਦੀ ਹੈ। ਇਸ ਨੂੰ ਲੈ ਕੇ ਟੀ.ਐਮ.ਸੀ. ਦੇ ਆਗੂਆਂ ਨੇ ਜਦੋਂ ਚੋਣ ਕਮਿਸ਼ਨ ਦੇ ਦਫਤਰ ਅੱਗੇ ਧਰਨਾ ਦੇਣ ਦਾ ਆਪਣਾ ਜਮਹੂਰੀ ਹੱਕ ਵਰਤਿਆ ਤਾਂ ਉਨ੍ਹਾਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਇੱਧਰ ਦਿੱਲੀ ਹਾਈਕੋਰਟ ਵੱਲੋਂ ਕੇਜਰੀਵਲ ਦੀ ਜ਼ਮਾਨਤ ਲਈ ਅਰਜ਼ੀ ਇਹ ਕਹਿੰਦਿਆਂ ਰੱਦ ਕਰ ਦਿੱਤੀ ਹੈ ਕਿ ਕੇਜਰੀਵਾਲ ਖਿਲਾਫ ਈ.ਡੀ. ਕੋਲ ਕਾਫੀ ਸਬੂਤ ਹਨ, ਇਸ ਲਈ ਉਨ੍ਹਾਂ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। ਕੇਜਰੀਵਾਲ ਦੇ ਵਕੀਲਾਂ ਨੇ ਜ਼ਮਾਨਤ ਲਈ ਸੁਪਰੀਮ ਕੋਰਟ ਵਿੱਚ ਜਾਣ ਦਾ ਫੈਸਲਾ ਕੀਤਾ ਹੈ।

FOR SINGH LLC
COMMERCIAL PARKING
Grand Opening Special 20% Off First 3 Months
Daily / Weekly / Monthly
(630) 984-9401
1940 Wiesbrook Drive Oswego, IL 60543


Hiring Local & Midwest Drivers and Dedicated Lanes & Owner Operators
NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT
HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com
www.hampshiretires.com

# ਕਤਲ, ਲੁੱਟਾਂ, ਸੜਕ ਹਾਦਸੇ ਬਨਾਮ ਸੁਰੱਖਿਆ ਫੋਰਸ

**-ਮਾਲਵੇ 'ਚ ਮਾਂ ਵੱਲੋਂ ਪੁੱਤ ਕਤਲ**
**-ਮਾਝੇ 'ਚ ਪੁੱਤ ਵੱਲੋਂ ਮਾਂ, ਭਾਬੀ ਅਤੇ ਭਤੀਜਾ ਕਤਲ**

**ਜੇ. ਐਸ. ਮਾਂਗਟ**

ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਵਿੱਚ ਹੀ ਕਈ ਦਿਲ ਕੰਬਾਊ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਘਟਨਾਵਾਂ ਵਿੱਚ ਕੁੱਝ ਤਾਂ ਹਾਦਸੇ ਹਨ, ਦੂਜੇ ਬੇਰਹਿਮੀ ਭਰਪੂਰ ਕਤਲ ਅਤੇ ਇਸ ਤੋਂ ਇਲਾਵਾ ਔਰਤਾਂ ਦੀ ਬੇਪਤੀ ਨਾਲ ਸੰਬੰਧਤ ਘਟਨਾਵਾਂ। ਇਹ ਘਟਨਾਵਾਂ ਦੱਸਦੀਆਂ ਹਨ ਕਿ ਸਾਡੇ ਸਮਾਜਕ ਅਤੇ ਸਭਿਆਚਾਰਕ ਰੁਝਾਨ ਕਿਸ ਪਾਸੇ ਵੱਲ ਵਧ ਰਹੇ ਹਨ! ਪੰਜਾਬ ਵਿੱਚ ਸੜਕ ਹਾਦਸਿਆਂ ਦੀਆਂ ਘਟਨਾਵਾਂ ਬੇਹੱਦ ਦੁਖਦਾਈ ਹਨ। ਇਹ ਹਾਦਸੇ ਇਸ ਦੇ ਬਾਵਜੂਦ ਵਾਪਰ ਰਹੇ ਹਨ ਕਿ ਪੰਜਾਬ ਸਰਕਾਰ ਨੇ ਸੜਕ ਹਾਦਸਿਆਂ ਅਤੇ ਸੜਕਾਂ 'ਤੇ ਹੁੰਦੇ ਜੁਰਮਾਂ ਨੂੰ ਰੋਕਣ ਲਈ ਇੱਕ ਵੱਖਰੀ, 'ਸੜਕ ਸੁਰੱਖਿਆ ਫੋਰਸ' ਦਾ ਗਠਨ ਕੀਤਾ ਹੈ। ਇਹ ਫੋਰਸ ਆਧੁਨਿਕ ਤਕਨੀਕੀ ਸਹੂਲਤਾਂ ਅਤੇ ਸਾਜ਼ੋ-ਸਮਾਨ ਨਾਲ ਲੈਸ ਹੈ। ਪਿੱਛੇ ਜਿਹੇ ਇਸ ਫੋਰਸ ਲਈ ਨਵੀਆਂ ਗੱਡੀਆਂ ਵੀ ਖਰੀਦੀਆਂ ਗਈਆਂ ਹਨ; ਪਰ ਸੜਕਾਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਇਸ ਦਾ ਕੋਈ ਪ੍ਰਭਾਵ ਹਾਲੇ ਤੱਕ ਵਿਖਾਈ ਨਹੀਂ ਦਿੱਤਾ। ਹੁਣ ਤੇ ਖੁਦ ਪੰਜਾਬ ਪੁਲਿਸ ਦੇ ਅਧਿਕਾਰੀ ਵੀ ਸੜਕ ਹਾਦਸਿਆਂ ਦਾ ਸ਼ਿਕਾਰ ਹੋਣ ਲੱਗੇ ਹਨ! ਸੜਕ ਸੁਰੱਖਿਆ ਫੋਰਸ ਕਿੱਥੇ ਹੈ?

ਲੰਘੀ ਪੰਜ ਅਪ੍ਰੈਲ ਨੂੰ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹੇ ਵਿੱਚ ਵਾਪਰੀਆਂ ਦੋ ਅਤਿ ਨਿੰਦਣਯੋਗ ਘਟਨਾਵਾਂ ਨੇ ਅਖਬਰਾਂ ਦਾ ਪਹਿਲਾ ਪੰਨਾ ਮੱਲਿਆ ਹੈ। ਪਹਿਲੀ ਘਟਨਾ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਕਸਬੇ ਵਲਟੋਹਾ ਵਿੱਚ ਵਾਪਰੀ। ਇੱਥੇ ਇੱਕ 55 ਸਾਲਾ ਔਰਤ ਨੂੰ ਨਿਰਵਸਤਰ ਕਰਕੇ ਉਸ ਦੀ ਵੀਡੀਓ ਬਣਾਈ ਗਈ ਅਤੇ ਵਾਇਰਲ ਵੀ ਕਰ ਦਿੱਤੀ ਗਈ। ਇਹ ਕਾਰਾ ਕਰਨ ਵਾਲੇ ਟੱਬਰ ਨੇ ਦੋਸ਼ ਇਹ ਲਾਇਆ ਕਿ ਇਸ ਔਰਤ ਦਾ ਲੜਕਾ ਗੁਆਂਢ ਵਿੱਚੋਂ ਉਨ੍ਹਾਂ ਦੀ ਲੜਕੀ ਨੂੰ ਲੈ ਗਿਆ ਅਤੇ ਅਦਾਲਤੀ ਵਿਆਹ ਕਰਵਾਉਣ ਮਗਰੋਂ ਕਿਧਰੇ ਹੋਰ ਰਹਿਣ ਲੱਗਾ। ਔਰਤ ਨੂੰ ਨਿਰਵਸਤਰ ਕਰਨ ਵਾਲਿਆਂ ਵਿੱਚ ਕੁੜੀ ਦੇ ਦੋ ਭਰਾ ਅਤੇ ਇੱਕ ਔਰਤ ਵੀ ਸ਼ਾਮਲ ਸੀ। ਸਵਾਲ ਉੱਠਦਾ ਹੈ ਕਿ ਮੁੰਡੇ-ਕੁੜੀ ਨੇ ਵਿਆਹ ਕਰਵਾ ਲਿਆ ਹੈ ਅਤੇ ਅਦਾਲਤ/ਕਾਨੂੰਨ ਨੇ ਇਸ ਨੂੰ ਮਾਨਤਾ ਦੇ ਦਿੱਤੀ ਹੈ। ਮੁੰਡੇ ਦੀ ਮਾਂ ਨੂੰ ਕਾਹਦੀ ਸਜ਼ਾ ਦਿੱਤੀ ਗਈ ਹੈ? ਕਿਸੇ ਔਰਤ ਨੂੰ ਜਨਤਕ ਤੌਰ 'ਤੇ ਨਿਰਵਸਤਰ ਕਰਨਾ ਉਸ ਦੇ ਕਤਲ ਤੋਂ ਵੀ ਭੱਦੀ ਸਜ਼ਾ ਹੈ। ਇਹ ਉਸ ਦੇ ਮਨੁੱਖੀ ਮਾਣ-ਤਾਣ ਦੀ ਘੋਰ ਬੇਅਦਬੀ ਹੈ। ਪੰਜਾਬ ਵਿੱਚ ਔਰਤਾਂ ਵਿਰੁਧ ਹਿੰਸਾ ਅਤੇ ਨਿਰਾਦਰੀ ਦਾ ਮਾਮਲਾ ਸਾਡੀਆਂ ਨਾਂਹਮੁਖੀ ਸਮਾਜਕ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ। ਇਹ ਕਦਰਾਂ-ਕੀਮਤਾਂ ਸਾਨੂੰ ਕਿਸੇ ਰਹਿਬਰ ਨੇ ਨਹੀਂ ਦਿੱਤੀਆਂ, ਸਗੋਂ ਪੰਜਾਬ ਦੇ ਟਰਾਈਬਲ ਵਿਰਸੇ ਦੀ ਦੇਣ ਹਨ। ਦੂਸਰੇ ਭਾਈਚਾਰੇ ਦੀਆਂ ਔਰਤਾਂ ਨੂੰ ਧਾੜਵੀਆਂ ਦੇ ਚੁੰਗਲ ਵਿੱਚੋਂ ਛੁਡਾ ਕੇ ਵਾਰਸਾਂ ਦੇ ਹਵਾਲੇ ਕਰਨ ਵਾਲੇ ਇਤਿਹਾਸ ਦੇ ਵਾਰਸਾਂ ਨੂੰ ਇਹ ਕੁਕਰਮ ਕਿਸ-ਕਿਸ ਗੈਰ-ਮਨੁੱਖੀ ਤਹਿਜ਼ੀਬ ਨੇ ਸਿਖਾਏ ਹਨ? ਸਮਾਜਕ ਮਨੋਵਿਗਿਆਨੀਆਂ ਲਈ ਇਹ ਡੂੰਘੀ ਖੋਜ ਪੜਤਾਲ ਦਾ ਵਿਸ਼ਾ ਹੈ।

ਹਾਲੇ ਕੁਝ ਦਿਨ ਪਹਿਲਾਂ ਸਮਰਾਲਾ ਦੇ ਇੱਕ ਵਿਆਹ ਵਿੱਚ ਡਾਂਸਰ/ਐਕਟਰ ਕੁੜੀ ਨਾਲ ਬਦਸਲੂਕੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਇਹ ਖ਼ਬਰ ਕਾਫੀ ਵਾਇਰਲ ਹੋ ਗਈ ਸੀ। ਸੰਬੰਧਤ ਲੜਕੀ ਡਾਂਸਰ ਹੋਣ ਤੋਂ ਇਲਾਵਾ ਕੁਝ ਫਿਲਮਾਂ ਵਿੱਚ ਵੀ ਕੰਮ ਕਰ ਚੁੱਕੀ ਹੈ। ਅਸੀਂ ਵਿਆਹਾਂ ਵਿੱਚ ਡਾਂਸਰ ਨੱਚਣ 'ਤੇ ਲਾ ਲਈਆਂ, ਪਰ ਏਨੇ ਕੁ ਸਮਝਣ ਜੋਗੇ ਵੀ ਨਹੀਂ ਹੋਏ ਕਿ ਮਨੋਰੰਜਨ ਕਰਨਾ ਇਨ੍ਹਾਂ ਕੁੜੀਆਂ ਦਾ ਕਿੱਤਾ ਹੈ ਅਤੇ ਇਸੇ ਨਾਲ ਇਨ੍ਹਾਂ ਦੀ ਰੋਟੀ ਰੋਜ਼ੀ ਜੁੜੀ ਹੋਈ ਹੈ। ਯਾਦ ਰਹੇ, ਭਿਆਨਕ ਬੇਰੁਜ਼ਗਾਰੀ ਕੁੜੀਆਂ ਨੂੰ ਘਰਾਂ ਦੀ ਦਹਿਲੀਜ ਟੱਪਣ ਲਈ ਮਜ਼ਬੂਰ ਕਰ ਰਹੀ ਹੈ ਤੇ ਸਰਕਾਰਾਂ ਇਸ ਦੇ ਹੱਲ ਤੋਂ ਲਗਾਤਾਰ ਪੱਲਾ ਝਾੜ ਰਹੀਆਂ ਹਨ। ਹਾਲੇ ਕੁਝ ਦਿਨ ਪਹਿਲਾਂ ਹੀ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਅਤੇ ਨੌਜੁਆਨਾਂ ਵਿੱਚ ਵਿਆਪਕ ਪੱਧਰ 'ਤੇ ਪਸਰੀ ਨਿਰਾਸ਼ਾ ਦੀਆਂ ਖਬਰਾਂ ਛਪ ਕੇ ਹਟੀਆਂ ਹਨ।

ਦੂਜੀ ਘਟਨਾ ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਕੰਦੋਵਾਲੀ ਵਿੱਚ ਵਾਪਰੀ। ਇਸ ਘਟਨਾ ਵਿੱਚ ਸਾਡੇ ਸਮਾਜਕ ਵਿਹਾਰ ਵਿੱਚ ਵੱਸਦੀ ਸ਼ਰੀਕੇਬਾਜ਼ੀ ਅਤੇ ਸਾੜਾ ਪ੍ਰਮੁੱਖ ਕਾਰਨ ਜਾਪਦੇ ਹਨ। ਉਪਰੋਕਤ ਪਿੰਡ ਦੇ ਇੱਕ ਨਸ਼ਈ ਕਹੇ ਜਾਂਦੇ ਨੌਜੁਆਨ ਅੰਮ੍ਰਿਤਪਾਲ ਸਿੰਘ ਨੇ ਆਪਣੀ ਮਾਂ ਮਨਬੀਰ ਕੌਰ, ਭਰਜਾਈ ਅਰੀਤ ਕੌਰ ਅਤੇ ਦੋ ਸਾਲਾ ਭਤੀਜੇ ਸਮਰੱਥਬੀਰ ਸਿੰਘ ਦਾ ਕਤਲ ਕਰ ਦਿੱਤਾ। ਇਨ੍ਹਾਂ ਕਤਲਾਂ ਨੂੰ ਨੇਪਰੇ ਚਾੜ੍ਹਨ ਤੋਂ ਬਾਅਦ ਉਸ ਨੇ ਪਿੰਡ ਦੇ ਗੁਰਦੁਆਰੇ ਵਿੱਚ ਮੱਥਾ ਟੇਕਿਆ ਅਤੇ ਪੁਲਿਸ ਕੋਲ ਪੇਸ਼ ਹੋ ਗਿਆ। ਘਟਨਾ ਤੋਂ ਬਾਅਦ ਗੁਰਦੁਆਰੇ ਮੱਥਾ ਟੇਕਣ ਜਾਣਾ ਦਰਸਾਉਂਦਾ ਹੈ ਕਿ ਆਪਣੇ ਕੀਤੇ ਕੁਕਰਮ ਪ੍ਰਤੀ ਉਸ ਦੇ ਮਨ ਵਿੱਚ ਕੋਈ ਪਛਤਾਵਾ ਨਹੀਂ ਸੀ। ਰਿਪੋਰਟਾਂ ਅਨੁਸਾਰ ਇਹ ਨੌਜਵਾਨ ਅਤੇ ਇਸ ਦਾ ਇੱਕ ਭਰਾ ਪ੍ਰਿਤਪਾਲ ਸਿੰਘ ਏਅਰਪੋਰਟ 'ਤੇ ਕੰਮ ਕਰਦੇ ਸਨ। ਦੂਜਾ ਭਰਾ ਕੰਮ ਕਾਰ ਦੇ ਚੱਕਰ ਵਿੱਚ ਦੁਬਈ ਚਲਾ ਗਿਆ ਅਤੇ ਟਰੱਕ ਚਲਾਉਣ ਲੱਗਾ। ਭਾਊ ਅੰਮ੍ਰਿਤਪਾਲ ਕੰਮ ਛੱਡ ਕੇ ਘਰ ਬੈਠ ਗਿਆ ਸੀ। ਅੰਮ੍ਰਿਤਪਾਲ ਦੀ ਪਤਨੀ ਦੋ ਬੱਚੀਆਂ ਨੂੰ ਨਾਲ ਲੈ ਕੇ ਆਪਣੇ ਪੇਕੇ ਘਰ ਜਾ ਬੈਠੀ। ਭਰਾ ਦੀ ਸਾਵੀਂ ਪੱਧਰੀ ਜ਼ਿੰਦਗੀ ਅਤੇ ਆਪਣੇ ਉਖੇੜੇ ਨੇ ਇਸ ਨੂੰ ਇਸ ਨੌਬਤ ਤੱਕ ਪਹੁੰਚਾ ਦਿੱਤਾ।

ਇਸ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਪਿੰਡ ਬਾਜੋਆਣਾ ਦੀ ਜੰਮਪਲ ਇੱਕ ਔਰਤ ਨੇ ਆਪਣੇ ਹੀ ਸੱਤ ਸਾਲਾ ਬੱਚੇ ਨੂੰ ਕਤਲ ਕਰਕੇ ਮਾਨਸਾ ਦੇ ਬੱਸ ਸਟੈਂਡ ਦੇ ਲਾਗੇ ਸੁੱਟ ਦਿੱਤਾ। ਮਾਰੇ ਗਏ ਇਸ ਸਿੱਖ ਬੱਚੇ ਦੀ ਤਸਵੀਰ ਬੀਤੇ ਦਿਨੀਂ ਕੁਝ ਅਖਬਾਰਾਂ ਵਿੱਚ ਛਪੀ ਸੀ। ਪਿੰਡ ਦੇ ਸਰਪੰਚ ਦੇ ਦੱਸਣ ਅਨੁਸਾਰ ਵੀਰਪਾਲ ਕੌਰ ਨਾਂ ਦੀ ਇਹ ਔਰਤ ਗੁਪਤ ਵਿਆਹ ਕਰਵਾ ਕੇ ਤਲਵੰਡੀ ਸਾਬੋ ਵਿੱਚ ਰਹਿੰਦੀ ਸੀ ਅਤੇ ਤਕਰੀਬਨ 11 ਸਾਲ ਉਸ ਨੇ ਆਪਣੇ ਮਾਪਿਆਂ ਨੂੰ ਇਸ ਵਿਆਹ ਬਾਰੇ ਪਤਾ ਨਹੀਂ ਲੱਗਣ ਦਿੱਤਾ। ਆਪਣੇ ਭਤੀਜਿਆਂ, ਮਾਵਾਂ ਅਤੇ ਢਿੱਡੋਂ ਜੰਮੇ ਮਸੂਮਾਂ ਦੇ ਕਤਲ ਸਾਡੀ ਸਮਾਜਕ ਵਿਵਸਥਾ ਨੂੰ ਕਿਸ ਦਿਸ਼ਾ, ਕਿਸ ਰਸਾਤਲ ਵੱਲ ਲੈ ਜਾਣਗੇ, ਇਸ ਬਾਰੇ ਸਾਨੂੰ ਭਰਮ ਭੁਲੇਖੇ ਨਹੀਂ ਰਹਿਣੇ ਚਾਹੀਦੇ।

ਅਸਲ ਵਿੱਚ ਸਾਡੇ ਸਮਾਜ ਵਿੱਚ ਮੌਜੂਦ ਰਵਾਇਤੀ ਧਾਰਮਿਕ ਅਤੇ ਸਭਿਆਚਾਰਕ ਕੀਮਤਾਂ ਟੁੱਟ ਰਹੀਆਂ ਹਨ, ਪਰ ਉਸ ਦੀ ਥਾਂ ਲੈਣ ਲਈ ਕੋਈ ਨਵੀਆਂ ਤੇ ਤੰਦਰੁਸਤ ਕਦਰਾਂ ਕੀਮਤਾਂ ਜਾਂ ਪੁਰਾਣੀਆਂ ਚੰਗੀਆਂ ਕਦਰਾਂ ਦੀ ਪੁਨਰ ਵਿਆਖਿਆ ਅਤੇ ਨਰੋਆ ਸਭਿਆਚਾਰਕ ਮਾਹੌਲ ਸਿਰਜਣ ਲਈ ਸਾਡੇ ਕੋਲ ਹਾਲੇ ਕੁਝ ਵੀ ਨਹੀਂ ਹੈ। ਇਹ ਖੱਪਾ ਸੋਸ਼ਲ ਮੀਡੀਆ, ਇੰਟਰਨੈਟ, ਇਲਕਟ੍ਰਾਨਿਕ ਮੀਡੀਆ ਆਦਿ ਵੱਲੋਂ ਪ੍ਰਸਾਰਤ ਕੀਤੇ ਜਾ ਰਹੇ ਗੰਦ-ਪੁਲੰਦ ਵੱਲੋਂ ਪੂਰਿਆ ਜਾ ਰਿਹਾ ਹੈ। ਉਕਤ ਸਾਰਾ ਕੁਝ ਕਰਨ ਦੀ ਜ਼ਿੰਮੇਵਾਰੀ ਅਸਲ ਵਿੱਚ ਪੰਜਾਬ ਦੇ ਬੁੱਧੀਜੀਵੀਆਂ, ਸਭਿਆਚਾਰਕ ਕਾਮਿਆਂ ਅਤੇ ਸੱਤਾ 'ਤੇ ਕਾਬਜ਼ ਲੋਕਾਂ ਦੀ ਬਣਦੀ ਹੈ। ਇਨ੍ਹਾਂ ਧਿਰਾਂ ਨੇ ਆਪਣੀ ਇਸ ਜ਼ਿੰਮੇਵਾਰੀ ਤੋਂ ਮੂੰਹ ਭਵਾ ਲਿਆ ਹੈ।

ਇਸ ਤੋਂ ਵੀ ਪਹਿਲਾਂ ਸਾਡੀ ਰਾਜਨੀਤਿਕ ਜਮਾਤ ਦੇ ਆਦਰਸ਼ ਤੰਦਰੁਸਤ ਹੋਣੇ ਚਾਹੀਦੇ ਹਨ। ਇਸੇ ਜਮਾਤ ਨੇ ਕਿਸੇ ਸਮਾਜ ਨੂੰ ਚੰਗੀ/ਮਾੜੀ ਦਿਸ਼ਾ ਦੇਣੀ ਹੁੰਦੀ ਹੈ, ਪਰ ਸਾਡੇ ਇਹ ਲੋਕ ਵੀ ਬਾਜ਼ਾਰ ਤੋਂ ਸੇਧ ਲੈਣ ਲੱਗੇ ਹਨ। ਇਸ ਸਥਿਤੀ ਵਿੱਚ ਪੰਜਾਬ ਦੇ ਲੋਕ ਇੱਕ ਸਭਿਅਤਾ ਦੇ ਤੌਰ 'ਤੇ ਆਪਣੀ ਭਾਸ਼ਾ ਸਮੇਤ ਖਤਰੇ ਮੂੰਹ ਆਏ ਹੋਏ ਹਨ। ਇਸ ਸਥਿਤੀ ਤੋਂ ਬਚਾਅ ਲਈ ਸਾਡੇ ਕੋਲ ਆਪਣੀ ਭਾਸ਼ਾ ਅਤੇ ਸਭਿਆਚਾਰ ਵਿੱਚ ਗੜੁੱਚ ਸ਼ਹਿਰ ਬਹੁਤ ਜ਼ਰੂਰੀ ਹਨ, ਜਿੱਥੇ ਸਾਡਾ ਨਵਾਂ ਬੁੱਧੀਮਾਨ ਵਰਗ ਗੋਲਬੇਲਾਈਜ਼ੇਸ਼ਨ ਦੇ ਹੜ੍ਹ ਸਾਹਮਣੇ ਸਿਰ ਚੁੱਕ ਕੇ ਖਲੋ ਸਕੇ ਅਤੇ ਆ ਰਹੇ ਚੰਗੇ ਮਾੜੇ ਵਿਚਾਰਾਂ ਨੂੰ ਆਪਣੀਆਂ ਤੰਦਰੁਸਤ ਰਵਾਇਤਾਂ ਅਤੇ ਸਭਿਆਚਰ ਦੇ ਅਨਕੂਲ ਫਿਲਟਰ ਲਾ ਸਕੇ। ਇਹ ਭਾਵੇਂ ਕੋਈ ਵਿਅਕਤੀ ਹੋਵੇ ਜਾਂ ਸਮਾਜ, ਆਪਣੇ ਅੰਦਰ ਉਸਰੇ ਗਿਆਨ ਤੇ ਸਭਿਆਚਾਰ ਦੇ ਸੰਦਰਭ ਵਿੱਚ ਹੀ ਨਵੇਂ ਖਿਆਲਾਂ ਦੀ ਪੁਣਛਾਣ ਕਰ ਸਕਦਾ ਹੈ ਅਤੇ ਇਸ ਵਿਚਲੇ ਕਚਰੇ ਨੂੰ ਵੱਖ ਕਰ ਸਕਦਾ ਹੈ। ਇਸ ਦੀ ਅਣਹੋਂਦ ਵਿੱਚ ਸੰਸਾਰੀਕਰਨ ਦੀ ਬੇਮੁਹਾਰ ਸੁਨਾਮੀ ਅਵੇਸਲੀਆਂ ਕੌਮਾਂ ਨੂੰ ਉਨ੍ਹਾਂ ਦੀ ਭਾਸ਼ਾ ਸਮੇਤ ਲਾਜ਼ਮੀ ਹੀ ਜੜ੍ਹਾਂ ਤੋਂ ਉਖਾੜ ਦੇਵੇਗੀ।

ਭਿਆਨਕ ਸੜਕ ਹਾਦਸੇ: ਪਿਛਲੇ ਕੁਝ ਦਿਨਾਂ ਵਿੱਚ ਪੰਜਾਬ ਦੀਆਂ ਸੜਕਾਂ 'ਤੇ ਕਾਫੀ ਖ਼ੂਨ ਵਗਿਆ ਹੈ। ਲੰਘੀ ਛੇ ਅਪਰੈਲ ਨੂੰ ਲਧਿਆਣਾ ਜ਼ਿਲ੍ਹੇ ਦੇ ਕਸਬਾ ਸਮਰਾਲਾ ਦੇ ਲਾਗੇ ਵਾਪਰੇ ਇੱਕ ਹਾਦਸੇ ਵਿੱਚ ਲੁਧਿਆਣਾ ਜ਼ਿਲ੍ਹਾ ਪੁਲਿਸ ਦੇ ਏ.ਸੀ.ਪੀ. ਸੰਦੀਪ ਸਿੰਘ ਅਤੇ ਉਨ੍ਹਾਂ ਦੇ ਗੰਨਮੈਨ ਪਰਮਜੀਤ ਸਿੰਘ ਦੀ ਮੌਤ ਹੋ ਗਈ, ਉਨ੍ਹਾਂ ਦਾ ਡਰਾਈਵਰ ਗੰਭੀਰ ਜ਼ਖਮੀ ਹੈ। ਇਸੇ ਦਿਨ ਮਲੋਟ ਲਾਗੇ ਹੋਏ ਇੱਕ ਹਾਦਸੇ ਵਿੱਚ ਦੋ ਭੈਣ-ਭਰਾਵਾਂ ਦੀ ਮੌਤ ਹੋਈ। ਇਸੇ ਦਿਨ ਅੰਮ੍ਰਿਤਸਰ ਦੇ ਤਰਨ ਤਾਰਨ ਰੋਡ 'ਤੇ ਇੱਕ ਆਈ.ਸੀ.ਆਈ.ਸੀ.ਆਈ. ਬੈਂਕ ਵਿੱਚੋਂ 12 ਲੱਖ ਰੁਪਏ ਲੁੱਟੇ ਗਏ। ਇਸੇ ਦਿਨ ਬਟਾਲ ਦੇ ਮਾਨ ਨਗਰ ਮੁਹੱਲੇ ਵਿੱਚੋਂ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਇੱਕ ਸੁਨਿਆਰੇ ਕੋਲੋਂ 9 ਲੱਖ ਰੁਪਏ ਲੁੱਟ ਲਏ। ਇਸ ਤੋਂ ਪਹਿਲਾਂ 5 ਅਪ੍ਰੈਲ ਨੂੰ ਫਰੀਦਕੋਟ ਜ਼ਿਲ੍ਹੇ ਦੇ ਪੰਜ ਗਰਾਈਆਂ ਖੁਰਦ ਲਾਗੇ ਵਾਪਰੇ ਇੱਕ ਹਾਦਸੇ ਵਿੱਚ ਦੋ ਔਰਤਾਂ ਸਮੇਤ ਪੰਜ ਵਿਅਕਤੀਆਂ ਦੀ ਮੌਤ ਹੋ ਗਈ, ਇਹ ਮੌਤਾਂ ਟਾਟਾ ਏਸ ਅਤੇ ਟਰਾਲੇ ਵਿਚਕਾਰ ਹੋਈ ਟੱਕਰ ਨਾਲ ਹੋਈਆਂ। ਜਦੋਂ ਸਾਰੇ ਦੇਸ਼ ਦਾ ਸਿਆਸਤਦਾਨ ਚੋਣ ਗਿਅਰ ਵਿੱਚ ਹੈ ਤਾਂ ਸੜਕਾਂ ਬੇਲਗਾਮ ਹੋ ਗਈਆਂ ਹਨ!


ਸਾਰੇ ਭਾਈਚਾਰੇ ਨੂੰ ਵਿਸਾਖੀ ਦੀਆਂ ਲੱਖ ਲੱਖ ਮੁਬਾਰਕਾਂ




17115 W. Bluemound Rd, Suite D1, Brookfield, WI 53005

We Do Catering

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325

# ਪੰਜਾਬ 'ਚ ਦਲ ਬਦਲੂਆਂ ਦੇ ਦਿਨ ਪੁੱਗੇ

ਸਿਆਸੀ ਪਿੜ

**ਕਮਲਜੀਤ ਸਿੰਘ ਬਨਵੈਤ**
ਫੋਨ: +91-9814734035



ਕਈ ਸਿਆਸੀ ਪਾਰਟੀਆਂ ਦੇ ਲੀਡਰਾਂ ਦੇ ਦਿਨ ਬੁਰੇ ਆ ਗਏ ਹਨ। ਜਿਨ੍ਹਾਂ ਰਾਜਨੀਤਿਕ ਨੇਤਾਵਾਂ ਨੇ ਚੋਣਾਂ ਤੋਂ ਥੋੜ੍ਹਾ ਪਹਿਲਾਂ ਦੂਜੀਆਂ ਪਾਰਟੀਆਂ ਵਿੱਚ ਜਾਣ ਦਾ ਮਨ ਬਣਾਇਆ ਹੋਇਆ ਸੀ, ਉਨ੍ਹਾਂ ਦੇ ਪੈਰੀਂ ਇੱਕ ਤਰ੍ਹਾਂ ਨਾਲ ਬੇੜੀਆਂ ਪੈ ਗਈਆਂ ਹਨ। ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦਾ ਕਿਸਾਨਾਂ ਵੱਲੋਂ ਵਿਰੋਧ ਕਰਨ ਤੋਂ ਬਾਅਦ ਕਈ ਨੇਤਾਵਾਂ ਨੇ ਦੜ ਵੱਟ ਲਈ ਹੈ। ਦੂਜਿਆਂ ਦੇ ਦਿਲ ਦੀਆਂ ਦਿਲ 'ਚ ਰਹਿ ਗਈਆਂ ਹਨ। ਅੰਕੜੇ ਦੱਸਦੇ ਹਨ ਕਿ 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੀ ਟਿਕਟ ਤੋਂ 45 ਫੀਸਦੀ ਉਹ ਉਮੀਦਵਾਰ ਜਿੱਤੇ ਸਨ, ਜਿਹੜੇ ਕਾਂਗਰਸ ਛੱਡ ਕੇ ਆਏ ਸਨ। ਇੱਕ ਪਾਰਟੀ ਛੱਡ ਕੇ ਦੂਜੀ ਪਾਰਟੀ ਵਿੱਚ ਜਾਣ ਵਾਲੇ ਰਾਜਨੀਤਿਕ ਲੀਡਰ ਦੁਵਿਧਾ ਵਿੱਚ ਹਨ, ਪਰ ਭਾਰਤੀ ਜਨਤਾ ਪਾਰਟੀ ਉੱਤੇ ਟੇਕ ਰੱਖਣ ਵਾਲਿਆਂ ਦੀ ਦੋਚਿਤੀ ਕੁਝ ਜ਼ਿਆਦਾ ਹੀ ਵੱਧ ਗਈ ਹੈ।

ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿੱਚ ਜਿਹੜੇ ਉਮੀਦਵਾਰਾਂ ਨੇ ਆਪਣੀ ਚੋਣ ਮੁਹਿੰਮ ਭਖਾਉਣੀ ਸ਼ੁਰੂ ਕੀਤੀ ਹੈ, ਉਨ੍ਹਾਂ ਨੂੰ ਪਿੰਡਾਂ ਵਿੱਚ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਅਤੇ ਗਾਇਕ ਹੰਸ ਰਾਜ ਦਾ ਜਦੋਂ ਕਿਸਾਨਾਂ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਵਿਖਾਵਾਕਾਰੀਆਂ ਉੱਤੇ ਫੁੱਲਾਂ ਦੀ ਬਰਖਾ ਸ਼ੁਰੂ ਕਰ ਦਿੱਤੀ। ਹੰਸ ਰਾਜ ਹੰਸ ਦਾ ਇਹ ਪੁਰਾਣਾ ਅੰਦਾਜ਼/ਦਾਅ ਹੈ। ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਪਰਨੀਤ ਕੌਰ ਦਾ ਰਾਹ ਵੀ ਕਿਸਾਨਾਂ ਨੇ ਡੱਕ ਲਿਆ। ਉਹ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ ਹਨ। ਇਸੇ ਤਰ੍ਹਾਂ ਤਰਨਜੀਤ ਸਿੰਘ ਸੰਧੂ ਨੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਆਪਣੀ ਮੁਹਿੰਮ ਸ਼ੁਰੂ ਕੀਤੀ ਹੈ, ਪਰ ਉਨ੍ਹਾਂ ਨੂੰ ਵੀ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਰਨਜੀਤ ਸਿੰਘ ਸੰਧੂ ਅੰਮ੍ਰਿਤਸਰ ਦੇ ਜਾਣੇ-ਪਛਾਣੇ ਅਤੇ ਭਲੇ ਸਮੁੰਦਰੀ ਪਰਿਵਾਰ ਨਾਲ ਸੰਬੰਧਿਤ ਹਨ। ਕਿਸਾਨਾਂ ਦੇ ਵਿਰੋਧ ਤੋਂ ਡਰਦਿਆਂ ਰਾਜਨੀਤਿਕ ਨੇਤਾਵਾਂ ਨੇ ਭਾਜਪਾ ਦਾ ਪੱਲਾ ਫੜਨ ਦੀ ਥਾਂ ਪਿੱਛੇ ਨੂੰ ਮੁੜਨਾ ਸ਼ੁਰੂ ਕਰ ਦਿੱਤਾ ਹੈ। ਵੱਡੀ ਗਿਣਤੀ ਨੇਤਾ ਹਾਲੇ ਨਫਾ ਨੁਕਸਾਨ ਸੋਚ ਰਹੇ ਹਨ।

ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਇੱਕ ਮੀਟਿੰਗ ਕਰਕੇ ਭਾਜਪਾ ਦੇ ਉਮੀਦਵਾਰਾਂ ਨੂੰ ਸਵਾਲ ਕਰਨ ਦਾ ਸੁਨੇਹਾ ਲਾਇਆ ਸੀ, ਪਰ ਭਾਜਪਾ ਦੀਆਂ ਵਧੀਕੀਆਂ ਤੋਂ ਅੱਕੇ ਕਿਸਾਨਾਂ ਨੇ ਉਨ੍ਹਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਕਿਸਾਨ ਨੇਤਾਵਾਂ ਨੇ ਤਾਂ ਸਿਰਫ ਪਿੰਡਾਂ ਦੀਆਂ ਸਾਂਝੀਆਂ ਥਾਂਵਾਂ ਉੱਤੇ ਸਵਾਲਾਂ ਦੇ ਪੋਸਟਰ ਲਾਉਣੇ ਅਤੇ ਉਮੀਦਵਾਰਾਂ ਮੂਹਰੇ ਇਹੋ ਸਵਾਲ ਖੜ੍ਹੇ ਕਰਨ ਦੀ ਸਲਾਹ ਦਿੱਤੀ ਸੀ, ਪਰ ਕਿਸਾਨ ਤਾਂ ਭਾਜਪਾ ਦੇ ਉਮੀਦਵਾਰਾਂ ਦੇ ਬਾਈਕਾਟ ਦੇ ਪਿੰਡਾਂ ਵਿੱਚ ਹੋਰਡਿੰਗਸ ਲਾਉਣ ਲੱਗੇ ਹਨ। ਅੱਧੀ ਦਰਜਨ ਤੋਂ ਵੱਧ ਪਿੰਡਾਂ ਵੱਲੋਂ ਅਜਿਹੇ ਹੋਰਡਿੰਗਸ ਲਾਉਣ ਦੀਆਂ ਖਬਰਾਂ ਹਨ। ਕਿਸਾਨ ਨੇਤਾਵਾਂ ਨੇ ਤਾਂ ਭਾਜਪਾ ਦੇ ਉਮੀਦਵਾਰਾਂ ਮੂਹਰੇ ਸਵਾਲ ਖੜ੍ਹੇ ਕਰਨ ਲਈ ਕਿਹਾ ਸੀ, ਪਰ ਵੋਟਰ ਇਸ ਤੋਂ ਵੀ ਅੱਗੇ ਵਧਣੋਂ ਨਹੀਂ ਰੁਕ ਰਹੇ ਹਨ। ਪੰਜਾਬ ਵਿੱਚ ਕਿਸਾਨਾਂ ਨੇ 21 ਅਪ੍ਰੈਲ ਨੂੰ ਜਗਰਾਓਂ ਵਿਖੇ ਇੱਕ ਬਹੁਤ ਵੱਡੀ ਰੈਲੀ ਰੱਖ ਲਈ ਹੈ। ਪੰਜਾਬ ਵਿੱਚ ਵੋਟਾਂ ਇੱਕ ਜੂਨ ਨੂੰ ਪੈਣਗੀਆਂ, ਸੋ ਕਿਸਾਨਾਂ ਦੀ ਰੈਲੀ ਨੂੰ ਭਾਜਪਾ ਦੀ ਵੋਟ ਤੇ ਵੱਡੀ ਚੋਟ ਵਜੋਂ ਲੈਣਾ ਪਵੇਗਾ। ਅਜਿਹੀਆਂ ਰੈਲੀਆਂ ਮੁਲਕ ਭਰ ਵਿੱਚ ਕੀਤੀਆਂ ਜਾਣੀਆਂ ਹਨ।

ਮੁਲਕ ਵਿੱਚ ਲੋਕ ਸਭਾ ਦੀਆਂ ਚੋਣਾਂ ਸੱਤ ਪੜਾਵਾਂ ਵਿੱਚ ਹੋਣਗੀਆਂ। ਚਰਚਾ ਤਾਂ ਇਹ ਵੀ ਹੈ ਕਿ ਕੇਂਦਰ ਦੀਆਂ ਹਦਾਇਤਾਂ ਤੇ ਭਾਰਤੀ ਚੋਣ ਕਮਿਸ਼ਨ ਨੇ ਕਿਸਾਨਾਂ ਦੇ ਵਿਰੋਧ ਤੋਂ ਡਰਦਿਆਂ ਪੰਜਾਬ ਵਿੱਚ ਚੋਣਾਂ ਸਭ ਤੋਂ ਆਖਰੀ ਪੜਾਅ 'ਤੇ ਰੱਖੀਆਂ ਹਨ। ਕਿਸਾਨ ਆਪਣੀ ਮੰਗ 'ਤੇ ਦ੍ਰਿੜ ਹਨ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦਾ ਵਿਰੋਧ ਕਰਨਗੇ। ਉਨ੍ਹਾਂ ਨੇ ਇਹ ਵੀ ਧਾਰ ਰੱਖੀ ਹੈ ਕਿ ਜਿਨ੍ਹਾਂ ਨੇ ਕਿਸਾਨਾਂ ਨੂੰ ਦਿੱਲੀ ਵਿੱਚ ਨਹੀਂ ਵੜਨ ਦਿੱਤਾ, ਉਹ ਉਸੇ ਪਾਰਟੀ ਦੇ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ। ਕਿਸਾਨਾਂ ਦੀ ਇਹ ਸੋਚ ਕਾਫੀ ਹੱਦ ਤੱਕ ਜਾਇਜ਼ ਵੀ ਹੈ ਅਤੇ ਲੋਕ ਇਸ ਨਾਲ ਆਪਣੀ ਸਹਿਮਤੀ ਵੀ ਦਿਖਾ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚ ਦੁਬਾਰਾ ਤੋਂ ਚੋਣ ਗੱਠਜੋੜ ਵੀ ਹੋ ਜਾਣਾ ਸੀ, ਜੇ ਕਿਸਾਨ ਸ਼ੰਭੂ ਅਤੇ ਖਨੌਰੀ ਬਾਰਡਰ ਦੀਆਂ ਬਰੂਹਾਂ 'ਤੇ ਨਾ ਡਟੇ ਹੁੰਦੇ। ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨਾਂ ਤੋਂ ਡਰਦਿਆਂ ਭਾਜਪਾ ਨਾਲ ਹੱਥ ਮਿਲਾਉਣ ਤੋਂ ਗੁਰੇਜ਼ ਕੀਤਾ ਹੈ। ਕਾਰਨ ਹੋਰ ਵੀ ਹੋ ਸਕਦੇ ਹਨ, ਪਰ ਵੱਡਾ ਡਰ ਇਹੋ ਸੀ।

ਪੰਜਾਬ ਤੋਂ ਅਨੰਦਪੁਰ ਸਾਹਿਬ ਹਲਕੇ ਦੇ ਸਿਟਿੰਗ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਦੇ ਭਾਜਪਾ ਵਿੱਚ ਜਾਣ ਦੀਆਂ ਚਰਚਾਵਾਂ ਨੂੰ ਬਰੇਕਾਂ ਲੱਗ ਗਈਆਂ ਹਨ। ਫਿਰੋਜ਼ਪੁਰ ਤੋਂ ਇੱਕ ਹੋਰ ਵੱਡਾ ਲੀਡਰ ਵੀ ਭਾਜਪਾ ਵਿੱਚ ਟਿਕਟ ਮਿਲਣ ਦੀ ਸ਼ਰਤ 'ਤੇ ਸ਼ਾਮਿਲ ਹੋਣਾ ਚਾਹੁੰਦਾ ਸੀ, ਪਰ ਉਹ ਵੀ ਦੋਚਿਤੀ ਵਿੱਚ ਪੈ ਗਿਆ ਹੈ। ਲੁਧਿਆਣਾ ਤੋਂ ਬੈਂਸ ਭਰਾ ਵੀ ਪਹਿਲਾਂ ਭਾਜਪਾ ਦਾ ਪੱਲਾ ਫੜਨ ਦੀ ਇੱਛਾ ਰੱਖਦੇ ਹੋ ਸਕਦੇ ਹਨ, ਅਜਿਹੀਆਂ ਚਰਚਾਵਾਂ ਚਲਦੀਆਂ ਰਹੀਆਂ ਹਨ। ਦੋ ਦਿਨ ਪਹਿਲਾਂ ਬੈਂਸ ਭਰਾਵਾਂ ਦੇ ਕਾਂਗਰਸ ਵਿੱਚ ਸ਼ਾਮਿਲ ਹੋਣ ਦੀ ਚਰਚਾ ਛਿੜ ਗਈ ਸੀ, ਪਰ ਉਨ੍ਹਾਂ ਨੂੰ ਵੀ ਵਿਰਾਮ ਲੱਗ ਗਿਆ ਲੱਗਦਾ ਹੈ। ਸੁਖਦੇਵ ਸਿੰਘ ਢੀਂਡਸਾ ਵੀ ਭਾਜਪਾ ਨਾਲੋਂ ਤੋੜ ਵਿਛੋੜਾ ਕਰਕੇ ਅਕਾਲੀ ਦਲ ਵਿੱਚ ਸ਼ਾਮਿਲ ਹੋ ਕੇ ਖੁਸ਼ ਹੋ ਰਹੇ ਹੋਣਗੇ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਲਈ ਹਾਲੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ। ਕਾਂਗਰਸ ਵੀ ਉਮੀਦਵਾਰਾਂ ਦਾ ਐਲਾਨ ਕਰਨ ਨੂੰ ਲੈ ਕੇ ਹਾਲੇ ਜੱਕੋ ਤੱਕੀ ਵਿੱਚ ਹੈ। ਆਮ ਆਦਮੀ ਪਾਰਟੀ ਵੱਲੋਂ ਪਹਿਲਾਂ ਛੇ ਅਤੇ ਬਾਅਦ ਵਿੱਚ ਦੋ ਉਮੀਦਵਾਰ ਦਾ ਐਲਾਨ ਕੀਤਾ ਗਿਆ, ਉਸ ਤੋਂ ਬਾਅਦ ਹੁਣ ਬਰੇਕਾਂ ਲੱਗ ਚੁੱਕੀਆਂ ਹਨ। ਭਾਰਤੀ ਜਨਤਾ ਪਾਰਟੀ ਨੇ ਵੀ ਪਹਿਲੀ ਸੂਚੀ ਜਾਰੀ ਕਰਕੇ ਹੁਣ ਅਗਲੀ ਸੂਚੀ ਰੋਕ ਲਈ ਹੈ। ਦੋਚਿੱਤੀ ਵਿੱਚ ਪਏ ਰਾਜਨੀਤਕ ਨੇਤਾਵਾਂ ਦੇ ਮਨ ਨੂੰ ਵੱਡੀ ਠੇਸ ਲੱਗੀ ਹੋਵੇਗੀ। ਕਈਆਂ ਨੇ ਇਹ ਮਨ ਬਣਾ ਰੱਖਿਆ ਸੀ ਕਿ ਜੇ ਉਨ੍ਹਾਂ ਨੂੰ ਆਪਣੀ ਪਾਰਟੀ ਵੱਲੋਂ ਟਿਕਟ ਨਾ ਮਿਲੀ, ਤਦ ਉਹ ਦੂਜੀਆਂ ਪਾਰਟੀਆਂ ਦਾ ਬੂਹਾ ਖੜਕਾ ਸਕਣਗੇ।

## ਪੰਜਾਬ ਵਿੱਚ ਭਾਜਪਾ ਉਮੀਦਵਾਰਾਂ ਦਾ ਪਿੰਡਾਂ 'ਚ ਭਾਰੀ ਵਿਰੋਧ




ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇੱਕ ਨਵੀਂ ਤਰ੍ਹਾਂ ਦਾ ਬਿਆਨ ਦੇ ਕੇ ਵੱਖਰੀ ਚਰਚਾ ਛੇੜ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ 'ਆਪ' ਨੂੰ ਇੱਕ ਵੀ ਸੀਟ ਨਹੀਂ ਮਿਲੇਗੀ ਅਤੇ ਉਸ ਤੋਂ ਬਾਅਦ ਭਗਵੰਤ ਮਾਨ ਤੋਂ ਮੁੱਖ ਮੰਤਰੀ ਦੀ ਕੁਰਸੀ ਲੈ ਕੇ ਇਹ ਗੱਦੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਦੇ ਦਿੱਤੀ ਜਾਵੇਗੀ। ਬਿਆਨ ਇੱਕ ਸੁਰਲੀ ਹੋ ਸਕਦਾ ਹੈ ਤੇ ਇੱਕ ਸ਼ਰਾਰਤ ਵੀ, ਪਰ ਇੱਕ ਨਵੀਂ ਤਰ੍ਹਾਂ ਦੀ ਭਸੂੜੀ ਤਾਂ ਪਾ ਦਿੱਤੀ ਹੈ ਨਾ!

ਪੰਜਾਬ ਦੀ ਸਿਆਸਤ ਦਾ ਅਸਲ ਸੱਚ ਇਹ ਹੈ ਕਿ ਆਮ ਆਦਮੀ ਪਾਰਟੀ ਅਤੇ ਭਾਰਤੀ ਦਾ ਜਨਤਾ ਪਾਰਟੀ ਨੂੰ ਉਮੀਦਵਾਰ ਲੱਭਣੇ ਔਖੇ ਹੋ ਗਏ ਹਨ। ਆਮ ਆਦਮੀ ਪਾਰਟੀ ਨੇ ਕੁਝ ਮੰਤਰੀ ਦਾਅ ਉੱਤੇ ਲਾ ਦਿੱਤੇ ਹਨ। ਭਾਰਤੀ ਜਨਤਾ ਪਾਰਟੀ ਦੀ ਹਾਲੇ ਵੀ ਝਾਕ ਦੂਜੀਆਂ ਪਾਰਟੀਆਂ ਵੱਲ ਹੈ। ਸ਼੍ਰੋਮਣੀ ਅਕਾਲੀ ਦਲ ਉਮੀਦਵਾਰਾਂ ਦੇ ਐਲਾਨ ਵਿੱਚ ਹਮੇਸ਼ਾ ਹੀ ਮੋਹਰੀ ਰਿਹਾ ਹੈ, ਪਰ ਇਸ ਵਾਰ ਪਛੜ ਚੁੱਕਾ ਹੈ। ਕਾਂਗਰਸ ਪਾਰਟੀ ਵੱਡੇ ਚਿਹਰਿਆਂ ਨੂੰ ਮੈਦਾਨ ਵਿਚ ਉਤਾਰਨ ਦੀ ਤਾਕਤ ਵਿੱਚ ਹੈ। ਮਿਆਰੀ ਸੂਤਰ ਦੱਸਦੇ ਹਨ ਕਿ ਕਾਂਗਰਸ ਹਾਈ ਕਮਾਂਡ ਨੇ ਪੰਜ ਸਿਟਿੰਗ ਮੈਂਬਰਾਂ ਨੂੰ ਟਿਕਟਾਂ ਦੇਣ ਦਾ ਮਨ ਬਣਾ ਲਿਆ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਟਿਕਟ ਵੀ ਪੱਕੀ ਦੱਸੀ ਜਾਂਦੀ ਹੈ, ਪਰ ਜਲੰਧਰ ਤੋਂ ਚੌਧਰੀ ਪਰਿਵਾਰ ਉਨ੍ਹਾਂ ਦੇ ਵਿਰੋਧ ਵਿੱਚ ਖੜ੍ਹਾ ਹੈ। ਇਸੇ ਤਰ੍ਹਾਂ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਦੱਸੇ ਜਾ ਰਹੇ ਹਨ। ਉਨ੍ਹਾਂ ਨੂੰ ਵੀ ਸਥਾਨਕ ਲੀਡਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਣ ਲੱਗਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਹਾਲੇ ਉਮੀਦਵਾਰਾਂ ਬਾਰੇ ਫੈਸਲਾ ਨਹੀਂ ਲਿਆ ਗਿਆ, ਪਰ ਕਈ ਹਲਕਿਆਂ ਵਿੱਚ ਆਪਸੀ ਵਿਰੋਧ ਦੀ ਘੁਸਰ ਮੁਸਰ ਸ਼ੁਰੂ ਹੋ ਗਈ ਹੈ।

ਦਲ ਬਦਲੀ ਨੇ ਸਿਆਸਤ ਦੇ ਮਿਆਰ ਨੂੰ ਭਾਰੀ ਸੱਟ ਮਾਰੀ ਹੈ। ਦਲ ਬਦਲਣ ਵੇਲੇ ਅਸੂਲਾਂ ਅਤੇ ਸਿਧਾਂਤਾਂ ਨੂੰ ਛਿੱਕੇ ਟੰਗ ਦਿੱਤਾ ਜਾਂਦਾ ਹੈ। ਇਹੋ ਵਜ੍ਹਾ ਹੈ ਕਿ ਲੋਕਾਂ ਦਾ ਲੀਡਰਾਂ ਉੱਤੋਂ ਵਿਸ਼ਵਾਸ ਉੱਠ ਚੁੱਕਾ ਹੈ। ਉਹ ਆਪਣੇ ਨੇਤਾਵਾਂ ਉੱਤੇ ਭਰੋਸਾ ਕਰਨੋ ਹੱਟ ਗਏ ਹਨ। ਕੌੜਾ ਸੱਚ ਇਹ ਵੀ ਹੈ ਕਿ ਉਨ੍ਹਾਂ ਦੇ ਮਨ ਵਿੱਚ ਲੀਡਰਾਂ ਦਾ ਪਹਿਲਾਂ ਜਿੰਨਾ ਡਰ ਭਉ ਨਹੀਂ ਰਿਹਾ ਹੈ ਅਤੇ ਉਹ ਸਤਿਕਾਰ ਕਰਨ ਤੋਂ ਵੀ ਹਟ ਗਏ ਹਨ। ਦਿੱਲੀ ਦੀਆਂ ਬਰੂਹਾਂ ਉੱਤੇ ਇੱਕ ਸਾਲ ਤੋਂ ਵੱਧ ਸਮੇਂ ਲਈ ਚੱਲੇ ਅੰਦੋਲਨ ਤੋਂ ਬਾਅਦ ਪੰਜਾਬੀ ਆਪਣੇ ਲੀਡਰਾਂ, ਵਿਧਾਇਕਾਂ ਅਤੇ ਮੰਤਰੀਆਂ ਨਾਲ ਖੜ੍ਹ ਕੇ ਫੋਟੋਆਂ ਖਿਚਵਾਉਣ ਤੋਂ ਕਾਫੀ ਹੱਦ ਤੱਕ ਹੱਟ ਗਏ ਹਨ। ਹੁਣ ਸਿਆਸੀ ਲੀਡਰਾਂ ਨੂੰ ਪਰਿਵਾਰਕ ਸਮਾਗਮਾਂ ਵਿੱਚ ਬੁਲਾ ਕੇ ਟੌਹਰ ਨਹੀਂ ਸਮਝ ਜਾਂਦੀ ਹੈ। ਕਈ ਤਾਂ ਲੀਡਰਾਂ ਨੂੰ ਪਰਿਵਾਰਕ ਸਮਾਗਮਾਂ ਵਿੱਚੋਂ ਬੁਲਾਉਣੋਂ ਹੀ ਹਟਣ ਲੱਗੇ ਹਨ, ਇਹ ਸੋਚ ਕੇ ਕਿ ਕਿੱਧਰੇ ਕੋਈ ਬਖੇੜਾ ਨਾ ਖੜ੍ਹਾ ਹੋ ਜਾਵੇ। ਇਹ ਇੱਕ ਚੰਗੀ ਸ਼ੁਰੂਆਤ ਹੈ। ਗੱਲ ਇਸ ਪਾਸੇ ਵੱਲ ਨੂੰ ਹੋਰ ਤੇਜ਼ੀ ਨਾਲ ਤੁਰਨੀ ਚਾਹੀਦੀ ਹੈ। ਵਿਦੇਸ਼ਾਂ ਦੀ ਤਰ੍ਹਾਂ ਸਿਆਸੀ ਲੀਡਰਾਂ, ਵਿਧਾਇਕਾਂ ਅਤੇ ਮੰਤਰੀਆਂ ਨੂੰ ਆਮ ਲੋਕਾਂ ਦੀ ਤਰ੍ਹਾਂ ਲੈਣ ਦੀ ਲੋੜ ਹੈ।

Gagandeep Cheema



FINANCIAL SERVICES PROFESSIONAL
847-340-6692

**Services:**

Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning

**ਸੇਵਾਵਾਂ:**



ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

# ਦੇਸ-ਵਿਦੇਸ਼ ਵਿੱਚ ਵੱਸਦੇ ਸਮੂਹ ਟਰੱਕਰ ਭਰਾਵਾਂ ਅਤੇ ਪੰਜਾਬੀ ਭਾਈਚਾਰੇ ਨੂੰ ਵਿਸਾਖੀ ਦੀ ਲੱਖ ਲੱਖ ਵਧਾਈ

## ਇੰਡੀਅਨਐਪੋਲਿਸ (ਇੰਡੀਆਨਾ) ਆਧਾਰਿਤ ਦੋ ਟਰੱਕਿੰਗ ਕੰਪਨੀਆਂ ਨੂੰ

# ਡਰਾਈਵਰਾਂ ਦੀ ਫੌਰੀ ਲੋੜ ਹੈ





**Dedicated Drop & Hook**
**Hiring Company Drivers**
**Hiring Dispatcher**
**Hiring Maintenance Mechanic**

- ਡਿਸਪੈਚਰ ਵੀ ਚਾਹੀਦੇ ਹਨ
- ਪੱਕੇ ਡਰੌਪ ਐਂਡ ਹੁੱਕ
- ਰੱਖ-ਰਖਾਅ ਲਈ ਮਕੈਨਿਕ ਵੀ ਚਾਹੀਦੇ ਹਨ

ਹੋਰ ਜਾਣਕਾਰੀ ਲਈ ਸੰਪਰਕ ਕਰੋ

**R&P LOGISTICS INC**
2802 W McCarty St.
Indianapolis, IN 46221
Ph: 317-440-5021

**Sodey Trucking Ltd.**
2802 West McCarty St.
Indianapolis, IN 46221
Ph: 317-319-3832


Email: sodeystl@gmail.com


# ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’ ਨਾਟਕ ਰਾਹੀਂ 1947 ਦੀ ਵੰਡ ਦਾ ਦੁਖਾਂਤ ਪੇਸ਼


ਕੁਲਜੀਤ ਦਿਆਲਪੁਰੀ

***ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਸਮਾਗਮ ਯਾਦਗਾਰੀ ਹੋ ਨਿਬੜਿਆ**
***ਨਾਟਕ ਦੇ ਕਲਾਕਾਰਾਂ ਦੀ ਬਾਕਮਾਲ ਅਦਾਕਾਰੀ *ਸ਼ਾਇਰੀ ਦਾ ਵੀ ਰੰਗ ਖਿੜਿਆ**

**ਸ਼ਿਕਾਗੋ:** ਵੈਸੇ ਤਾਂ ਕਬੱਡੀ ਮੇਲਿਆਂ, ਸੱਭਿਆਚਾਰਕ ਸਮਾਗਮਾਂ, ਗਿੱਧੇ-ਭੰਗੜੇ ਤੇ ਮਨੋਰੰਜਨ ਨਾਲ ਭਰਪੂਰ ਪੇਸ਼ਕਾਰੀਆਂ, ਸਮਾਜਿਕ-ਭਾਈਚਾਰਕ ਇਕੱਠਾਂ ਅਤੇ ਗੀਤ-ਸੰਗੀਤ ਤੇ ਸ਼ੇਅਰੋ-ਸ਼ਾਇਰੀ ਦੇ ਸਮਾਗਮਾਂ ਵਿੱਚ ਮਸਰੂਫ ਰਹਿਣ ਕਰਕੇ ਸ਼ਿਕਾਗੋਲੈਂਡ ਚਰਚਾ ਵਿੱਚ ਰਹਿੰਦਾ ਹੈ, ਪਰ ਇਸ ਕੜੀ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਪੰਜਾਬੀ ਮਾਂ ਬੋਲੀ ਦਿਵਸ ਮਨਾਉਣ ਦਾ ਉਪਰਾਲਾ ਜੁੜ ਜਾਣਾ ਸ਼ੁਭ ਸ਼ਗਨ ਦੇ ਨਿਆਈਂ ਹੈ, ਤੇ ਪੰਜਾਬੀ ਨਾਟਕਾਂ ਦਾ ਮੰਚਨ ਸੋਨੇ ‘ਤੇ ਸੁਹਾਗੇ ਵਾਲੀ ਗੱਲ ਹੋ ਗਈ ਹੈ। ਕੋਸ਼ਿਸ਼ਾਂ ਦੀ ਨਿਰੰਤਰਤਾ ਜਾਂ ਕੁਝ ਕਰ ਗੁਜ਼ਰਨ ਦੀ ਦ੍ਰਿੜਤਾ ਦਾ ਸੁਮੇਲ ਇਹ ਸੀ ਕਿ ਲੰਘੇ ਦਿਨੀਂ ਪੈਲਾਟਾਈਨ ਵਿੱਚ ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਕਰਵਾਇਆ ਗਿਆ ਸਮਾਗਮ ਦਰਸ਼ਕਾਂ ਦੇ ਮਨਾਂ ਉਤੇ ਗਹਿਰੀ ਛਾਪ ਛੱਡ ਗਿਆ। ਇਸ ਦੌਰਾਨ ਨਾਟਕ ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’ ਦੇ ਮੰਚਨ ਰਾਹੀਂ 1947 ਦੀ ਵੰਡ ਦਾ ਦੁਖਾਂਤ ਪੇਸ਼ ਕੀਤਾ ਗਿਆ। ‘ਪੀੜਾਂ ਦੇ ਪਰਾਗੇ’ ਨੂੰ ਜਿਸ ਤਰ੍ਹਾਂ ਕਲਾਕਾਰਾਂ ਨੇ ਮੋਤੀਆਂ ਦਾ ਹਾਰ ਬਣਾ ਕੇ ਪੇਸ਼ ਕੀਤਾ, ਉਹ ਆਪਣੀ ਮਿਸਾਲ ਆਪ ਸੀ।











ਸਆਦਤ ਹਸਨ ਮੰਟੋ ਦੀ ‘ਟੋਭਾ ਟੇਕ ਸਿੰਘ’ ਕਹਾਣੀ ’ਤੇ ਆਧਾਰਤ ਇਸ ਨਾਟਕ ਦੇ ਮੰਚਨ ਦੌਰਾਨ ਬਟਵਾਰੇ ਦੀ ਪੀੜ ਦੇ ਨਾਲ ਨਾਲ ਮਜ਼ਹਬੀ ਜਨੂੰਨੀਆਂ ਕਾਰਨ ਭਾਈਚਾਰਿਆਂ ਵਿੱਚ ਬੇਇਤਫ਼ਾਕੀ ਦਾ ਹਾਵੀ ਹੋ ਜਾਣਾ, ਗਹਿਗੱਚ ਕਤਲੋਗਾਰਤ, ਵਿਛੋੜੇ ਦਾ ਦਰਦ ਅਤੇ ਬੋਲੀ, ਮਿੱਟੀ ਤੇ ਪਿੰਡ ਦੇ ਹੇਰਵੇ ਸਮੇਤ ਹੋਰ ਪੀੜਾਂ ਦਾ ਜ਼ਿਕਰ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਗਿਆ। ਪਾਗਲਖਾਨੇ ਵਿੱਚ ਤਾੜੇ ‘ਪਾਗਲਾਂ’ ਦੀ ਵਾਰਤਾਲਾਪ ’ਤੇ ਆਧਾਰਤ ਵੰਡ ਵੇਲੇ ਦੀ ਤ੍ਰਾਸਦੀ ਨੂੰ ਦਰਸਾਉਂਦਾ ਨਾਟਕ ਇਹ ਦੱਸਣ ਵਿੱਚ ਸਫਲ ਰਿਹਾ ਕਿ ਬੇਸ਼ੱਕ ਗੋਰੀ ਹਕੂਮਤ ਵੱਲੋਂ ਇੱਕ ਤੋਂ ਦੋ ਮੁਲਕ ਬਣਾ ਦਿੱਤੇ ਗਏ, ਪਰ ਲੋਕਾਂ ਵਿੱਚ ਪੰਜਾਬੀਅਤ ਪ੍ਰਤੀ ਮੋਹ ਤੇ ਭਾਈਚਾਰਕ ਮੁਹੱਬਤਾਂ ਦੀ ਗਹਿਰੀ ਸਾਂਝ ਬਰਕਰਾਰ ਰਹੀ ਹੈ। ਇਹ ਪੱਖ ਉਘਾੜਿਆ ਗਿਆ ਕਿ ਵੱਖ ਵੱਖ ਅਕੀਦਿਆਂ ਵਿੱਚ ਵਿਸ਼ਵਾਸ ਰੱਖਣ ਦੇ ਬਾਵਜੂਦ ਲੋਕ ਪੰਜਾਬੀਅਤ ਦੇ ਤੌਰ ’ਤੇ ਇੱਕ ਹਨ। ਬੋਲੀ ਦੇ ਲਿਹਾਜ਼ ਜਜ਼ਬਾਤੀ ਸਾਂਝ ਵੰਡ ਪੈ ਜਾਣ ਪਿੱਛੋਂ ਵੀ ਬਣੀ ਹੋਈ ਹੈ, ਪਰ ਸਿਤਮਜ਼ਰੀਫੀ ਇਹ ਹੈ ਕਿ ਸਿਆਸੀ ਤੌਰ ’ਤੇ ਸਕਾਰਾਤਮਕ ਚਾਰਾਜੋਈਆਂ ਕੀਤੇ ਜਾਣ ਦੀ ਥਾਂ ਨਫਰਤੀ/ਫਿਰਕੂ ਅੱਗਾਂ ਨੂੰ ਹਵਾ ਦੇ ਦਿੱਤੀ ਜਾਂਦੀ ਹੈ। ਨਾਟਕ ਵਿੱਚ ਗੀਤ ਗੂੰਜਿਆ ਸੀ: ‘ਕੁਰਸੀ ਮੱਲਣ ਖਾਤਿਰ ਲਿਖਦੇ ਨਿੱਤ ਇੱਕ ਨਵੀਂ ਕਹਾਣੀ; ਕਿਸੇ ਦੀ ਦੋ ਟੁੱਕ ਰੋਟੀ ਰੁਲ਼ ਗਈ, ਕਿਸੇ ਦਾ ਦੋ ਘੁੱਟ ਪਾਣੀ।’





ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਡਾ. ਆਤਮਜੀਤ ਨੇ ਕਿਹਾ ਕਿ ਸਆਦਤ ਹਸਨ ਮੰਟੋ ਸਾਡੇ ਵੱਡੇ ਕਹਾਣੀਕਾਰ ਹੋਏ ਨੇ, ਜਿਨ੍ਹਾਂ ਦਾ ਗਲਪ ਵਿੱਚ ਬਹੁਤ ਨਾਂ ਹੈ। ਉਨ੍ਹਾਂ ਨੇ ਹਿੰਦੋਸਤਾਨ-ਪਾਕਿਸਤਾਨ ਦੀ ਵੰਡ ਬਾਰੇ ਇੱਕ ਕਹਾਣੀ ਲਿਖੀ ਸੀ- ਟੋਭਾ ਟੇਕ ਸਿੰਘ, ਅਤੇ ਇਹ ਨਾਟਕ ਉਸੇ ‘ਤੇ ਆਧਾਰਤ ਹੈ।

ਨਾਟਕ ਸ਼ੁਰੂ ਹੁੰਦਿਆਂ ਹੀ ਸਟੇਜ ‘ਤੇ ਇਹ ਗੀਤ ਚੱਲਿਆ ਸੀ:

ਰੁੱਖ ਤਾਂ ਸਾਡੇ ਸਿਰ ‘ਤੇ ਯਾਰੋ, ਪਰ ਕਿੱਥੇ ਹੈ ਉਸ ਦੀ ਛਾਂ?


ਇਨਸਾਨਾਂ ਦੇ ਨਾਲ ਗਵਾਚੇ, ਰਿਸ਼ਤਿਆਂ ਦਾ ਕੀ ਰੱਖੀਏ ਨਾਂ?

ਨਾਟਕ ਦੇ ਪ੍ਰਵਾਹ ਦੌਰਾਨ ਕਈ ਸੰਵਾਦਾਂ ਵਿੱਚ ਗੁੱਝੇ ਵਿਅੰਗ ਛੁਪੇ ਹੋਏ ਸਨ ਅਤੇ ਕੁਝ ਗਹਿਰ-ਗੰਭੀਰ ਗੱਲਾਂ ਨੂੰ ਮਜਾਹੀਆ ਚਾਸ਼ਣੀ ਵਿੱਚ ਡੁਬੋ ਕੇ ਪੇਸ਼ ਕੀਤਾ ਗਿਆ ਸੀ। ਇੱਕ ਪਿੱਛੋਂ ਇੱਕ ਦ੍ਰਿਸ਼ ਬਦਲਦੇ ਗਏ ਅਤੇ ਆਪਣਾ ਪ੍ਰਭਾਵ ਛੱਡਦੇ ਗਏ। ਪਾਤਰਾਂ ਦੇ ਸਵਾਲ-ਜਵਾਬ ਦੌਰਾਨ ‘ਆਜ਼ਾਦੀ ਕੀ ਹੁੰਦੀ ਹੈ?... ਇਹ ਕੋਈ ਐਸੀ ਮਸ਼ੀਨ ਹੈ, ਜਿਸ ’ਤੇ ਉਸਤਰੇ ਬਣਦੇ ਨੇ!’; ‘ਪੂਰੇ ਦੋ ਮੂਲਕ ਬਣ ਗਏ ਨੇ... ਇਹ ਵੱਖ ਹੋ ਕੇ ਵੀ ਪੂਰੇ ਕਿਵੇਂ ਹੋ ਸਕਦੇ ਨੇ!’; ‘ਜੰਗ-ਏ-ਆਜ਼ਾਦੀ ਖਤਮ ਹੋ ਗਈ ਹੈ, ਪਰ ਬਿਮਾਰੀ ਫੈਲ ਗਈ ਹੈ’; ‘ਪਾਕਿਸਤਾਨ ਛੱਡ ਕੇ ਜਿੰਨੇ ਮਰਜੀ ਸਤਾਨ ਬਣਾ ਦਿਓ, ਪਰ ਸਾਨੂੰ ਤਾਂ ਨਾ ਸਤਾਓ’; ‘ਜਾਨਵਰਾਂ ਨੂੰ ਨਿਖੇੜਨਾ ਨਹੀਂ ਚਾਹੀਦਾ’; ‘ਓਹਨੇ ਮੇਰੇ ਬਾਪੂ ਦੀ ਭੋਇੰ ’ਤੇ ਚੀਰ ਪਾਇਆ’; ‘ਸਾਨੂੰ ਤਾਂ ਅੰਬਰਸਰ ਤੇ ਲਾਹੌਰ ਚਾਹੀਦੇ ਨੇ’; ‘ਜੇ ਪੁੱਲ ਟੁੱਟ ਗਿਆ ਤਾਂ ਬਾਬਾ ਨਾਨਕ ਮੁਆਫ ਨਹੀਂ ਕਰੇਗਾ’; ‘ਵੀਰ ਮੇਰਿਆ ਜੁਗਨੀ ਕਹਿੰਦੀ ਸੀ, ਅਸ਼ਾਂ ਤੇ ਫਾਂਸ਼ੀ ਚੜ੍ਹਨਾ ਨਹੀਂ’; ‘ਛੋਲੇ ਗਰਮ ਕਰਾਰੇ - ਮਲਾਈ ਵਾਲੀ ਕੁਲਫੀ’; ‘ਛੋਲੇ ਮੁੱਕ ਸਕਦੇ ਹਨ, ਪਰ ਕੁਲਫੀ ਕਦੇ ਨਹੀਂ ਖੁਰ ਸਕਦੀ’; ‘ਓਪੜਦੀ ਗੜਗੜਦੀ ਬੇਧਿਆਨਿਆਂ ਦੀ...’; ‘ਹੋ ਗਈ ਨਾ ਢਿਬਰੀ ਟੈਟ!’; ‘ਕੜ੍ਹੀ ਨਾਲ ਕੜਾਹ’; ‘ਮੇਰੀ ਤੇ ਸ਼ੀਲਾ ਦੀ ਚਾਹ ਰਲ਼ ਗਈ, ਹੁਣ ਨਹੀਂ ਅਸੀਂ ਵੱਖ ਹੋ ਸਕਦੇ’; ‘ਦਰਖਤ ਕੱਟਿਆ/ਵੱਢਿਆ ਜਾ ਸਕਦਾ ਹੈ, ਪਰ ਜੜ੍ਹਾਂ ਨਹੀਂ ਵੰਡੀਆਂ ਜਾ ਸਕਦੀਆਂ’ ਸਮੇਤ ਅਨੇਕਾਂ ਅਜਿਹੇ ਸੰਵਾਦ ਸਨ, ਜਿਨ੍ਹਾਂ ਪਿੱਛੇ ਪੂਰੀ ਦੀ ਪੂਰੀ ਕਹਾਣੀ ਲੁਕੀ ਹੋਈ ਸੀ।

ਇਸ ਤੋਂ ਇਲਾਵਾ ਤਬਾਦਲੇ ਸਮੇਂ ਨੂੰ ਦਰਸਾਉਂਦੇ ਹਿਜੜਿਆਂ ਦੇ ਸੀਨ ਦੌਰਾਨ ਇਹ ਬੋਲ ‘ਜੇ ਅਸੀਂ ਜੰਮ ਨਹੀਂ ਸਕਦੇ ਤਾਂ ਅਸੀਂ ਮਾਰਦੇ ਵੀ ਨਹੀਂ’ ਡੂੰਘੀ ਚੋਟ ਸਨ। ਬਚਨ ਸਿੰਘ ਨੂੰ ਮਿੱਟੀ ਦਾ ਹੇਰਵਾ ਸੀ ਕਿ ਉਹ ਨਾ ਪਾਕਿਸਤਾਨ ਰਹਿਣਾ ਚਾਹੁੰਦਾ ਹੈ ਤੇ ਨਾ ਹਿੰਦੋਸਤਾਨ ਵਿੱਚ; ਉਹ ਤਾਂ ਆਪਣੇ ਪਿੰਡ ਟੋਭਾ ਟੇਕ ਸਿੰਘ ਜਾਣਾ ਚਾਹੁੰਦਾ ਹੈ, ਜਿੱਥੇ ਸਭ ਇਕੱਠੇ ਰਹਿੰਦੇ ਹੋਣ! ਰੂਪ ਲਾਲ ਦਾ ਆਪਣੀ ਪ੍ਰੇਮਿਕਾ ਸ਼ੀਲਾ ਨਾਲ ਵਿਛੋੜੇ ਦਾ ਦਰਦ, ਸਰਵਣ ਸਿੰਘ ਤੋਂ ਬਣੇ ਸਰਵਣ ਅਲੀ ਦੀ ਦਾਸਤਾਂ ਕਿ ਰੇਲ ਗੱਡੀ ’ਚ ਵੱਢ-ਟੁੱਕ ਦੇਖਣ ਤੋਂ ਬਾਅਦ ਉਹ ਪਾਗਲ ਹੋ ਗਿਆ, ਫੌਜੀ ਮੱਖਣ ਸਿੰਘ ਦਾ ‘ਆਜ਼ਾਦੀ ਮਿਲ ਗਈ ਹੈ, ਅੰਗਰੇਜ਼ ਆਜ਼ਾਦ ਹੋ ਗਏ ਹੈਂ’ ਆਦਿ ਪਾਤਰਾਂ ਦੀ ਮਾਨਸਿਕ ਪੀੜ ਨੂੰ ਦ੍ਰਿਸ਼ਮਾਨ ਕਰ ਰਹੇ ਸਨ।

ਇਸ ਗੱਲ ਤੋਂ ਸਭ ਹੈਰਾਨ ਸਨ ਕਿ ਕੁਝ ਕਲਾਕਾਰਾਂ ਨੇ ਤਾਂ ਸਟੇਜ ਹੀ ਪਹਿਲੀ ਵਾਰ ਕੀਤੀ ਹੈ! ਨਾਟਕ ਦੇ ਕਲਾਕਾਰਾਂ ਦੀ ਬਾਕਮਾਲ ਅਦਾਕਾਰੀ ਨੇ ਇਸ ਗੱਲ ਉਤੇ ਦੂਹਰ ਪਾ ਦਿੱਤੀ ਹੈ ਕਿ ਨਾਟਕਕਾਰ ਡਾ. ਆਤਮਜੀਤ ਨਾਟਕ ਦੇ ਪਾਤਰ ਨੂੰ ਇਸ ਤਰ੍ਹਾਂ ਸਾਂਚੇ ਵਿੱਚ ਢਾਲ ਦਿੰਦੇ ਹਨ, ਉਹ ਆਮ ਤੋਂ ਖਾਸ ਹੋ ਜਾਂਦਾ ਹੈ। ਬੇਸ਼ੱਕ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਨੂੰ ਟੀਸੀ ‘ਤੇ ਪਹੁੰਚਾਉਣ ਲਈ ਖੂਬ ਮਿਹਨਤ ਕੀਤੀ, ਪਰ ਜਿਸ ਤਰ੍ਹਾਂ ਉਨ੍ਹਾਂ ਨੇ ਆਪਣੇ ਸਰੀਰ ਵਿੱਚੋਂ ਆਪਣਾ ਆਪ ਕੱਢ ਕੇ ਪਾਤਰ ਦਾ ਪ੍ਰਵੇਸ਼ ਕਰਵਾਇਆ, ਉਹ ਇਸ ਗੱਲ ਦੀ ਗਵਾਹੀ ਹੈ ਕਿ ਹਰ ਇੱਕ ਦੇ ਅੰਦਰ ਇੱਕ ਕਲਾਕਾਰ ਲੁਕਿਆ ਹੁੰਦਾ ਹੈ, ਬਸ ਕੋਈ ਉਸ ਦੀ ਪ੍ਰਤਿਭਾ ਨੂੰ ਹੰਘਾਲੇ ਤਾਂ ਸਹੀ! ਇਹ ਜੁਗਤ ਡਾ. ਆਤਮਜੀਤ ਨੂੰ ਆਉਂਦੀ ਹੈ, ਤੇ ਸ਼ਿਕਾਗੋਲੈਂਡ ਦੇ ਪੰਜਾਬੀਆਂ ਦੀ ਇਹ ਖੁਸ਼ਕਿਸਮਤੀ ਸਮਝੋ ਕਿ ਅਜਿਹਾ ਜੌਹਰੀ ਉਨ੍ਹਾਂ ਦੇ ਸ਼ਹਿਰ ਦਾ ਮਾਣ ਬਣ ਗਿਆ ਹੈ- ਉਂਜ ਮਿੱਡਵੈਸਟ ‘ਚ ਹੀਰਿਆਂ ਦੀ ਘਾਟ ਕੋਈ ਨਹੀਂ!

ਨਾਟਕ ਦੀ ਸਮਾਪਤੀ ‘ਤੇ ਡਾ. ਆਤਮਜੀਤ ਨੇ ਨਾਟਕ ਦੇ ਕਲਾਕਾਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਇਸ ਨਾਟਕ ਲਈ ਸਾਢੇ ਪੰਜ ਮਹੀਨੇ ਮਿਹਨਤ ਕੀਤੀ। ਮੈਨੂੰ ਲਗਪਗ ਨੱਬੇ ਪਰਸੈਂਟ ਪ੍ਰਸ਼ੰਸਕਾਂ ਤੇ ਸ਼ੁਭਚਿੰਤਕਾਂ ਨੇ ਕਿਹਾ ਸੀ ਕਿ ਇੰਨੀ ਵੱਡੀ ਟੀਮ ਨਾਲ ਸ਼ਿਕਾਗੋ ਵਿੱਚ ਨਾਟਕ ਕਰਨ ਦਾ ਪੰਗਾ ਨਾ ਲੈ, ਇਹ ਸੰਭਵ ਨਹੀਂ ਹੈ; ਪਰ ਇਨ੍ਹਾਂ (ਕਲਾਕਾਰਾਂ) ਨੇ ਸੰਭਵ ਬਣਾ ਦਿੱਤਾ। ਇਸ ਮੌਕੇ ਉਨ੍ਹਾਂ ਨੇ ਸ਼ਿਕਾਗੋ ਦੇ ਭਾਰਤੀ ਕੌਂਸਲਖਾਨੇ ਵਿੱਚ ਕੌਂਸਲ ਰਹੇ ਰਣਜੀਤ ਸਿੰਘ ਨੂੰ ਯਾਦ ਕੀਤਾ, ਜਿਨ੍ਹਾਂ ਨੇ ਸ਼ਿਕਾਗੋ ਵਿੱਚ ਕੌਮਾਂਤਰੀ ਮਾਂ ਬੋਲੀ ਦਿਵਸ ਮਨਾਉਣ ਦਾ ਬੰਨ-ਸੁੱਬ ਕੀਤਾ ਸੀ ਅਤੇ ਦਰਸ਼ਨ ਸਿੰਘ ਧਾਲੀਵਾਲ ਦਾ ਵਿੱਤੀ ਮਦਾਦ ਲਈ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ, ਮੇਰੇ ਲਈ ਇਹ ਵੱਡੇ ਮਾਣ ਵਾਲੀ ਗੱਲ ਸੀ ਜਦੋਂ ਸ. ਧਾਲੀਵਾਲ ਨੇ ਮੈਨੂੰ ਕਿਹਾ ਸੀ ਕਿ ਪੰਜਾਬੀ ਬੋਲੀ ਲਈ ਜੋ ਕਰਨਾ ਕਰੀਂ, ਪੈਸੇ ਦੇ ਘਾਟ ਤੈਨੂੰ ਨਹੀਂ ਆਉਣ ਦਿਆਂਗੇ। ਉਨ੍ਹਾਂ ਸੰਤ ਨਿਰੰਕਾਰੀ ਭਵਨ ਦੇ



ਡਾ. ਆਤਮਜੀਤ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



# ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’

ਮੁੱਖ ਪ੍ਰਬੰਧਕ ਡਾ. ਕਾਲੜਾ ਦਾ ਰਿਹਰਸਲ ਲਈ ਥਾਂ ਦੇਣ ਤੇ ਉਚੇਚੀ ਸਹੂਲਤ ਮੁਹੱਈਆ ਕਰਨ ਲਈ ਵੀ ਧੰਨਵਾਦ ਕੀਤਾ।

ਡਾ. ਆਤਮਜੀਤ ਨੇ ਕਿਹਾ ਕਿ ਮੈਨੂੰ ਉਦੋਂ ਬੜੀ ਖੁਸ਼ੀ ਹੋਈ, ਜਦੋਂ ਇਹ ਪਤਾ ਲੱਗਾ ਕਿ ਅੱਜ ਤੋਂ 12-13 ਸਾਲ ਪਹਿਲਾਂ ਇੱਥੇ ਪੰਜਾਬੀ ਨਾਟਕ ‘ਬੁੱਲਾ’ ਖੇਡਿਆ ਗਿਆ ਸੀ ਅਤੇ ਉਸ ਦੇ ਲੇਖਕ ਤੇ ਨਿਰਦੇਸ਼ਕ ਡਾ. ਰਿਆਜ਼ ਬਾਬਰ ਸਮੇਤ ਹੋਰ ਕਲਾਕਾਰਾਂ- ਡਾ. ਆਰਿਫ ਆਗਾ, ਫਰੀਹਾ ਆਗਾ, ਡਾ. ਤਾਹਿਰ ਰੋਹੇਲ, ਡਾ. ਜਾਵੇਦ ਇਕਬਾਲ, ਡਾ. ਜਾਫਰ ਹਸਨੈਨ, ਕਮਲੇਸ਼ ਗੁਪਤਾ, ਮਧੂ ਆਰੀਆ ਨੂੰ ਸਟੇਜ ’ਤੇ ਸੱਦ ਕੇ ਤੁਆਰਫ ਕਰਵਾਇਆ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸ਼ਿਕਾਗੋਲੈਂਡ ਵਿੱਚ ਚਾਰ ਨਾਟਕ- ‘ਬੁੱਲਾ’, ‘ਜੁਗਨੀ’, ‘ਸਾਹਨੀ ਸੱਚ ਕਹਿੰਦਾ ਸੀ’ ਅਤੇ ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’ ਖੇਡੇ ਗਏ ਹਨ; ਗੁਰਮੁੱਖ ਸਿੰਘ ਭੁੱਲਰ ਇਨ੍ਹਾਂ ਚਾਰਾਂ ਵਿੱਚ ਹਾਜ਼ਰ ਰਿਹਾ। ਜ਼ਿਕਰਯੋਗ ਹੈ ਕਿ ਗੁਰਮੁੱਖ ਸਿੰਘ ਭੁੱਲਰ ਹਾਸ ਤੇ ਵਿਅੰਗ ਭਰਪੂਰ ਲਘੂ ਨਾਟਕ ਵੀ ਕਰਦੇ ਰਹਿੰਦੇ ਹਨ। ਕੁਮਾਰ ਪਵਨਦੀਪ ਸਿਨਸਿਨੈਟੀ ਤੋਂ ਉਚੇਚਾ ਰਿਹਰਸਲ ਕਰਨ ਆਉਂਦੇ ਰਹੇ ਹਨ ਅਤੇ ਉਹ 20 ਅਪਰੈਲ ਨੂੰ ਡੇਅਟਨ ਵਿਖੇ ਇਹੋ ਨਾਟਕ ਸਪਾਂਸਰ ਵੀ ਕਰ ਰਹੇ ਹਨ।

ਇਸ ਤੋਂ ਇਲਾਵਾ ਡਾ. ਆਤਮਜੀਤ ਨੇ ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’ ਦੇ ਹੋਰ ਕਲਾਕਾਰਾਂ ਦੀ ਜਾਣ-ਪਛਾਣ ਕਰਵਾਈ, ਜਿਨ੍ਹਾਂ ਵਿੱਚ ਰਾਜੇਸ਼ ਪਵਾਰ, ਚਰਨਦੀਪ, ਮਨਦੀਪ ਕੁਮਾਰ, ਪ੍ਰੀਤੀ ਰਾਜ, ਵਿਨੀਤ ਅਨੰਦ, ਨਿਤੀਸ਼ ਕੁਮਾਰ, ਜਸਰਾਜ, ਮਧੁਰਾ, ਜਸਬੀਰ ਕੌਰ ਮਾਨ, ਰਿਚਾ ਚਾਂਦ, ਰਿਚਾ ਕੌਂਡਲ, ਲੁਮਾਨ ਕੈਸਰ (ਇਜਾਜ਼ ਕੈਸਰ ਦਾ ਬੇਟਾ) ਤੇ ਹੈਰੀ ਸਿੱਧੂ ਸ਼ਾਮਲ ਸਨ। ਕੁਝ ਕਲਾਕਾਰ ਅਜਿਹੇ ਸਨ, ਜਿਨ੍ਹਾਂ ਨੇ ਕਦੇ ਕਿਸੇ ਪੰਜਾਬੀ ਨਾਟਕ ਵਿੱਚ ਹਿੱਸਾ ਨਹੀਂ ਸੀ ਲਿਆ ਤੇ ਕੁਝ ਨੇ ਪਹਿਲੀ ਵਾਰ ਸਟੇਜ ’ਤੇ ਨਾਟਕ ਖੇਡਿਆ। ਸਾਊਂਡ ਦਾ ਪ੍ਰਬੰਧ ਡਾ. ਆਤਮਜੀਤ ਦੇ ਬੇਟੇ ਦਾ ਸੀ। ਸਟੇਜ ਉਤੇ ਰੱਖੇ ਬਣਾਉਟੀ ਦਰਖਤ ਨੂੰ ਲਿਆਉਣ ਲਈ ਹਰਪਾਲ ਹੰਝਰਾ ਦਾ ਵਿਸ਼ੇਸ਼ ਸਹਿਯੋਗ ਰਿਹਾ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਬਤੌਰ ਮੁੱਖ ਮਹਿਮਾਨ ਪਹੁੰਚੇ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮ ਨਾਥ ਘੋਸ਼ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡੇ ਬੰਗਾਲੀਆਂ ਲਈ ਸਾਡੀ ਮਾਂ ਬੋਲੀ ਦਿਲ ਦੇ ਕਰੀਬ ਹੈ। ਉਨ੍ਹਾਂ ਕਿਹਾ ਕਿ ਅੰਗਰੇਜ਼ੀ ਸਮਾਜ ਵਿੱਚ ਲੋਕ ਸਿਰਫ ਇੱਕ-ਦੋ ਬੋਲੀਆਂ ਹੀ ਬੋਲਦੇ ਹਨ, ਪਰ ਭਾਰਤ ਵਿੱਚ ਬਹੁਤ ਸਾਰੀਆਂ ਭਾਸ਼ਾਵਾਂ ਸਿੱਖਣ ਦੇ ਮੌਕੇ ਹਨ। ਉਨ੍ਹਾਂ ਕਿਹਾ ਕਿ ਮੇਰਾ ਵਿਸ਼ਵਾਸ ਹੈ ਕਿ ਜੇ ਪੜ੍ਹਾਈ ਮਾਂ ਬੋਲੀ ਜਾਂ ਖੇਤਰੀ ਭਾਸ਼ਾ ਵਿੱਚ ਕਰਵਾਈ ਜਾਵੇ ਤਾਂ ਉਹ ਹੋਰ ਵਧੇ-ਫੁੱਲੇਗੀ।

ਇਸ ਤੋਂ ਪਹਿਲਾਂ ਸਮਾਗਮ ਦੇ ਮੁੱਖ ਕੋਆਰਡੀਨੇਟਰ ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੌਂਸਲ ਜਨਰਲ ਦੇ ਰੁਝੇਵਿਆਂ ਬਾਰੇ ਦੱਸਿਆ ਅਤੇ ਉਨ੍ਹਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਮੰਚ ‘ਤੇ ਸੱਦਿਆ। ਜਿਗਰਦੀਪ ਸਿੰਘ ਢਿੱਲੋਂ ਨੇ ਪੰਜਾਬੀ ਮਾਂ ਬੋਲੀ ਦਿਵਸ ਬਾਰੇ ਜਾਣਕਾਰੀ ਸਾਂਝੀ ਕੀਤੀ। ਕੋਆਰਡੀਨੇਟਰ ਰਾਜ ਲਾਲੀ ਬਟਾਲਾ ਨੇ ਕਿਹਾ ਕਿ ਅੱਜ ਦਾ ਦਿਨ ਖਾਸ ਹੈ, ਕਿਉਂਕਿ ਇਹ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੈ। ਉਨ੍ਹਾਂ ਨੇ ਸਮਾਗਮ ਦੇ ਸਪਾਂਸਰਾਂ, ਦਰਸ਼ਕਾਂ ਤੇ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਸ਼ੇਅਰ ਸੁਣਾਇਆ,

ਮਾਂ ਬੋਲੀ ਸ਼ੁਕਰਾਨਾ ਤੇਰਾ, ਮਾਂ ਬੋਲੀ ਸ਼ੁਕਰਾਨਾ
ਤੇਰੇ ਕਰਕੇ ਜਾਣੇ ਸਾਨੂੰ, ਜਾਣੇ ਕੁੱਲ ਜ਼ਮਾਨਾ।



ਮੰਚ ’ਤੇ ਸੁਸ਼ੋਭਿਤ ਸ਼ਾਇਰ




ਨਾਟਕਕਾਰ ਡਾ. ਆਤਮਜੀਤ ਅਤੇ ਅਦਾਕਾਰਾਂ ਦਾ ਸਨਮਾਨ









ਨਾਟਕ ਸੰਪਨ ਹੁੰਦਿਆਂ ਹੀ ਕਰੀਬ 65 ਪ੍ਰਤੀਸ਼ਤ ਲੋਕ ਚਲੇ ਗਏ। ਖਾਸ ਕਰ ਮੁਸਲਿਮ ਦਰਸ਼ਕ, ਕਿਉਂਕਿ ਰੋਜ਼ਿਆਂ ਦੇ ਦਿਨ ਸਨ। ਉਂਜ ਵੀ ਸਮਾਗਮ ਦਾ ਮੁੱਖ ਆਕਰਸ਼ਣ ਨਾਟਕ ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’ ਹੀ ਸੀ। ਇਸ ਨਾਟਕ ਨੂੰ ਦੇਖਣ ਲਈ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਦਰਸ਼ਕ ਭਾਰੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਬਾਅਦ ਵਿੱਚ ਪੰਜਾਬੀ ਸਾਹਿਤ ਦਾ ਸਤਿਕਾਰ ਹਿੱਸੇ ਵਿੱਚ ਸ਼ਾਇਰਾਂ- ਰਵਿੰਦਰ ਸਿੰਘ ਸਹਿਰਾਅ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ, ਕਸ਼ਿਸ਼ ਹੁਸ਼ਿਆਰਪੁਰੀ, ਆਬਿਦ ਰਸ਼ੀਦ, ਗੁਲਾਮ ਮੁਸਤਫਾ ਅੰਜੁਮ, ਗੁਰਲੀਨ ਕੌਰ ਅਤੇ ਰਾਜ ਲਾਲੀ ਬਟਾਲਾ ਨੇ ਆਪੋ-ਆਪਣੀਆਂ ਰਚਾਨਾਵਾਂ ਪੜ੍ਹੀਆਂ।

ਸਮਾਗਮ ਦੇ ਮੁੱਖ ਸਪਾਂਸਰ ਤੇ ਚੀਫ ਪੈਟਰਨ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਸਨ, ਜਦਕਿ ਹੋਰ ਸਪਾਂਸਰਾਂ ਵਿੱਚ ਜਪਨੀਤ ਖਹਿਰਾ, ਮੁਖਤਿਆਰ ਸਿੰਘ (ਹੈਪੀ) ਹੀਰ, ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਲੱਕੀ ਸਹੋਤਾ, ਪਰਮਿੰਦਰ ਸਿੰਘ ਗੋਲਡੀ, ਅਮਰੀਕ ਸਿੰਘ (ਅਮਰ ਕਾਰਪੈਟਸ), ਡਾ. ਵਿਕਰਮ ਗਿੱਲ, ਪਰਸ਼ਨ ਸਿੰਘ ਮਾਨ, ਦਵਿੰਦਰ ਸਿੰਘ ਰੰਗੀ, ਦਰਸ਼ਨ ਸਿੰਘ ਗਰੇਵਾਲ, ਰਾਜਿੰਦਰ ਬੀਰ ਸਿੰਘ ਮਾਗੋ, ਸਰਵਣ ਸਿੰਘ ਮਿਸ਼ਵਾਕਾ, ਪਾਲ ਖਲੀਲ, ਅਜੈਬ ਸਿੰਘ ਲੱਖਣ, ਬਿਕਰਮ ਸੋਹੀ, ਜਸਕਰਨ ਧਾਲੀਵਾਲ ਤੇ ਕਮਲੇਸ਼ ਕਪੂਰ ਸ਼ਾਮਲ ਸਨ। ਸਪਾਂਸਰਾਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ ਗਏ।

ਇਸ ਸਮਾਗਮ ਨੂੰ ਪੰਜਾਬੀ ਕਲਚਰਲ ਸੁਸਾਇਟੀ (ਸ਼ਿਕਾਗੋ), ਕਲਮਾਂ ਦੇ ਅੰਗ-ਸੰਗ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.), ਗੁਰੂ ਲਾਧੋ ਰੇ ਸੇਵਾ ਸੁਸਾਇਟੀ (ਵਿਸਕਾਨਸਿਨ), ਸਵੇਰਾ, ਸੁਖਨਵਰ ਸ਼ਿਕਾਗੋ ਪੰਜਾਬੀ ਕਲਚਰਲ ਫੋਰਮ, ਪੰਜਾਬੀ ਕਲਚਰਲ ਸੁਸਾਇਟੀ (ਮਿਸ਼ੀਗਨ) ਤੇ ਗਲੋਬਲ ਪੰਜਾਬੀ ਮਿਲਾਪ ਅਤੇ ਖੇਡ ਤੇ ਸੱਭਿਆਚਾਰਕ ਸੰਸਥਾਵਾਂ- ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਹੈਰੀਟੇਜ ਕਲੱਬ ਮਿਡਵੈਸਟ (ਸ਼ਿਕਾਗੋ), ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਸ਼ਿਕਾਗੋ), ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ (ਸਾਊਥਬੈਂਡ, ਇੰਡੀਆਨਾ) ਅਤੇ ਯੂਥ ਕਲੱਬ ਆਫ ਇੰਡੀਆਨਾ ਦਾ ਸਹਿਯੋਗ ਵੀ ਪ੍ਰਾਪਤ ਸੀ।




ਤਸਵੀਰਾਂ: ਏਸ਼ੀਅਨ ਮੀਡੀਆ


















ਧਾਰਮਿਕ ਤੇ ਸੱਭਿਆਚਾਰਕ
ਭਾਵਨਾਵਾਂ ਦੇ ਸੁਮੇਲ
ਖਾਲਸਾ ਪੰਥ ਦੇ

# ਸਾਜਨਾ ਦਿਵਸ

ਅਤੇ

# ਵਿਸਾਖੀ ਦੀ



# ਲੱਖ ਲੱਖ ਵਧਾਈ

ਵੱਲੋਂ ਪ੍ਰੀਤਮ ਸਿੰਘ ਸਿੱਧੂ (ਸ਼ਿਕਾਗੋ)
ਅਤੇ ਸਮੂਹ ਪਰਿਵਾਰ

---



## ਖੰਡੇ ਬਾਟੇ ਦੀ ਪਹੁਲ 'ਚੋਂ ਜਨਮੇ ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਦੀ ਸਮੂਹ ਲੋਕਾਈ ਨੂੰ

# ਲੱਖ ਲੱਖ ਵਧਾਈ ਹੋਵੇ



ਜਿੰਦੀ ਦਿਆਲ



ਰਾਜਾ ਦਿਆਲ

## ਦੇਸ-ਵਿਦੇਸ਼ ਵਸਦੇ ਸਮੂਹ ਭਾਈਚਾਰੇ ਨੂੰ ਵਿਸਾਖੀ ਮੁਬਾਰਕ

ਵੱਲੋਂ: ਸਮੂਹ ਦਿਆਲ ਪਰਿਵਾਰ (ਸ਼ਿਕਾਗੋ)

# ਸੰਗਤ ਵੱਲੋਂ ਗੁਰਦੁਆਰਾ ਪੈਲਾਟਾਈਨ 'ਚ 'ਬਸੰਤ ਰੁੱਤ' ਦੀ ਕਾਰ ਸੇਵਾ



**ਸ਼ਿਕਾਗੋ:** ਇੱਥੇ ਗੁਰਦੁਆਰਾ ਪੈਲਾਟਾਈਨ ਵਿਖੇ ਲੰਘੇ ਸ਼ਨਿਚਰਵਾਰ ਨੂੰ ਬਸੰਤ ਰੁੱਤ ਦੀ ਕਾਰਸੇਵਾ ਦੌਰਾਨ ਸੰਗਤ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਸੇਵਾ ਵਿੱਚ ਹੱਥ ਵਟਾਇਆ। ਦਿਲਚਸਪ ਇਹ ਸੀ ਕਿ ਕਾਰ ਸੇਵਾ ਜਥੇ ਦੇ ਮੈਂਬਰਾਂ ਦੇ ਨਾਲ ਨਾਲ ਬੱਚਿਆਂ, ਬਜ਼ੁਰਗਾਂ, ਬੀਬੀਆਂ ਅਤੇ ਨੌਜਵਾਨਾਂ ਨੇ ਆਪਣੇ ਮੁਜਬ ਬੜੀ ਤਨਦੇਹੀ ਨਾਲ ਸੇਵਾ ਕੀਤੀ। ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਵੱਲੋਂ ਸਵੇਰੇ ਅਰਦਾਸ ਕਰਨ ਉਪਰੰਤ ਕਾਰ ਸੇਵਾ ਸ਼ੁਰੂ ਹੋਈ। ਉਪਰੰਤ ਗੁਰੂ ਘਰ ਦੇ ਵੱਖ ਵੱਖ ਹਿੱਸਿਆਂ ਵਿੱਚ ਲੋੜ ਮੁਤਾਬਕ ਕੰਮ ਕੀਤੇ ਗਏ। ਗੁਰੂ ਘਰ ਦੇ ਅੰਦਰੋਂ ਅਤੇ ਬਾਹਰੋਂ ਵਾਤਾਵਰਣ ਦੀ ਸਾਫ ਸਫ਼ਾਈ ਕੀਤੀ ਗਈ। ਖਾਸ ਕਰਕੇ ਦਰਬਾਰ ਹਾਲ, ਰਸੋਈ, ਸਰਵਿੰਗ ਵਾਲੀ ਜਗ੍ਹਾ ਤੇ ਹੋਰ ਥਾਂਵਾਂ ਦੀ ਸੇਵਾ ਸੰਭਾਲ ਕੀਤੀ ਗਈ।

ਕਾਰ ਸੇਵਾ ਜਥੇ ਦੇ ਮੋਢੀ ਸ. ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਆਈਆਂ ਸੰਗਤਾਂ ਨੇ ਪੂਰੇ ਜੋਸ਼ ਨਾਲ ਸੇਵਾ ਨਿਭਾਈ ਅਤੇ ਸਿੱਟੇ ਵਜੋਂ ਪਲਾਨ ਕੀਤੇ ਹੋਏ ਕੰਮਾਂ ਦੀ 90% ਪੂਰਤੀ ਤਨ, ਮਨ ਤੇ ਧਨ ਨਾਲ ਕੀਤੀ ਗਈ। ਉਨ੍ਹਾਂ ਸਮੂਹ ਸੇਵਾਦਾਰਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਸਹਿਯੋਗ ਦੀ ਆਸ ਪ੍ਰਗਟਾਈ। ਕਾਰ ਸੇਵਾ ਦੌਰਾਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਸ਼ਿਕਾਗੋਲੈਂਡ ਦੀਆਂ ਸਮੂਹ ਸੰਸਥਾਵਾਂ ਅਤੇ ਕਾਰ ਸੇਵਾ ਜਥੇ ਦੇ ਕਰੀਬ ਢਾਈ ਸੌ ਸੇਵਾਦਾਰਾਂ ਨੇ ਗੁਰਦੁਆਰੇ ਦੀ ਸਾਂਭ-ਸੰਭਾਲ ਅਤੇ ਵਿਸਾਖੀ ਦੇ ਸਮਾਗਮਾਂ ਨੂੰ ਮੁੱਖ ਰੱਖਦਿਆਂ ਸੇਵਾ ਦੌਰਾਨ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ। ਸ. ਔਲਖ ਨੇ ਦੱਸਿਆ ਕਿ ਸਾਲ ਵਿੱਚ ਤਿੰਨ ਵੱਡੀਆਂ ਕਾਰ ਸੇਵਾਵਾਂ ਤੋਂ ਇਲਾਵਾ ਸਾਲਾਨਾ ਸਮਾਗਮ ਵੀ ਕੀਤਾ ਜਾਂਦਾ ਹੈ, ਜਿਸ ਦੌਰਾਨ ਕਾਰ ਸੇਵਾ ਦੀਆਂ ਪ੍ਰਾਪਤੀਆਂ ਅਤੇ ਕੀਤੇ ਕੰਮਾਂ ਬਾਰੇ ਸੰਗਤ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ।

ਬਸੰਤ ਰੁੱਤ ਦੀ ਕਾਰ ਸੇਵਾ ਦੌਰਾਨ ਸਵੇਰੇ ਅਤੇ ਦੁਪਹਿਰ ਦੇ ਲੰਗਰ ਦੀ ਸੇਵਾ ਸ. ਇਕਬਾਲ ਸਿੰਘ ਜੱਜ ਅਤੇ ਪਰਿਵਾਰ ਵੱਲੋਂ ਕੀਤੀ ਗਈ। ਪਰਿਵਾਰ ਨੇ ਸ਼ਰਧਾ ਭਾਵਨਾ ਨਾਲ ਤਿਆਰ ਕੀਤਾ ਲੰਗਰ ਹੱਥੀਂ ਵਰਤਾਇਆ।



## ਰਾਮਦੇਵ ਅਦਾਲਤੀ ਸ਼ਿਕੰਜੇ 'ਚ

ਪੱਖ ਅਦਾਲਤ ਵਿੱਚ ਦਾਇਰ ਕੀਤੇ ਹਨ। ਉੱਤਰਾਖੰਡ ਸਰਕਾਰ ਦਾ ਆਖਣਾ ਹੈ ਕਿ ਉਨ੍ਹਾਂ ਨੇ ਬਾਬਾ ਰਾਮਦੇਵ ਨੂੰ ਕਾਰੋਬਾਰ ਦਰੁਸਤ ਕਰਨ ਲਈ ਸੁਝਾਅ ਦਿੱਤਾ ਸੀ। ਇਹ ਸੁਣ ਕੇ ਅਦਾਲਤ ਨੇ ਪੁੱਛਿਆ ਕਿ ਤੁਸਾਂ ਇਸ ਦੇ ਖਿਲਾਫ ਕਾਰਵਾਈ ਕੀ ਕੀਤੀ? ਤੁਸੀਂ ਸਰਕਾਰ ਚਲਾ ਰਹੇ ਹੋ ਪੋਸਟ ਆਫਿਸ ਨਹੀਂ। ਇੰਝ 10 ਅਪ੍ਰੈਲ ਵਾਲੀ ਪੇਸ਼ੀ 'ਤੇ ਵੀ ਤਾਰੀਖ ਅਗਾਂਹ ਪੈ ਗਈ ਹੈ, ਅਤੇ ਬਾਬੇ ਖਿਲਾਫ ਅਦਾਲਤੀ ਕਾਰਵਾਈ ਦੀ ਤਲਵਾਰ ਹਾਲੇ ਵੀ ਲਟਕ ਰਹੀ ਹੈ।

ਯਾਦ ਰਹੇ, ਇੱਕ ਵਕਤ ਬਾਬਾ ਰਾਮਦੇਵ ਲੋਕਾਂ ਵਿੱਚ ਕਾਫੀ ਹਰਮਨ ਪਿਆਰਾ ਸੀ। ਵਿਸ਼ੇਸ਼ ਕਰਕੇ ਅੰਨਾ ਹਜ਼ਾਰੇ ਦੀ ਅਗਵਾਈ ਵਿੱਚ ਭ੍ਰਿਸ਼ਟਾਚਾਰ ਦੇ ਖਿਲਾਫ ਚਲਾਈ ਗਈ ਲਹਿਰ ਤੋਂ ਪਹਿਲਾਂ। ਉਸ ਦੇ ਯੋਗਾ ਕੈਂਪਾਂ ਵਿੱਚ ਵੱਡੀ ਪੱਧਰ 'ਤੇ ਲੋਕ ਇਕੱਠੇ ਹੁੰਦੇ ਸਨ ਅਤੇ ਉਹ ਯੋਗਾ ਰਾਹੀਂ ਬਹੁਤ ਸਾਰੀਆਂ ਬਿਮਾਰੀਆਂ ਨੂੰ ਠੀਕ ਕਰਨ ਦਾ ਦਾਅਵਾ ਵੀ ਕਰਦੇ ਸਨ। ਉਸ ਵੇਲੇ ਉਨ੍ਹਾਂ ਦੀ ਸ਼ਖਸੀਅਤ ਦਾ ਪ੍ਰਭਾਵਕਾਰੀ ਪੱਖ ਹਾਲੇ ਕਾਇਮ ਸੀ। ਉਨ੍ਹਾਂ ਬਹੁਤ ਸਾਰੀਆਂ ਮਲਟੀਨੈਸ਼ਨਲ ਕੰਨੀਆਂ ਦੇ ਡਰਿੰਕਸ ਅਤੇ ਹੋਰ ਖਾਦ ਪਦਾਰਥਾਂ ਦਾ ਵਿਰੋਧ ਵੀ ਕੀਤਾ। ਵੇਖਣ ਵਾਲਾ ਸੋਚਦਾ ਸੀ ਕਿ ਜਦੋਂ ਇੱਕ ਪਰਾਲਿਟਿਕ ਅਟੈਕ ਝੱਲਣ ਵਾਲਾ ਵਿਅਕਤੀ ਆਪਣੇ ਆਪ ਨੂੰ ਇਸ ਪੱਧਰ ਤੱਕ ਉਠਾ ਸਕਦਾ ਹੈ ਤਾਂ ਸਾਡਾ ਕਲਿਆਣ ਕਿਉਂ ਨਹੀਂ ਹੋ ਸਕਦਾ! ਸ਼ਾਇਦ ਇਸ ਕਿਸਮ ਦੇ ਲੋਕ ਪ੍ਰਭਾਵ ਦੇ ਵਿਚਕਾਰ ਹੀ ਉਹ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵੱਲ ਖਿੱਚੇ ਗਏ ਸਨ। ਦਿੱਲੀ ਦੇ ਰਾਮਲੀਲਾ ਗਰਾਊਂਡ ਵਿੱਚ ਇੱਕ ਦਿਨ ਜਦੋਂ ਉਹ ਉਥੇ ਸਟੇਜ 'ਤੇ ਮੌਜੂਦ ਸਨ ਤੇ ਧਰਨੇ ਵਾਲੀ ਥਾਂ ਨੂੰ ਪੁਲਿਸ ਨੇ ਘੇਰ ਲਿਆ। ਲੋਕਾਂ ਵਿੱਚ ਹਫੜਾ ਦਫੜੀ ਮੱਚ ਗਈ ਅਤੇ ਬਾਬਾ ਰਾਮ ਦੇਵ ਇੰਨਾ ਡਰ ਗਿਆ ਕਿ ਕਿਸੇ ਚੰਗੇ ਅਥਲੀਟ ਵਾਂਗ ਸਟੇਜ ਤੋਂ ਛਾਲ ਮਾਰ ਕੇ ਦੌੜ ਗਿਆ। ਫਿਰ ਭੀੜ ਵਿੱਚੋਂ ਕਿਸੇ ਔਰਤ ਦੀ ਸਲਵਾਰ ਕਮੀਜ਼ ਪਹਿਨ ਕੇ ਉਹ ਉਥੋਂ ਨਿਕਲਿਆ ਸੀ। ਦੂਰ ਤੱਕ ਦੇਖਣ ਵਾਲੇ ਵਿਅਕਤੀਆਂ ਨੇ ਉਦੋਂ ਹੀ ਉਸ ਦੀ ਪ੍ਰਤਿਗਿਆ, ਇਮਾਨਦਾਰੀ ਅਤੇ ਕਿਸੇ ਚੀਜ਼ ਨਾਲ ਵਚਨਬੱਧਤਾ ਬਾਰੇ ਸੁਆਲ ਖੜ੍ਹੇ ਕਰ ਦਿੱਤੇ ਸਨ। ਦਿੱਬ ਦ੍ਰਿਸ਼ਟੀ ਵਾਲੇ ਲੋਕਾਂ ਨੇ ਉਸ ਦੀ ਦਿਵਿਆ ਫਾਰਮੇਸੀ ਅਤੇ ਪਤੰਜਲੀ ਦੇ ਨਾਂ ਹੇਠ ਚਲਾਏ ਗਏ ਕਾਰੋਬਾਰ 'ਤੇ ਪਹਿਲਾਂ ਵੀ ਸੁਆਲ ਉਠਾਏ ਸਨ, ਪਰ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਦੋ ਟਰਮਾਂ ਵਿੱਚ ਸਰਕਾਰੀ ਭਾਈਵਾਲੀ ਨਾਲ ਖੜ੍ਹੇ ਕੀਤੇ ਗਏ 'ਝੂਠ ਦੇ ਸਾਮਰਾਜ' 'ਤੇ ਸੁਪਰੀਮ ਕੋਰਟ ਨੇ ਸੁਆਲੀਆ ਨਿਸ਼ਾਨ ਲਗਾ ਦਿੱਤੇ ਹਨ। ਆਪਣੇ ਝੂਠ ਨੂੰ ਹੁਣ ਇਹ ਸ਼ਖਸ਼ ਅਦਾਲਤ ਵਿੱਚ ਸਵੀਕਾਰ ਕਰ ਰਿਹਾ ਹੈ ਅਤੇ ਮਾਫੀਆਂ ਮੰਗ ਰਿਹਾ ਹੈ।

ਬਾਬਾ ਰਾਮਦੇਵ ਦੀ ਕੰਪਨੀ ਨੇ ਕਰੋਨਾ ਵੇਲੇ ਇੱਕ 'ਕੋਰੋਨਿਲ' ਨਾਂ ਦੀ ਗੋਲੀ ਵੀ ਬਣਾਈ ਸੀ, ਜਿਸ ਦੇ ਕਰੋਨਾ ਖਿਲਾਫ ਰਾਮਬਾਣ ਹੋਣ ਦਾ ਦਾਅਵਾ ਕੀਤਾ ਗਿਆ ਸੀ। ਇਹ ਦਵਾਈ ਨਿਤਿਨ ਗਡਕਰੀ ਅਤੇ ਇੱਕ ਹੋਰ ਕੇਂਦਰੀ ਮੰਤਰੀ ਨੇ ਰਿਲੀਜ਼ ਵੀ ਕੀਤੀ ਸੀ। ਹੁਣ ਇਸ ਦਵਾਈ ਦੇ ਮਾਮਲੇ ਵਿੱਚ ਵੀ ਸਵਾਲ ਉੱਠਣ ਲੱਗੇ ਹਨ। ਬਾਬਾ ਰਾਮਦੇਵ ਨੇ ਸਰਕਾਰੀ ਛਤਰਛਾਇਆ ਹੇਠ ਵੱਖ-ਵੱਖ ਰਾਜਾਂ ਵਿੱਚ ਭੋਂਅ ਦੇ ਭਾਅ ਜ਼ਮੀਨ ਆਪਣੀ ਕੰਪਨੀ ਦੇ ਹੱਥਾਂ ਹੇਠ ਕੀਤੀ। ਇੰਜ ਪਿਛਲੇ ਦਸ ਸਾਲਾਂ ਵਿੱਚ ਹੀ ਇਹ ਵਿਅਕਤੀ ਹਜ਼ਾਰਾਂ ਕਰੋੜ ਰੁਪਏ ਦਾ ਸਾਮਰਾਜ ਖੜ੍ਹਾ ਕਰ ਗਿਆ। ਕੋਰਨੀ ਕੈਪੀਟਲਿਜ਼ਿਮ ਦੀ ਇਹ ਜਿਉਂਦੀ ਜਾਗਦੀ ਉਦਾਹਰਣ ਹੈ। ਇਸ ਨੂੰ ਗੋਦੀ ਸੇਠ ਵੀ ਕਿਹਾ ਜਾ ਸਕਦਾ ਹੈ। ਯਾਦ ਰਹੇ, ਬਾਬਾ ਰਾਮਦੇਵ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਹਾਂਪੁਰਸ਼ ਦਾ ਦਰਜਾ ਦਿੰਦਾ ਹੈ ਤੇ ਪ੍ਰਧਾਨ ਮੰਤਰੀ ਬਾਬੇ ਨੂੰ।


ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਲੋਕ ਸਭਾ 2024: ਮੁੱਦੇ, ਜੋ ਚੋਣਾਂ ਨੂੰ ਪ੍ਰਭਾਵਿਤ ਕਰਨਗੇ!

**ਜਸਪਾਲ ਸਿੰਘ**

ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਲਈ ਵੋਟਿੰਗ ਆਖਰੀ ਗੇੜ ਵਿੱਚ 1 ਜੂਨ ਨੂੰ ਹੋਣੀ ਹੈ। ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਮੋਹਰੀ ਚਿਹਰਾ ਬਣੇ ਇਸ ਸੂਬੇ ਦੇ ਆਪਣੇ ਮੁੱਦੇ ਹਨ, ਜਿਨ੍ਹਾਂ ਦੇ ਹੱਲ ਅਜੇ ਤੱਕ ਨਹੀਂ ਹੋਏ ਹਨ। ਲੋਕ ਸਭਾ ਚੋਣਾਂ ਦੇ ਐਲਾਨ ਤੱਕ ਪੰਜਾਬ ਵਿੱਚ ਕਿਸੇ ਵੀ ਪਾਰਟੀ ਨੇ ਕੋਈ ਅਜਿਹਾ ਏਜੰਡਾ ਨਹੀਂ ਐਲਾਨਿਆ, ਜਿਸ ਉੱਤੇ ਉਹ ਸੂਬੇ ਵਿੱਚ ਚੋਣਾਂ ਲੜ ਸਕੇ। 2019 ਦੀਆਂ ਲੋਕ ਸਭਾ ਚੋਣਾਂ ਦੀ ਜੇ ਗੱਲ ਕਰੀਏ ਤਾਂ ਪੰਜਾਬ ਵਿੱਚ ਨਸ਼ਾ, ਕਿਸਾਨੀ ਸੰਕਟ ਤੇ ਬੇਅਦਬੀ ਵਰਗੇ ਮੁੱਦਿਆਂ ਉੱਤੇ ਚੋਣਾਂ ਲੜੀਆਂ ਗਈਆਂ ਸਨ।

2024 ਦੀਆਂ ਲੋਕ ਸਭਾ ਚੋਣਾਂ ਬਾਰੇ ਖ਼ਾਸ ਗੱਲ ਇਹ ਹੈ ਕਿ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਇਕੱਲੇ ਚੋਣਾਂ ਲੜ ਰਹੀਆਂ ਹਨ। ਕਿਸੇ ਵੀ ਪਾਰਟੀ ਦਾ ਗਠਜੋੜ ਦੂਜੀ ਪਾਰਟੀ ਨਾਲ ਨਹੀਂ ਹੋ ਸਕਿਆ ਹੈ। ਅਕਾਲੀ-ਭਾਜਪਾ ਵਿਚਾਲੇ ਗਠਜੋੜ ਦੀਆਂ ਕੋਸ਼ਿਸ਼ਾਂ ਹੋਈਆਂ, ਪਰ ਹੁਣ ਦੋਵਾਂ ਪਾਰਟੀਆਂ ਨੇ ਇਕੱਲੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਤੇ ਕਾਂਗਰਸ ਭਾਵੇਂ ਕੌਮੀ ਪੱਧਰ ਉੱਤੇ 'ਇੰਡੀਆ ਗਠਜੋੜ' ਦਾ ਹਿੱਸਾ ਹਨ, ਪਰ ਦੋਵੇਂ ਪਾਰਟੀਆਂ ਨੇ ਪੰਜਾਬ ਵਿੱਚ ਵੱਖ ਹੋ ਕੇ ਜਾਂ ਕਹੀਏ ਇੱਕ ਦੂਜੇ ਦੇ ਖ਼ਿਲਾਫ਼ ਚੋਣ ਲੜਨ ਦਾ ਐਲਾਨ ਕੀਤਾ ਹੈ।

ਸਵਾਲ ਹੈ, ਕੀ ਪੰਜਾਬ ਵਿੱਚ ਕੌਮੀ ਮੁੱਦੇ ਅਸਰ ਪਾਉਣਗੇ? ਇਨ੍ਹਾਂ ਸਿਆਸੀ ਸਮੀਕਰਨਾਂ ਵਿਚਾਲੇ ਅਜਿਹੇ ਕਈ ਮੁੱਦੇ ਹਨ, ਜਿਨ੍ਹਾਂ ਉੱਤੇ ਅਗਾਮੀ ਲੋਕ ਸਭਾ ਚੋਣਾਂ ਲੜੀਆਂ ਜਾਣਗੀਆਂ। ਲੋਕ ਸਭਾ ਚੋਣਾਂ ਭਾਰਤ ਵਰਗੇ ਵੱਡੇ ਲੋਕਤੰਤਰ ਵਿੱਚ ਇੱਕ ਤਿਉਹਾਰ ਵਾਂਗ ਹੁੰਦੀਆਂ ਹਨ। ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਮੁੱਖ ਤੌਰ ਉੱਤੇ ਆਪਣੇ ਚੋਣ ਮੈਨੀਫੈਸਟੋ ਵਿੱਚ ਉਨ੍ਹਾਂ ਮੁੱਦਿਆਂ ਦਾ ਜ਼ਿਕਰ ਕਰਦੀਆਂ ਹਨ, ਜਿਨ੍ਹਾਂ ਦਾ ਕੌਮੀ ਪੱਧਰ ਉੱਤੇ ਅਸਰ ਹੁੰਦਾ ਹੈ। ਖੇਤਰੀ ਪਾਰਟੀਆਂ ਜ਼ਰੂਰ ਉੱਥੋਂ ਦੇ ਮੁੱਦਿਆਂ ਨੂੰ ਚੁੱਕਣ ਦਾ ਦਾਅਵਾ ਕਰਦੀਆਂ ਹਨ, ਜਿਸ ਸੂਬੇ ਜਾਂ ਖੇਤਰ ਵਿੱਚ ਉਹ ਐਕਟਿਵ ਹੁੰਦੀਆਂ ਹਨ।

ਪੰਜਾਬ ਦੀ ਗੱਲ ਕਰੀਏ ਤਾਂ ਕੀ ਪੰਜਾਬ ਵਿੱਚ ਰਾਸ਼ਟਰੀ ਮੁੱਦੇ ਜ਼ੋਰ ਫੜ ਸਕਦੇ ਹਨ ਜਾਂ ਪੰਜਾਬ ਦੇ ਆਪਣੇ ਮੁੱਦਿਆਂ ਉੱਤੇ ਹੀ ਚੋਣਾਂ ਲੜੀਆਂ ਜਾਣਗੀਆਂ। ਸਿਆਸੀ ਮਾਮਲਿਆਂ ਦੇ ਮਾਹਿਰ ਡਾ. ਪ੍ਰਮੋਦ ਮੰਨਦੇ ਹਨ ਕਿ ਫਿਲਹਾਲ ਪੰਜਾਬ ਵਿੱਚ ਕੌਮੀ ਮੁੱਦਿਆਂ ਦਾ ਕੋਈ ਅਸਰ ਲੋਕ ਸਭਾ ਚੋਣਾਂ ਵਿੱਚ ਨਜ਼ਰ ਨਹੀਂ ਆ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਗਾਮੀ ਚੋਣਾਂ ਵਿੱਚ ਪੰਜਾਬ ਦੇ ਆਪਣੇ ਮੁੱਦੇ ਹੀ ਜ਼ੋਰ ਫੜ੍ਹਨਗੇ ਤੇ ਲੋਕਾਂ ਦੇ ਵੋਟ ਪਾਉਣ ਦੇ ਫੈਸਲੇ ਉੱਤੇ ਅਸਰ ਪਾਉਣਗੇ। ਕੌਮੀ ਪੱਧਰ ਉੱਤੇ ਉੱਠ ਰਿਹਾ ਸੀ.ਏ.ਏ. ਦਾ ਮੁੱਦਾ ਪੰਜਾਬ ਵਿੱਚ ਕੋਈ ਵੱਡਾ ਮੁੱਦਾ ਨਹੀਂ ਹੈ। ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਵੀ ਪੰਜਾਬ ਵਿੱਚ ਇੱਕ ਛੋਟੇ ਜਿਹੇ ਹਿੱਸੇ ਨੂੰ ਹੀ ਪ੍ਰਭਾਵਿਤ ਕਰ ਸਕਦੀ ਹੈ। ਪੇਂਡੂ ਖੇਤਰਾਂ ਵਿੱਚ ਇਸ ਬਾਰੇ ਲੋਕ ਚੰਗਾ ਮਹਿਸੂਸ ਤਾਂ ਕਰ ਸਕਦੇ ਹਨ, ਪਰ ਇਸ ਮੁੱਦੇ ਲਈ ਕੋਈ ਵੱਡੀ ਲਹਿਰ ਬਣੇ, ਇਹ ਸੰਭਵ ਨਹੀਂ ਹੈ।

ਫਿਰ ਪੰਜਾਬ ਦੇ ਮੁੱਦੇ ਕਿਹੜੇ ਹਨ, ਜੋ ਅਗਾਮੀ ਲੋਕ ਸਭਾ ਚੋਣਾਂ ਵਿੱਚ ਹਾਵੀ ਰਹਿ ਸਕਦੇ ਹਨ? ਸੂਬੇ ਦੇ ਸਿਆਸੀ ਹਾਲਾਤ ਅਤੇ ਇਸ ਬਾਰੇ ਵੱਖ-ਵੱਖ ਮਾਹਿਰਾਂ ਦੀ ਰਾਇ ਦੇ ਆਧਾਰ ਉੱਤੇ ਇਸ ਰਿਪੋਰਟ ਵਿੱਚ ਗੱਲ ਕਰਾਂਗੇ।

'ਕਿਸਾਨੀ' ਇੱਕ ਵੱਡਾ ਮੁੱਦਾ: ਪੰਜਾਬ ਨੂੰ ਖੇਤੀ ਪ੍ਰਧਾਨ ਸੂਬਾ ਕਿਹਾ ਜਾਂਦਾ ਹੈ। 13 ਲੋਕ ਸਭਾ ਸੀਟਾਂ ਵਾਲਾ ਇਹ ਸੂਬਾ ਪੂਰੇ ਦੇਸ਼ ਦੇ ਖੇਤੀ ਉਤਪਾਦਨ ਵਿੱਚ ਇੱਕ ਵੱਡਾ ਹਿੱਸਾ ਪਾਉਂਦਾ ਹੈ। ਖੇਤੀ ਤੇ ਅਰਥਚਾਰੇ ਦੇ ਮਾਹਿਰ ਰਣਜੀਤ ਸਿੰਘ ਘੁੰਮਣ ਮੁਤਾਬਕ ਪੂਰੇ ਦੇਸ਼ ਦੇ ਕਣਕ ਉਤਪਾਦਨ ਵਿੱਚ ਪੰਜਾਬ ਦੀ 35 ਫੀਸਦੀ ਹਿੱਸੇਦਾਰੀ ਹੈ। ਇਸ ਦੇ ਨਾਲ ਹੀ ਝੋਨੇ ਦੇ ਉਤਪਾਦਨ ਵਿੱਚ ਪੰਜਾਬ ਦਾ 25 ਫੀਸਦ ਦਾ ਹਿੱਸਾ ਹੈ। ਜਦੋਂ 2020 ਵਿੱਚ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਪ੍ਰਦਰਸ਼ਨ ਸ਼ੁਰੂ ਹੋਇਆ ਤਾਂ ਪੰਜਾਬ ਦੇ ਕਿਸਾਨਾਂ ਦੀ ਉਸ ਵਿੱਚ ਵੱਡੀ ਸ਼ਮੂਲੀਅਤ ਸੀ। ਉਹ ਅੰਦੋਲਨ ਸਫਲ ਵੀ ਹੋਇਆ ਤੇ ਤਿੰਨ ਖੇਤੀ ਕਾਨੂੰਨ ਕੇਂਦਰ ਸਰਕਾਰ ਨੂੰ ਵਾਪਸ ਵੀ ਲੈਣੇ ਪਏ ਸਨ।

ਕਾਨੂੰਨ ਤਾਂ ਵਾਪਸ ਲਏ ਗਏ, ਪਰ ਕਿਸਾਨਾਂ ਮੁਤਾਬਕ ਉਸ ਵੇਲੇ ਕੀਤੇ ਕਈ ਵਾਅਦੇ ਸਰਕਾਰ ਵੱਲੋਂ ਪੂਰੇ ਨਹੀਂ ਕੀਤੇ ਗਏ। ਮਾਹਿਰਾਂ ਮੁਤਾਬਕ ਅਗਾਮੀ ਲੋਕ ਸਭਾ ਚੋਣਾਂ ਵਿੱਚ ਕਿਸਾਨੀ ਅਜੇ ਵੀ ਇੱਕ ਵੱਡਾ ਮੁੱਦਾ ਹੈ। ਸਾਰੀਆਂ ਪਾਰਟੀਆਂ ਕਹਿੰਦੀਆਂ ਹਨ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਪਰ ਉਨ੍ਹਾਂ ਨੇ ਖੇਤੀ ਲਈ ਕੁਝ ਖ਼ਾਸ ਨਹੀਂ ਕੀਤਾ ਹੈ। ਪੰਜਾਬ ਅਜੇ ਵੀ ਦੇਸ਼ ਦੇ ਅਨਾਜ ਭੰਡਾਰ ਵਿੱਚ ਇੱਕ ਵੱਡਾ ਹਿੱਸਾ ਪਾਉਂਦਾ ਹੈ। ਅਸਲ ਵਿੱਚ ਪੰਜਾਬ ਦੇ ਕਿਸਾਨਾਂ ਦੇ ਲਈ ਇੱਕ ਖੇਤੀ ਨੀਤੀ ਦੀ ਲੋੜ ਹੈ।

ਰਣਜੀਤ ਸਿੰਘ ਘੁੰਮਣ ਮੁਤਾਬਕ "ਜੇ ਲੋਕ ਸਭਾ ਵਿੱਚ ਕਿਸਾਨੀ ਨੂੰ ਮੁੱਦਾ ਬਣਾਇਆ ਜਾਂਦਾ ਹੈ ਤਾਂ ਕਿਸਾਨ ਸਰਕਾਰ ਬਣਨ ਤੋਂ ਬਾਅਦ ਪਾਰਟੀਆਂ ਤੋਂ ਜਵਾਬ ਮੰਗ ਸਕਦੇ ਹਨ। ਜੇ ਪਾਰਟੀਆਂ ਵੋਟ ਮੰਗਣ ਆਉਂਦੀਆਂ ਹਨ ਤਾਂ ਕਿਸਾਨਾਂ ਨੂੰ ਵੀ ਪਾਰਟੀਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਕਿਹੜੀ ਨੀਤੀ ਬਣਾਉਣ ਦਾ ਵਾਅਦਾ ਕਰ ਰਹੇ ਹਨ!"

***ਪੰਜਾਬ ਵਿੱਚ ਕਿਸਾਨੀ ਵੱਡਾ ਮੁੱਦਾ ਹੈ?***



ਸਮਾਜਿਕ ਕਾਰਕੁਨ ਡਾ. ਪਿਆਰੇ ਲਾਲ ਗਰਗ ਮੰਨਦੇ ਹਨ ਕਿ ਕਿਸਾਨੀ ਪੰਜਾਬ ਵਿੱਚ ਇੱਕ ਅਹਿਮ ਮੁੱਦਾ ਰਹੇਗੀ। ਕਿਸਾਨਾਂ ਨੇ ਭਾਜਪਾ ਖ਼ਿਲਾਫ਼ ਮੋਰਚਾ ਖੋਲ੍ਹਿਆ ਹੈ। ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚ ਨਹੀਂ ਵੜ੍ਹਨ ਦਿੱਤਾ ਜਾਵੇਗਾ। ਦੂਜੇ ਪਾਸੇ ਸ਼ੰਭੂ ਬਾਰਡਰ ਉੱਤੇ ਜਿਵੇਂ ਕਿਸਾਨਾਂ ਨੂੰ ਰੋਕਿਆ ਗਿਆ ਹੈ, ਉਹ ਵੀ ਵੋਟ ਪਾਉਣ ਵੇਲੇ ਕਿਸਾਨਾਂ ਦੇ ਦਿਮਾਗ ਵਿੱਚ ਰਹੇਗਾ।

ਕਿਸਾਨਾਂ ਦੇ ਮੁਜ਼ਾਹਰੇ ਵਿਚਾਲੇ ਸ਼ੰਭੂ ਬਾਰਡਰ ਉੱਤੇ ਸ਼ੁਭਕਰਨ ਸਿੰਘ ਦੀ ਮੌਤ ਵੀ ਇੱਕ ਵੱਡਾ ਮੁੱਦਾ ਰਹੇਗੀ। ਭਾਵੇਂ ਦੋ ਮੁੱਖ ਗਰੁੱਪ ਹੀ ਸ਼ੰਭੂ ਬਾਰਡਰ ਉੱਤੇ ਪ੍ਰਦਰਸ਼ਨ ਕਰ ਰਹੇ ਹਨ, ਪਰ ਫਿਰ ਵੀ ਕਿਸਾਨਾਂ ਦੇ ਮਨ ਵਿੱਚ ਇਸ ਗੱਲ ਦਾ ਰੋਸ ਹੈ ਕਿ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ ਤੇ ਜਿਸ ਤਰੀਕੇ ਦਾ ਰਵੱਈਆ ਸਰਕਾਰ ਵੱਲੋਂ ਕਿਸਾਨਾਂ ਲਈ ਅਪਨਾਇਆ ਗਿਆ, ਉਸ ਦਾ ਗੁੱਸਾ ਵੀ ਕਿਸਾਨਾਂ ਵਿੱਚ ਹੈ।

ਕਿਸਾਨਾਂ ਦੇ ਦੂਜੀਆਂ ਪਾਰਟੀਆਂ ਬਾਰੇ ਰੁਖ਼ 'ਤੇ ਡਾ. ਗਰਗ ਕਹਿੰਦੇ ਹਨ ਕਿ ਕਿਸਾਨਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਸਵਾਲ ਤਾਂ ਹੋਣਗੇ; ਇਹ ਵੀ ਗੱਲ ਸੱਚ ਹੈ ਕਿ ਜੇ ਕਿਸਾਨ ਆਮ ਆਦਮੀ ਪਾਰਟੀ ਤੋਂ ਖ਼ੁਸ਼ ਨਹੀਂ ਹਨ ਤਾਂ ਉਹ ਕਿਸੇ ਖ਼ਾਸ ਵਜ੍ਹਾ ਕਰਕੇ ਨਾਰਾਜ਼ ਵੀ ਨਹੀਂ ਹਨ। ਕਾਂਗਰਸ ਨੇ ਵੀ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਨੂੰ ਸਮਰਥਨ ਦਿੱਤਾ ਸੀ ਇਸ ਲਈ ਉਨ੍ਹਾਂ ਪ੍ਰਤੀ ਕਿਸਾਨਾਂ ਦੀ ਕੋਈ ਖ਼ਾਸ ਨਰਾਜ਼ਗੀ ਨਜ਼ਰ ਨਹੀਂ ਆ ਰਹੀ ਹੈ। ਕਿਸਾਨਾਂ ਦਾ ਅਕਾਲੀ ਦਲ ਪ੍ਰਤੀ ਰੋਸ ਘਟਿਆ ਹੈ। ਭਾਜਪਾ ਨਾਲ ਗਠਜੋੜ ਨਾ ਹੋਣਾ ਵੀ ਅਕਾਲੀ ਦਲ ਦੇ ਹੱਕ ਵਿੱਚ ਜਾ ਸਕਦਾ ਹੈ। ਮੁੱਖ ਤੌਰ ਉੱਤੇ ਕਿਸਾਨਾਂ ਦਾ ਵਿਰੋਧ ਭਾਜਪਾ ਪ੍ਰਤੀ ਹੋਵੇਗਾ।

ਪ੍ਰੋਫੈਸਰ ਘੁੰਮਣ ਅਨੁਸਾਰ ਪੰਜਾਬ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਅਜੇ ਤੱਕ ਉਸੇ ਤਰ੍ਹਾਂ ਹੀ ਕਾਇਮ ਹਨ ਤੇ ਕਿਸਾਨੀ ਦੇ ਹਾਲਾਤ ਵੀ ਚਿੰਤਾਜਨਕ ਹਨ। ਖੇਤੀ ਵਿੱਚ ਰੁਜ਼ਗਾਰ ਅਤੇ ਰੁਜ਼ਗਾਰ ਦੇ ਮੌਕੇ ਕਾਫੀ ਘੱਟ ਗਏ ਹਨ ਤੇ ਇਹ ਵੀ ਸਿੱਧਾ ਆਮਦਨ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਸਿਰਫ ਦੋ ਫਸਲਾਂ ਉੱਤੇ ਹੀ ਐੱਮ.ਐੱਸ.ਪੀ. ਮਿਲ ਰਹੀ ਹੈ, ਜਿਸ ਕਾਰਨ ਪੰਜਾਬ ਦੀ ਖੇਤੀ ਦੋ ਫਸਲਾਂ ਤੱਕ ਸੀਮਿਤ ਕੇ ਰਹਿ ਗਈ ਹੈ। ਇਸ ਵੇਲੇ ਪੰਜਾਬ ਨੂੰ ਫਸਲੀ ਵਿਭਿੰਨਤਾ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।

ਭਾਰਤ ਸਰਕਾਰ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਕਿਸਾਨਾਂ ਉੱਤੇ ਪੂਰੇ ਦੇਸ਼ ਦੇ ਮੁਕਾਬਲੇ ਵੱਧ ਕਰਜ਼ਾ ਹੈ। ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਉੱਤੇ 2 ਲੱਖ 95 ਹਜ਼ਾਰ ਰੁਪਏ ਦਾ ਕਰਜ਼ਾ ਹੈ। ਪੰਜਾਬ ਦੇ ਖੇਤੀ ਸੰਕਟ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਾਲ 2000 ਤੋਂ 2024 ਤੱਕ 20 ਤੋਂ 22 ਹਜ਼ਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਪੰਜਾਬ ਵਿੱਚ ਖ਼ੁਦਕੁਸ਼ੀ ਕੀਤੀ ਹੈ।

ਪਿਛਲੀਆਂ ਕਈ ਲੋਕ ਸਭਾ ਤੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਨਸ਼ਾ ਇੱਕ ਮੁੱਦਾ ਰਿਹਾ ਹੈ। ਇਸ ਵਾਰ ਦੀਆਂ ਚੋਣਾਂ ਵਿੱਚ ਵੀ ਨਸ਼ਾ ਪੰਜਾਬ ਦਾ ਮੁੱਖ ਮੁੱਦਾ ਰਹੇਗਾ। ਮਾਹਿਰਾਂ ਅਨੁਸਾਰ ਨਸ਼ਾ ਉਂਝ ਤਾਂ ਪੂਰੇ ਦੇਸ਼ ਦਾ ਮੁੱਦਾ ਹੈ, ਪਰ ਪੰਜਾਬ ਵਿੱਚ ਇਹ ਮੁੱਦਾ ਇਸ ਲਈ ਵੱਡਾ ਹੈ, ਕਿਉਂਕਿ ਇੱਥੇ ਨਸ਼ੇ ਕਾਰਨ ਮੌਤਾਂ ਵੱਧ ਹੋ ਰਹੀਆਂ ਹਨ। ਪੰਜਾਬ ਪੁਲਿਸ ਦੇ ਡੇਟਾ ਮੁਤਾਬਕ ਸਾਲ 2020-2021 ਵਿੱਚ ਡਰੱਗ ਓਵਰਡੋਜ਼ ਨਾਲ 36 ਮੌਤਾਂ ਹੋਈਆਂ ਸਨ। ਸਾਲ 2021-2022 ਵਿੱਚ 71 ਮੌਤਾਂ ਹੋਈਆਂ, ਜਦਕਿ ਸਾਲ 2022-2023 ਵਿੱਚ 159 ਮੌਤਾਂ ਹੋਈਆਂ ਹਨ।

ਪਿਛਲੇ ਮਹੀਨੇ ਸੰਗਰੂਰ ਵਿੱਚ ਨਕਲੀ ਸ਼ਰਾਬ ਕਾਰਨ 21 ਮੌਤਾਂ ਹੋਈਆਂ। ਸੰਗਰੂਰ ਸੀਟ ਉੱਤੇ ਨਸ਼ਾ ਇੱਕ ਮੁੱਦਾ ਬਣ ਸਕਦਾ ਹੈ। ਆਮ ਆਦਮੀ ਪਾਰਟੀ ਤੋਂ ਪੁੱਛਿਆ ਜਾ ਸਕਦਾ ਹੈ ਕਿ ਜਿਸ ਖੇਤਰ ਵਿੱਚੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਏ ਹੋਣ, ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਤੇ ਕੈਬਨਿਟ ਮੰਤਰੀ ਮੀਤ ਹੇਅਰ ਵੀ ਉਸ ਹਲਕੇ ਤੋਂ ਸਬੰਧ ਰੱਖਦੇ ਹੋਣ, ਉਸ ਖੇਤਰ ਵਿੱਚ ਕਿਵੇਂ ਨਕਲੀ ਸ਼ਰਾਬ ਵਿਕਦੀ ਰਹੀ?

ਹਾਲਾਂਕਿ ਇਹ ਵੀ ਸੱਚ ਹੈ ਕਿ ਨਕਲੀ ਸ਼ਰਾਬ ਨਾਲ ਮੌਤਾਂ ਪਿਛਲੀਆਂ ਸਰਕਾਰਾਂ ਵੇਲੇ ਵੀ ਹੁੰਦੀਆਂ ਰਹੀਆਂ ਹਨ। 2020 ਵਿੱਚ ਕਾਂਗਰਸ ਦੀ ਸਰਕਾਰ ਵੇਲੇ ਤਰਨਤਾਰਨ ਤੇ ਹੋਰ ਇਲਾਕਿਆਂ ਵਿੱਚ 100 ਤੋਂ ਵੱਧ ਮੌਤਾਂ ਨਕਲੀ ਸ਼ਰਾਬ ਨਾਲ ਹੋਈਆਂ ਸਨ। ਮਾਹਿਰਾਂ ਮੁਤਾਬਕ ਨਸ਼ੇ ਦੇ ਮੁੱਦੇ ਉੱਤੇ ਪੰਜਾਬ ਦੀ ਜਨਤਾ ਦੇ ਸਾਰੀਆਂ ਮੁੱਖ ਪਾਰਟੀਆਂ ਦੀ ਕਾਰਗੁਜ਼ਾਰੀ ਵੇਖ ਲਈ ਹੈ। ਭਾਵੇਂ ਨਸ਼ਾ ਮੁੱਦਾ ਤਾਂ ਰਹੇਗਾ, ਪਰ ਪਿਛਲੀਆਂ ਚੋਣਾਂ ਵਰਗਾ ਅਸਰ ਸ਼ਾਇਦ ਨਾ ਨਜ਼ਰ ਆਏ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਚਾਰ ਹਫ਼ਤਿਆਂ ਵਿੱਚ ਨਸ਼ੇ ਨੂੰ ਖ਼ਤਮ ਕਰ ਦੇਣਗੇ, ਪਰ ਨਸ਼ੇ ਦੀ ਸਮੱਸਿਆ ਉਂਝ ਹੀ ਬਣੀ ਰਹੀ। ਆਮ ਆਦਮੀ ਪਾਰਟੀ ਨੇ ਵੀ ਕਿਹਾ ਸੀ ਕਿ ਉਹ ਨਸ਼ੇ ਨੂੰ ਖ਼ਤਮ ਕਰ ਦੇਣਗੇ, ਪਰ ਅਜੇ ਤੱਕ ਕੋਈ ਖ਼ਾਸ ਕੰਮ ਹੁੰਦਾ ਨਜ਼ਰ ਨਹੀਂ ਆਇਆ। ਨਸ਼ੇ ਦੇ ਮੁੱਦੇ ਬਾਰੇ ਜੇ ਕੋਈ ਪਾਰਟੀ ਇਹ ਕਹੇ ਕਿ ਉਹ ਚਾਰ ਹਫਤਿਆਂ ਜਾਂ ਕੁਝ ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰ ਦੇਵੇਗੀ, ਤਾਂ ਉਹ ਗਲਤ ਬਿਆਨੀ ਹੀ ਹੋਵੇਗੀ, ਕਿਉਂਕਿ ਨਸ਼ੇ ਰਾਤੋ-ਰਾਤ ਖ਼ਤਮ ਹੋਣ ਵਾਲੀ ਸਮੱਸਿਆ ਨਹੀਂ ਹੈ। ਇਸ ਦੇ ਲਈ ਡਿਮਾਂਡ ਦੇ ਸਪਲਾਈ ਦੀ ਚੇਨ ਨੂੰ ਤੋੜਨ ਵੱਲ ਕੰਮ ਕਰਨ ਦੀ ਲੋੜ ਹੈ।

ਹਾਈ ਕੋਰਟ ਵਿੱਚ ਪੰਜਾਬ ਸਰਕਾਰ ਵੱਲੋਂ ਦਾਇਰ ਐਫੀਡੇਵਿਟ ਅਨੁਸਾਰ ਮਾਰਚ 2022 ਤੋਂ 13 ਫਰਵਰੀ 2024 ਤੱਕ ਨਸ਼ੇ ਖ਼ਿਲਾਫ਼ ਕਾਰਵਾਈ ਵਿੱਚ ਕੁੱਲ 23,482 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ 32,006 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਨਸ਼ਾ ਤਸਕਰਾਂ ਦੀ ਕਰੀਬ 142 ਕਰੋੜ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ।

ਇਸ ਤੋਂ ਇਲਾਵਾ ਬੇਅਦਬੀ ਤੇ ਬੰਦੀ ਸਿੱਖਾਂ ਦੀ ਰਿਹਾਈ ਵਰਗੇ ਪੰਥਕ ਮੁੱਦੇ ਵੀ ਧਿਆਨ ਮੰਗਦੇ ਹਨ। ਸ਼੍ਰੋਮਣੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਬੀਤੇ ਮਹੀਨਿਆਂ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ ਨੇ ਦਸਤਖ਼ਤ ਮੁਹਿੰਮ ਵੀ ਚਲਾਈ ਸੀ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਾਲੇ ਕੱਪੜੇ ਤੇ ਜ਼ੰਜੀਰਾਂ ਨਾਲ ਰੋਸ ਮਾਰਚ ਵੀ ਕੱਢੇ ਸਨ।

ਕੀ ਇਨ੍ਹਾਂ ਚੋਣਾਂ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਰਹੇਗਾ? ਇਸ ਬਾਰੇ ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਕਹਿੰਦੇ ਹਨ ਕਿ ਅਕਾਲੀ ਦਲ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਵੱਡੇ ਪੱਧਰ ਉੱਤੇ ਚੁੱਕੇਗਾ। ਉਨ੍ਹਾਂ ਦੇ ਲਈ ਇਹ ਇੱਕ ਵੱਡਾ ਮੁੱਦਾ ਹੈ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਵੱਡਾ ਮੁੱਦਾ ਰਿਹਾ ਸੀ। 2015 ਵਿੱਚ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ ਸੀ। ਇਸ ਦੇ ਨਾਲ ਹੀ ਬਹਿਬਲ ਕਲਾਂ ਵਿੱਚ ਬੇਅਦਬੀ ਦੇ ਵਿਰੋਧ ਵਿੱਚ ਲੱਗੇ ਧਰਨੇ ਦੌਰਾਨ ਗੋਲੀ ਚੱਲੀ ਸੀ। ਇਹ ਦੋਵੇਂ ਘਟਨਾਵਾਂ ਅਕਾਲੀ ਭਾਜਪਾ ਸਰਕਾਰ ਵੇਲੇ ਹੋਈਆਂ ਸਨ। ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਭਾਵੇਂ ਪਿਛਲੀਆਂ ਚੋਣਾਂ ਵਿੱਚ ਬੇਅਦਬੀ ਨੂੰ ਮੁੱਦਾ ਬਣਾਇਆ ਸੀ, ਪਰ ਉਨ੍ਹਾਂ ਦੀਆਂ ਸਰਕਾਰਾਂ ਵੇਲੇ ਬੇਅਦਬੀ ਦੇ ਮੁੱਦੇ ਉੱਤੇ ਕੋਈ ਕਾਰਵਾਈ ਨਹੀਂ ਹੋਈ।

ਮੌਜੂਦਾ ਸਰਕਾਰ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵੀ ਬੇਅਦਬੀ ਦੇ ਮਸਲੇ ਉੱਤੇ ਆਪਣੀ ਪਾਰਟੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਖੜ੍ਹੇ ਕਰ ਚੁੱਕੇ ਹਨ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਮੰਨਦੇ ਹਨ ਕਿ ਪੰਜਾਬ ਵਿੱਚ ਪੰਥਕ ਮੁੱਦਿਆਂ ਤੋਂ ਵੱਧ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਮੁੱਦਾ ਚਰਚਾ ਵਿੱਚ ਆ ਸਕਦਾ ਹੈ। ਮਾਹਿਰਾਂ ਮੁਤਾਬਕ ਪੰਥਕ ਮੁੱਦਿਆਂ ਬਾਰੇ ਪੰਜਾਬ ਦੀ ਸਿਆਸਤ ਵਿੱਚ ਚਰਚਾ ਤਾਂ ਹੁੰਦੀ ਹੈ, ਪਰ ਇਹ ਚਰਚਾ ਵੋਟ ਦੇਣ ਦੇ ਫੈਸਲੇ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ।

ਮੁਫ਼ਤ ਸਹੂਲਤਾਂ ਅਤੇ ਸਕੀਮਾਂ ਇਨ੍ਹਾਂ ਚੋਣਾਂ ਵਿੱਚ ਮੁੱਦਾ ਬਣਨਗੀਆਂ। ਆਮ ਆਦਮੀ ਪਾਰਟੀ ਵੱਲੋਂ ਮੁਫ਼ਤ ਘਰ-ਘਰ ਰਾਸ਼ਨ ਦੀ ਸਕੀਮ ਚਲਾਈ ਜਾ ਰਹੀ ਹੈ। ਇਸ ਦੇ ਨਾਲ ਹੀ ਮੁਫ਼ਤ ਬਿਜਲੀ ਦੀ ਸਹੂਲਤ ਵੀ ਪਾਰਟੀ ਦੀ ਸਰਕਾਰ ਵੱਲੋਂ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ਇਨ੍ਹਾਂ ਸਕੀਮਾਂ ਦਾ ਪ੍ਰਚਾਰ ਵੀ ਵੱਧ-ਚੜ੍ਹ ਕੇ ਕਰ ਰਹੀ ਹੈ। ਪਾਰਟੀ ਵੱਲੋਂ ਜਦੋਂ ਵੋਟਰਾਂ ਤੱਕ ਪਹੁੰਚ ਕੀਤੀ ਜਾਵੇਗੀ ਤਾਂ ਇਨ੍ਹਾਂ ਮੁਫ਼ਤ ਸਹੂਲਤਾਂ ਨੂੰ ਮੁੱਦਾ ਬਣਾਇਆ ਜਾ ਸਕਦਾ ਹੈ। ਭਾਜਪਾ ਵੀ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਇਨ੍ਹਾਂ ਚੋਣਾਂ ਵਿੱਚ ਮੁੱਦਾ ਬਣਾ ਕੇ ਪੇਸ਼ ਕਰ ਸਕਦੀ ਹੈ।

ਉਂਝ ਤਾਂ ਪਿਛਲੀਆਂ ਸਰਕਾਰਾਂ ਵੱਲੋਂ ਵੀ ਅਜਿਹੀਆਂ ਮੁਫ਼ਤ ਸਹੂਲਤਾਂ ਦਿੱਤੀਆਂ ਗਈਆਂ ਸਨ। ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਆਟਾ-ਦਾਲ ਸਕੀਮ ਲਿਆਂਦੀ ਗਈ ਸੀ। ਕਾਂਗਰਸ ਸਰਕਾਰ ਨੇ ਵੀ ਐੱਸ.ਸੀ., ਬੀ.ਸੀ. ਭਾਈਚਾਰੇ, ਆਜ਼ਾਦੀ ਘੁਲਾਟੀਏ ਪਰਿਵਾਰਾਂ ਤੇ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਲਈ 300 ਯੂਨਿਟ ਮੁਫ਼ਤ ਬਿਜਲੀ ਦਿੱਤੀ ਸੀ। ਸਵਾਲ ਹੈ, ਇਸ ਵੇਲੇ ਪੰਜਾਬ ਦੀ ਸੱਤਾ ਵਿੱਚ ਕਾਬਜ਼ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕੀ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਦਾ ਫਾਇਦਾ ਮਿਲੇਗਾ? ਚਰਚਾ ਹੈ ਕਿ 'ਘਰ-ਘਰ ਮੁਫ਼ਤ ਰਾਸ਼ਨ' ਦੀ ਸਕੀਮ ਕਾਮਯਾਬ ਸਾਬਿਤ ਨਹੀਂ ਹੋ ਰਹੀ ਹੈ। ਲੋਕ ਇਸ ਤੋਂ ਜਿੰਨਾ ਖ਼ੁਸ਼ ਹੁੰਦੇ ਹਨ, ਓਨਾ ਹੀ ਨਾਰਾਜ਼ ਹਨ। ਇਸ ਸਕੀਮ ਦੇ ਨਾਲ ਡੀਪੂ ਹੋਲਡਰ ਵੀ ਪ੍ਰੇਸ਼ਾਨ ਹਨ, ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਨਾਲ ਉਨ੍ਹਾਂ ਦਾ ਰੁਜ਼ਗਾਰ ਜਾ ਰਿਹਾ ਹੈ। ਸੰਭਾਵਨਾ ਹੈ ਕਿ ਮੁਫ਼ਤ ਬਿਜਲੀ ਦੀ ਸਕੀਮ ਆਮ ਆਦਮ ਪਾਰਟੀ ਨੂੰ ਫਾਇਦਾ ਪਹੁੰਚਾ ਸਕਦੀ ਹੈ।

ਉਂਜ ਮੁਫ਼ਤ ਸਹੂਲਤਾਂ ਦਾ ਮੁੱਦਾ ਇਸ ਵੇਲੇ ਭਾਰਤ ਦੇ ਹਰ ਸੂਬੇ ਵਿੱਚ ਚਰਚਾ ਵਿੱਚ ਰਹੇਗਾ। ਭਾਰਤ ਵਿੱਚ ਵੈਲਫੇਅਰ ਸਟੇਟ ਬਣਨ ਲਈ ਜ਼ਿਆਦਾਤਰ ਮੁਫ਼ਤ ਸਹੂਲਤਾਂ ਦਾ ਰਸਤਾ ਅਪਨਾਇਆ ਜਾਂਦਾ ਹੈ। ਇਸ ਲਈ ਇਹ ਕੁਝ ਹੱਦ ਤੱਕ ਮੁੱਦਾ ਬਣਨ ਦੀ ਸੰਭਾਵਨਾ ਹੈ। ਸਿਆਸੀ ਮਾਮਲਿਆਂ ਦੇ ਮਾਹਿਰ ਡਾ. ਪ੍ਰਮੋਦ ਮੰਨਦੇ ਹਨ ਕਿ ਲੋਕਾਂ ਨੂੰ ਜੋ ਸਹੂਲਤਾਂ ਮਿਲ ਜਾਂਦੀਆਂ ਹਨ, ਉਨ੍ਹਾਂ ਨੂੰ ਉਹ ਵੋਟ ਦੇਣ ਵੇਲੇ ਧਿਆਨ ਵਿੱਚ ਨਹੀਂ ਰੱਖਦੇ। ਸਗੋਂ ਉਹ ਆਪਣਾ ਵੋਟ ਦਾ ਫੈਸਲਾ ਉਨ੍ਹਾਂ ਸਹੂਲਤਾਂ ਦੇ ਵਾਅਦਿਆਂ ਦੇ ਆਧਾਰ ਉੱਤੇ ਕਰ ਸਕਦੇ ਹਨ, ਜੋ ਸਿਆਸੀ ਪਾਰਟੀਆਂ ਇਸ ਵਾਰ ਕਰਨਗੀਆਂ।

ਕਾਨੂੰਨ ਵਿਵਸਥਾ: ਆਮ ਆਦਮੀ ਪਾਰਟੀ ਨੇ ਮਾਰਚ 2022 ਵਿੱਚ ਪੰਜਾਬ ਦੀ ਸੱਤਾ ਸਾਂਭੀ ਸੀ। ਮਾਰਚ 2022 ਵਿੱਚ ਮਸ਼ਹੂਰ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦਾ ਕਤਲ ਹੋ ਗਿਆ ਸੀ। ਇਸ ਮਗਰੋਂ 29 ਮਈ 2022 ਨੂੰ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਹੋ ਗਿਆ ਸੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਮਗਰੋਂ ਕਾਨੂੰਨ ਵਿਵਸਥਾ ਨੂੰ ਵਿਰੋਧੀ ਪਾਰਟੀਆਂ ਨੇ ਮੁੱਦਾ ਬਣਾਇਆ ਹੈ। ਇਸ ਤੋਂ ਇਲਾਵਾ ਵਪਾਰੀਆਂ ਨੂੰ ਮਿਲੀਆਂ ਧਮਕੀਆਂ, ਕਥਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਵਿੱਚੋਂ ਇੰਟਰਵਿਊ ਦੇਣ ਤੇ ਬੰਟੀ ਬੈਂਸ ਵਰਗੀਆਂ ਹਸਤੀਆਂ ਉੱਤੇ ਹਮਲੇ ਨੇ ਬੀਤੇ ਵਕਤ ਵਿੱਚ ਕਾਨੂੰਨ ਵਿਵਸਥਾ ਦਾ ਮੁੱਦਾ ਵੀ ਪੰਜਾਬ ਵਿੱਚ ਉਭਾਰਿਆ ਹੈ। ਜਨਵਰੀ 2024 ਵਿੱਚ ਕਾਂਗਰਸ ਨੇ ਮੁਹਾਲੀ ਵਿੱਚ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਧਰਨਾ ਪ੍ਰਦਰਸ਼ਨ ਕੀਤਾ ਸੀ। ਵਿਧਾਨ ਸਭਾ ਵਿੱਚ ਵੀ ਵਿਰੋਧੀ ਧਿਰ ਨੇ ਕਾਨੂੰਨ ਵਿਵਸਥਾ ਉੱਤੇ ਸਵਾਲ ਚੁੱਕੇ ਹਨ।

ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਮੰਨਦੇ ਹਨ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਇੱਕ ਬਹੁਤ ਵੱਡਾ ਮੁੱਦਾ ਹੈ। ਲੋਕਾਂ ਨੂੰ ਧਮਕੀਆਂ ਵੀ ਆ ਰਹੀਆਂ ਹਨ। ਲੋਕ ਭਾਵੇਂ ਇਸ ਬਾਰੇ ਜ਼ਿਆਦਾ ਨਹੀਂ ਬੋਲਦੇ, ਪਰ ਇਸ ਬਾਰੇ ਕਿਤੇ ਨਾ ਕਿਤੇ ਮੁੱਦਾ ਹੈ। ਭਾਵੇਂ ਪੰਜਾਬ ਸਰਕਾਰ ਕਾਨੂੰਨ ਵਿਵਸਥਾ ਨੂੰ ਲੈ ਕੇ ਕਾਰਵਾਈ ਕਰਨ ਦੇ ਦਾਅਵੇ ਕਰਦੀ ਹੈ, ਪਰ ਫਿਰ ਵੀ ਕੋਈ ਨਾ ਕੋਈ ਅਜਿਹੀ ਘਟਨਾ ਵਾਪਰ ਜਾਂਦੀ ਹੈ, ਜਿਸ ਕਾਰਨ ਕਾਨੂੰਨ ਵਿਵਸਥਾ ਉੱਤੇ ਸਵਾਲ ਚੁੱਕੇ ਜਾਂਦੇ ਹਨ।


ਸ਼ੇਰ-ਏ-ਪੰਜਾਬ ਸਪੋਰਟਸ ਐਂਡ ਹੈਰੀਟੇਜ ਕਲੱਬ (ਮਿਡਵੈਸਟ) ਸ਼ਿਕਾਗੋ
ਸਮੂਹ ਖੇਡ ਪ੍ਰੇਮੀਆਂ, ਸਪਾਂਸਰਾਂ, ਸੁਭਚਿੰਤਕਾਂ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ
ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਪੰਜਾਬੀਆਂ ਦੇ
ਚੜ੍ਹਦੀ ਕਲਾ ਦੇ ਤਿਓਹਾਰ ਵਿਸਾਖੀ ਦੀ
ਲੱਖ ਲੱਖ ਵਧਾਈ
ਲਖਵਿੰਦਰ ਸਿੰਘ ਪ੍ਰਧਾਨ
815-690-0941
ਜਸਰੂਪ ਸਿੰਘ ਮੀਤ ਪ੍ਰਧਾਨ
224-578-2939
ਅੰਮ੍ਰਿਤਪਾਲ ਮਾਂਗਟ ਖਜ਼ਾਨਚੀ
847-890-0704
SHER-E-PUNJAB SPORTS CLUB CHICAGO MIDWEST
SHER-E-PUNJAB SPORTS CLUB
CHICAGO MIDWEST
ਅੰਮ੍ਰਿਤਪਾਲ ਸਿੰਘ ਗਿੱਲ
920-460-1001
ਹਰਦੀਪ ਸਿੰਘ ਬੰਦੇਸ਼ਾ
815-546-0525
ਗੁਰਦੇਵ ਸਿੰਘ ਗਿੱਲ
847-271-7451
ਪਰਮਿੰਦਰ ਸਿੰਘ ਵਾਲੀਆ
847-477-1613
ਅਮਰਦੇਵ ਸਿੰਘ ਬੰਦੇਸ਼ਾ
708-612-7963
ਬਲਵਿੰਦਰ ਸਿੰਘ ਚੱਠਾ
630-523-3412
ਦਰਸ਼ਨ ਸਿੰਘ ਪੰਮਾਂ
847-561-7101
ਅਮਰਜੀਤ ਸਿੰਘ ਬੰਦੇਸ਼ਾ
815-474-5424
ਮਨਜਿੰਦਰ ਸਿੰਘ ਚੀਮਾ
815-261-2148
ਪਿਛਲੇ ਸਾਲਾਂ ਵਿੱਚ ਖੇਡ ਮੇਲਿਆਂ ਦੌਰਾਨ ਸਪਾਂਸਰਾਂ ਤੇ ਭਾਈਚਾਰੇ ਵੱਲੋਂ ਮਿਲੇ ਭਰਵੇਂ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ।
ਭਵਿੱਖ ਵਿੱਚ ਵੀ ਤੁਹਾਡੇ ਸਹਿਯੋਗ ਨਾਲ ਪੰਜਾਬੀਆਂ ਦੀ ਖੇਡ ਕਬੱਡੀ ਨੂੰ ਪ੍ਰਫੁਲਤ ਕਰਨ ਲਈ ਉਪਰਾਲੇ ਜਾਰੀ ਰਹਿਣਗੇ।
Sher-E-Punjab Sports & Heritage Club (Midwest) Chicago

# ਪੰਜਾਬੀਆਂ ਲਈ ਵਿਸ਼ੇਸ਼ ਮਹੱਤਵ ਵਾਲਾ ਦਿਹਾੜਾ 'ਵਿਸਾਖੀ'

## ਵਿਰਾਸਤ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



13 ਅਪ੍ਰੈਲ ਨੂੰ ਵਿਸਾਖੀ ਦੇ ਦਿਨ 'ਓ ਜੱਟਾ ਆਈ ਵਿਸਾਖੀ, ਮੁੱਕੀ ਫ਼ਸਲਾਂ ਦੀ ਰਾਖੀ' ਦਾ ਗੀਤ ਗਾਉਂਦਿਆਂ ਪੰਜਾਬ ਦੇ ਕਿਸਾਨ ਖੇਤਾਂ ਵਿੱਚ ਕਣਕ ਦੀ ਵਾਢੀ ਲਈ ਉਤਰਦੇ ਹਨ ਤੇ ਵਾਢੀ ਮਗਰੋਂ ਫ਼ਸਲ ਨੂੰ ਮੰਡੀਆਂ 'ਚ ਸੁੱਟ ਕੇ ਤੇ ਪੈਸੇ ਵੱਟ ਕੇ ਸਮੂਹ ਜੱਟ-ਜ਼ਿਮੀਂਦਾਰ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਗੁਣਗੁਣਾਉਂਦੇ ਹੋਏ ਵਿਸਾਖੀ ਦੇ ਮੇਲੇ 'ਤੇ ਜਾਂਦੇ ਹਨ ਤੇ ਧਮਾਲਾਂ ਪਾਉਂਦੇ ਹਨ। ਉਂਜ ਇਹ ਉਪਰੋਕਤ ਬਿਰਤਾਂਤ ਕਿਸੇ ਵੇਲੇ ਸਮੁੱਚੇ ਪੰਜਾਬ ਦਾ ਸੁਖਦਾਇਕ ਦ੍ਰਿਸ਼ ਹੋਇਆ ਕਰਦਾ ਸੀ, ਪਰ ਹੁਣ ਸਰਕਾਰੀ ਨੀਤੀਆਂ, ਲੋਟੂ ਵਪਾਰੀਆਂ ਅਤੇ ਕੁਦਰਤ ਦੇ ਨਾਲ-ਨਾਲ ਕਰਜ਼ੇ ਦੀਆਂ ਮਾਰਾਂ ਦਾ ਝੰਬਿਆ ਅਜੋਕਾ ਜ਼ਿਆਦਾਤਰ ਕਿਸਾਨੀ ਵਰਗ ਉਕਤ ਦ੍ਰਿਸ਼ ਪੇਸ਼ ਕਰਨ ਦੀ ਥਾਂ ਆਪਣੀਆਂ ਹੱਕੀ ਮੰਗਾਂ ਖ਼ਾਤਿਰ ਰੇਲਾਂ ਜਾਂ ਸੜਕਾਂ ਜਾਮ ਕਰਦਾ ਹੋਇਆ ਜਾਂ ਫਿਰ ਮਾਨਸਿਕ ਤਣਾਅ ਹੇਠ ਆਪਣੇ ਹੀ ਖੇਤ ਵਿੱਚ ਫ਼ਾਹਾ ਲੈ ਕੇ ਜਾਂ ਸਲਫ਼ਾਸ ਖਾ ਕੇ ਖ਼ੁਦਕੁਸ਼ੀਆਂ ਕਰਦਾ ਨਜ਼ਰ ਆਉਂਦਾ ਹੈ। ਕਿਸਾਨਾਂ ਲਈ 'ਵਿਸਾਖੀ' ਹੁਣ ਸਚਮੁੱਚ ਪਹਿਲਾਂ ਵਾਲੀ ਵਿਸਾਖੀ ਨਹੀਂ ਰਹੀ ਹੈ।

ਵਿਸਾਖੀ ਅਸਲ ਵਿੱਚ ਗੁਰੂ ਸਾਹਿਬ ਦੁਆਰਾ ਮੁਸ਼ਕਿਲਾਂ ਦੇ ਤੂਫ਼ਾਨਾਂ ਤੇ ਮੁਸੀਬਤਾਂ ਦੇ ਪਰਬਤਾਂ ਨਾਲ ਟਕਰਾਉਣ ਹਿਤ ਤਿਆਰ ਕਰਨ ਵਾਲੀ 'ਅੰਮ੍ਰਿਤ' ਰੂਪੀ ਗੁੜ੍ਹਤੀ ਤਿਆਰ ਕਰਨ ਵਾਲਾ ਦਿਨ ਹੈ। ਇਹ ਉਹ ਦਿਨ ਹੈ, ਜਦੋਂ ਸੇਵਾ, ਸਿਮਰਨ ਅਤੇ ਸੂਰਬੀਰਤਾ ਦਾ ਲੜ ਫੜ ਕੇ ਹਰੇਕ ਸਿੱਖ ਜ਼ੁਲਮ ਖ਼ਿਲਾਫ਼ ਜੰਗ ਲੜਨ ਲਈ ਤਿਆਰ ਹੋ ਗਿਆ ਸੀ ਤੇ ਸੰਨ 1699 ਦੀ ਵਿਸਾਖੀ ਨੂੰ ਦਸਮ ਪਾਤਸ਼ਾਹ ਨੇ ਖੰਡੇ ਦੀ ਪਾਹੁਲ ਦੇ ਕੇ ਚਿੜੀਆਂ ਨੂੰ ਬਾਜਾਂ ਨਾਲ ਟਕਰਾਉਣ ਦੇ ਹੌਸਲੇ ਬਖ਼ਸ਼ ਦਿੱਤੇ ਸਨ। ਗੁਰੂ ਜੀ ਨੇ ਧਰਮਾਂ, ਜਾਤਾਂ, ਨਸਲਾਂ ਤੇ ਫ਼ਿਰਕਿਆਂ 'ਤੇ ਇੱਕ ਵੱਢਿਓਂ ਕਿਰਪਾਨ ਫੇਰ ਕੇ ਭਾਈ ਦਇਆ, ਭਾਈ ਮੋਹਕਮ, ਭਾਈ ਧਰਮ, ਭਾਈ ਸਾਹਿਬ ਅਤੇ ਭਾਈ ਹਿੰਮਤ ਨੂੰ 'ਸਿੰਘ' ਦਾ ਦਰਜਾ ਦੇ ਕੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਗੁਰੂ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ ਸੀ। ਉਨ੍ਹਾਂ ਖ਼ਾਲਸਾ ਗ਼ਰੀਬ ਤੇ ਮਜ਼ਲੂਮ ਦੀ ਰਾਖੀ ਲਈ ਸਾਜਿਆ ਸੀ ਅਤੇ ਖ਼ਾਲਸੇ ਨੂੰ ਭਗਤੀ ਤੇ ਸ਼ਕਤੀ ਦਾ ਸੁਮੇਲ ਬਣਾ ਕੇ ਔਗੁਣਾਂ, ਪਾਪਾਂ, ਨਫ਼ਰਤਾਂ ਤੇ ਕੁਰਹਿਤਾਂ ਤੋਂ ਨਿਰਲੇਪ ਹੋ ਕੇ ਖ਼ਾਲਸ ਰਹਿਣ ਦੀ ਤਾਕੀਦ ਕੀਤੀ ਸੀ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਨਾਨਕ ਦੇਵ ਜੀ ਦੇ ਤੁਖ਼ਾਰੀ ਰਾਗ ਵਿੱਚ ਉਚਾਰਨ ਕੀਤੇ ਬਾਰਹਮਾਹ ਤੋਂ ਇਲਾਵਾ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੇ ਮੁਖ਼ਾਰਬਿੰਦ 'ਚੋਂ ਨਿਕਲਿਆ ਹੋਇਆ ਇੱਕ ਹੋਰ ਬਾਰਹਮਾਹ ਵੀ ਦਰਜ ਹੈ, ਜਿਸ 'ਚ ਵੈਸਾਖ ਮਹੀਨੇ ਸਬੰਧੀ ਫ਼ੁਰਮਾਨ ਹੈ,

ਵੈਸਾਖ ਧੀਰਨਿ ਕਿਉ ਵਾਢੀਆ ਜਿਨਾ ਪਰੇਮ ਬਿਛੋਹ॥
ਹਰਿ ਸਾਜਨ ਪੁਰਖ ਵਿਸਾਰ ਕੈ ਲਗੀ ਮਾਇਆ ਧੋਹ॥

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਇਸ ਮਹੀਨੇ ਦਾ ਮਹੱਤਵ ਦੱਸਦਿਆਂ ਫ਼ੁਰਮਾਨ ਕਰਦੇ ਹਨ ਕਿ ਵੈਸਾਖ ਦਾ ਇਹ ਮਹੀਨਾ ਆਪਣੇ ਪ੍ਰਭੂ-ਪ੍ਰੀਤਮ ਤੋਂ ਵਿਛੜੀ ਤੇ ਉਸਨੂੰ ਭੁਲਾ ਚੁੱਕੀ ਰੂਹ ਨੂੰ ਮੁੜ ਉਸ ਪਰਮੇਸ਼ਰ ਨਾਲ ਇੱਕਮਿੱਕ ਕਰਨ ਦਾ ਮਹੀਨਾ ਹੈ। ਗੁਰੂ ਸਾਹਿਬ ਆਖ਼ਦੇ ਹਨ ਕਿ ਮਨੁੱਖ ਮਾਇਆ ਦੇ ਲੋਭ ਤੇ ਧੀਆਂ-ਪੁੱਤਾਂ ਦੇ ਮੋਹ ਵੱਸ ਹੋ ਕੇ ਆਪਣੇ ਅਸਲ ਮਾਲਕ ਤੋਂ ਦੂਰ ਹੋ ਗਿਆ ਹੈ, ਪਰ ਪ੍ਰਭੂ ਦੇ ਸੱਚੇ ਨਾਮ ਦਾ ਜਾਪ ਤੇ ਉਸਦੇ ਗੁਣਾਂ ਦਾ ਗਾਇਨ ਕਰਕੇ ਉਹ ਮੁੜ ਤੋਂ ਆਪਣੇ ਮਾਲਕ ਦਾ ਪਿਆਰ ਹਾਸਿਲ ਕਰ ਸਕਦਾ ਹੈ। ਗੁਰੂ ਸਾਹਿਬ ਉਸ ਸਰਬਸ਼ਕਤੀਮਾਨ ਪਰਮਾਤਮਾ ਦੇ ਚਰਨਾਂ ਵਿੱਚ ਜੋਦੜੀ ਕਰਦੇ ਹਨ ਕਿ ਇਸ ਪਾਵਨ ਮਹੀਨੇ ਵਿੱਚ ਉਹ ਸਭ ਮਨੁੱਖਾਂ 'ਤੇ ਆਪਣੀਆਂ ਬਖ਼ਸ਼ਿਸ਼ਾਂ ਦਾ ਮੀਂਹ ਵਰ੍ਹਾ ਕੇ ਉਨ੍ਹਾਂ ਨੂੰ ਆਪਣੇ ਵਿੱਚ ਅਭੇਦ ਕਰ ਲਵੇ।

ਸਿੱਖ ਪੰਥ ਵਿੱਚ ਚੱਲਦਾ ਨਾਨਕਸ਼ਾਹੀ ਕੈਲੰਡਰ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੇ ਦੇਸੀ ਮਹੀਨੇ ਚੇਤ ਤੋਂ ਸ਼ੁਰੂ ਹੁੰਦਾ ਹੈ ਤੇ ਵੈਸਾਖ ਇਸ ਦੇਸੀ ਸਾਲ ਦਾ ਦੂਜਾ ਤੇ ਅਤਿ ਮਹੱਤਵਪੂਰਨ ਮਹੀਨਾ ਹੈ। ਸਿੱਖ ਇਤਿਹਾਸ ਅਨੁਸਾਰ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੇ ਸਮੇਂ ਵੀ ਸਿੱਖ ਪੰਥ ਵਿੱਚ ਤਿੰਨ ਅਜਿਹੇ ਦਿਵਸ ਮਨਾਏ ਜਾਂਦੇ ਸਨ, ਜਦੋਂ ਨਾਨਕ ਨਾਮਲੇਵਾ ਸੰਗਤਾਂ ਦੇ ਵਿਸ਼ਾਲ ਇਕੱਠ ਹੋਇਆ ਕਰਦੇ ਸਨ ਤੇ ਉਹ ਦਿਵਸ ਸਨ- 'ਵੈਸਾਖੀ, ਦੀਵਾਲੀ ਅਤੇ ਮਾਘੀ।' 12 ਅਪ੍ਰੈਲ 1801 ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਤਖ਼ਤ ਦਾ ਮਾਲਕ ਐਲਾਨਿਆ ਗਿਆ ਸੀ ਤੇ ਅਗਲੇ ਦਿਨ 13 ਅਪ੍ਰੈਲ ਨੂੰ ਭਾਵ ਵਿਸਾਖੀ ਦੇ ਪਾਵਨ ਦਿਹਾੜੇ 'ਤੇ ਇਸ ਮਹਾਨ ਮਹਾਰਾਜਾ ਤੇ ਸਿੱਖ ਜਰਨੈਲ ਨੂੰ ਤਖ਼ਤ 'ਤੇ ਸੁਭਾਇਮਾਨ ਕੀਤਾ ਗਿਆ ਸੀ। ਗੁਰੂ ਨਾਨਕ ਪਾਤਸ਼ਾਹ ਜੀ ਦੇ ਵੰਸ਼ਜ ਬਾਬਾ ਸਾਹਿਬ ਸਿੰਘ ਬੇਦੀ ਨੇ ਮਹਾਰਾਜੇ ਦਾ ਰਾਜ-ਤਿਲਕ ਕਰਨ ਦੀ ਰਸਮ ਅਦਾ ਕੀਤੀ ਸੀ।

13 ਅਪ੍ਰੈਲ ਦਾ ਦਿਹਾੜਾ ਪੰਜਾਬ ਦੇ ਅਤੇ ਭਾਰਤ ਦੇ ਇਤਿਹਾਸ ਵਿੱਚ ਅੰਗਰੇਜ਼ ਹਾਕਮਾਂ ਦੇ ਜ਼ੁਲਮੋ-ਸਿਤਮ ਦੀ ਇੰਤਹਾ ਨੂੰ ਬਿਆਨ ਕਰਨ ਵਾਲਾ ਦਿਹਾੜਾ ਵੀ ਹੈ। ਇਸ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਜੱਲ੍ਹਿਆਂਵਾਲਾ ਬਾਗ ਵਿਖੇ ਇਕੱਤਰ ਹੋਏ ਨਿਹੱਥੇ, ਨਿਰਦੋਸ਼ ਅਤੇ ਮਾਸੂਮ ਦੇਸ਼ ਭਗਤਾਂ ਨੂੰ ਚਾਰੇ ਪਾਸਿਉਂ ਘੇਰ ਕੇ ਅੰਗਰੇਜ਼ ਅਫ਼ਸਰ ਮਾਈਕਲ ਓ'ਡਵਾਇਰ ਨੇ ਅੰਨ੍ਹੇਵਾਹ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਸੀ ਤੇ ਇਸ ਹੱਤਿਆਕਾਂਡ ਨੇ ਭਗਤ ਸਿੰਘ ਅਤੇ ਊਧਮ ਸਿੰਘ ਜਿਹੇ ਸੂਰਮਿਆਂ ਦੇ ਅੰਦਰ ਅੰਗਰੇਜ਼ ਹਾਕਮਾਂ ਖ਼ਿਲਾਫ਼ ਖ਼ੌਲ੍ਹਦੇ ਖ਼ੂਨ ਨੂੰ ਹੋਰ ਗਰਮਾ ਦਿੱਤਾ ਸੀ। ਇਸੇ ਦਿਲ-ਕੰਬਾਊ ਕਾਂਡ ਤੋਂ ਬਾਅਦ ਇਹ ਸੂਰਮੇ ਜਾਨ ਤਲੀ 'ਤੇ ਧਰ ਕੇ ਦੇਸ਼ ਦੇ ਦੁਸ਼ਮਣਾਂ ਤੋਂ ਬਦਲਾ ਲੈਣ ਲਈ ਮੈਦਾਨੇ-ਜੰਗ ਵਿੱਚ ਕੁੱਦ ਪਏ ਸਨ ਤੇ ਅੰਗਰੇਜ਼ ਅਫ਼ਸਰਾਂ ਤੋਂ ਇਸ ਜ਼ੁਲਮ ਦਾ ਬਦਲਾ ਲੈ ਕੇ ਹੀ ਪਰਤੇ ਸਨ।

ਹਿੰਦੂ ਧਰਮ ਦੀਆਂ ਮਾਨਤਾਵਾਂ ਅਨੁਸਾਰ ਵੈਸਾਖ ਦਾ ਇਹ ਮਹੀਨਾ ਸੂਰਜੀ ਕੈਲੰਡਰ ਦਾ ਪਹਿਲਾ ਮਹੀਨਾ ਭਾਵ ਨਵੇਂ ਸਾਲ ਦਾ ਮਹੂਰਤ ਹੈ। ਸਾਡੇ ਦੇਸ਼ ਵਿੱਚ ਅਸਾਮ, ਬਿਹਾਰ, ਬੰਗਾਲ, ਉੜੀਸਾ, ਹਰਿਆਣਾ, ਹਿਮਾਚਲ ਪ੍ਰਦੇਸ਼, ਕੇਰਲਾ, ਤਾਮਿਲਨਾਡੂ, ਉੱਤਰ ਪ੍ਰਦੇਸ਼, ਉੱਤਰਾਖੰਡ ਆਦਿ ਰਾਜਾਂ ਅਤੇ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਪਹਿਲੀ ਵੈਸਾਖ ਨੂੰ ਨਵੇਂ ਸਾਲ ਦਾ ਸ਼ੁਭ ਅਰੰਭ ਮੰਨਿਆ ਜਾਂਦਾ ਹੈ, ਪਰ ਗੁਜਰਾਤ ਵਿਖੇ ਦੀਵਾਲੀ ਮੌਕੇ ਨਵੇਂ ਸਾਲ ਦੀ ਅਰੰਭਤਾ ਮੰਨੀ ਜਾਂਦੀ ਹੈ। ਕੇਰਲਾ ਵਿੱਚ ਇਸ ਦਿਹਾੜੇ ਨੂੰ 'ਵਿਸ਼ੂ' ਜਾਂ 'ਵਿਸ਼ੂ ਕਨੀ' ਦੇ ਨਾਂ ਹੇਠ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਪਾਵਨ ਸਰੋਵਰਾਂ 'ਚ ਇਸ਼ਨਾਨ ਕਰਦੇ ਹਨ, ਨਵੇਂ ਕੱਪੜੇ ਪਹਿਨਦੇ ਹਨ, ਮਠਿਆਈਆਂ ਖਾਂਦੇ ਤੇ ਵੰਡਦੇ ਹਨ ਅਤੇ ਮੇਲਿਆਂ ਵਿੱਚ ਸ਼ਰੀਕ ਹੁੰਦੇ ਹਨ। ਅਸਾਮ ਵਿੱਚ ਇਹ ਦਿਵਸ 'ਬੋਹਾਗ ਬਿਹੂ' ਅਤੇ ਬੰਗਾਲ 'ਚ 'ਪੋਹਿਲਾ ਬੈਸ਼ਾਖ਼' ਦੇ ਨਾਂ ਹੇਠ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਉੜੀਸਾ 'ਚ ਇਸ ਦਿਹਾੜੇ ਨੂੰ 'ਮਹਾਂ ਵਿਸ਼ੂ ਸੰਕ੍ਰਾਂਤੀ' ਆਖ਼ਿਆ ਜਾਂਦਾ ਹੈ।

ਪਾਕਿਸਤਾਨ ਵਿਖੇ ਸੰਨ 1970 ਵਿੱਚ ਫ਼ੌਜੀ ਜਰਨਲ ਜ਼ਿਆ-ਉਲ-ਹੱਕ ਦੇ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਸਿੱਖਾਂ ਤੇ ਮੁਸਲਮਾਨਾਂ ਵੱਲੋਂ ਵਿਸਾਖੀ ਦਾ ਤਿਉਹਾਰ ਮਿਲ-ਜੁਲ ਕੇ ਤੇ ਪੂਰੇ ਜੋਸ਼ੋ-ਖ਼ਰੋਸ਼ ਨਾਲ ਮਨਾਇਆ ਜਾਂਦਾ ਸੀ, ਪਰ ਜਨਰਲ ਜ਼ਿਆ-ਉਲ-ਹੱਕ ਦੇ ਪ੍ਰਭਾਵ ਕਰਕੇ ਇਸ ਦਿਵਸ ਨੂੰ ਸਾਂਝੇ ਤਿਉਹਾਰ ਵਜੋਂ ਵੱਡੇ ਪੱਧਰ 'ਤੇ ਮਨਾਏ ਜਾਣ ਦੀ ਪਰੰਪਰਾ ਖ਼ਤਮ ਹੋ ਗਈ ਸੀ। ਅੱਜ ਵੀ ਪਾਕਿਸਤਾਨ ਸਮੇਤ ਕੈਨੇਡਾ, ਇੰਗਲੈਂਡ, ਅਮਰੀਕਾ, ਇਟਲੀ, ਫ਼ਰਾਂਸ ਅਤੇ ਦੁਨੀਆਂ ਦੇ ਹੋਰ ਮੁਲਕਾਂ ਵਿੱਚ ਜਿੱਥੇ ਪੰਜਾਬੀ ਵੱਸਦੇ ਹਨ, ਵਿਸਾਖੀ ਦਾ ਦਿਹਾੜਾ ਇੱਕ ਤਿਉਹਾਰ ਵਜੋਂ ਪੂਰੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਕਿੰਨੇ ਮਾਣ ਦੀ ਗੱਲ ਹੈ ਕਿ ਸੰਨ 2018 ਦੀ 13 ਅਪ੍ਰੈਲ ਨੂੰ ਕੈਨੇਡਾ ਵਿੱਚ ਸਵਾ ਪੰਜ ਲੱਖ ਭਾਰਤੀਆਂ ਦਾ ਇਕੱਠ ਵਿਸਾਖੀ ਮਨਾਉਣ ਲਈ ਹੋਇਆ ਸੀ। ਇਹ ਵੀ ਮਾਣ ਵਾਲੀ ਗੱਲ ਹੈ ਕਿ ਅਮਰੀਕਾ-ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਐਲਾਨਿਆ ਗਿਆ ਹੈ। ਸੋ ਵਿਸਾਖੀ ਦੇਸ਼-ਵਿਦੇਸ਼ ਵਿੱਚ ਵੱਸਦੇ ਸਮੂਹ ਭਾਰਤੀਆਂ ਤੇ ਖ਼ਾਸ ਕਰਕੇ ਪੰਜਾਬੀਆਂ ਲਈ ਵਿਸ਼ੇਸ਼ ਮਹੱਤਵ ਵਾਲਾ ਦਿਨ ਹੈ, ਜੋ ਸਾਡੇ ਇਤਿਹਾਸ, ਸੱਭਿਆਚਾਰ ਅਤੇ ਵਿਰਸੇ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ।



## ਕਿਸਾਨ/ਜੱਟ ਅਤੇ ਵਿਸਾਖੀ

ਐਡਵੋਕੇਟ ਮਲਕੀਤ ਸਿੰਘ

4 ਅਕਤੂਬਰ 1876 ਨੂੰ ਜਨਮੇ ਪੰਜਾਬੀ ਜ਼ਿੰਦ-ਜਾਨ ਕਵੀ ਧਨੀ ਰਾਮ ਚਾਤ੍ਰਿਕ ਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਨਾਲ ਸਬੰਧਿਤ ਅਨੇਕਾਂ ਕਵਿਤਾਵਾਂ ਲਿਖੀਆਂ। ਖੈਰ! ਜਿਹੜੇ ਦਿਨ ਹੁਣ ਚੱਲ ਰਹੇ ਨੇ ਅਤੇ ਜੋ ਹਾਲਾਤ ਨੇ, ਉਨ੍ਹਾਂ ਦੇ ਮੱਦੇਨਜ਼ਰ ਮੈਨੂੰ ਉਸਦੀ ਮਸ਼ਹੂਰ ਕਵਿਤਾ "ਮੇਲੇ ਵਿੱਚ ਜੱਟ" ਚੇਤੇ ਆਉਂਦੀ ਹੈ। ਇਹ ਕਵਿਤਾ ਉਸ ਸਮੇਂ ਦਾ ਖਾਕਾ ਖਿੱਚਦੀ ਏ, ਜਦੋਂ ਕਿਸਾਨ ਦੀ ਛੇ-ਮਹੀਨੇ ਦੀ ਮਿਹਨਤ ਉਸਦੇ ਪੱਲੇ ਪੈਂਦੀ ਹੈ। ਕਣਕ ਦੀ ਫ਼ਸਲ ਪੱਕ ਜਾਂਦੀ ਹੈ। ਵਾਢੀਆਂ ਦਾ ਜੋਰ ਪੈ ਜਾਂਦਾ ਏ। ਉਸ ਵੇਲੇ ਵਾਢੀ ਹੱਥਾਂ ਨਾਲ ਕੀਤੀ ਜਾਂਦੀ ਸੀ ਅਤੇ ਪਿੰਡ ਵਿੱਚ ਮੰਗ ਵੀ ਪਾਈ ਜਾਂਦੀ ਸੀ- ਭਾਵ ਪਿੰਡ ਦੇ ਵਸਨੀਕਾਂ ਨੂੰ ਸੱਦਿਆ ਜਾਂਦਾ ਸੀ ਕਿ ਅੱਜ ਰਲ ਕੇ ਉਸਦੀ ਕਣਕ ਵੱਢ ਆਉਣ। ਸ਼ਾਮਾਂ ਨੂੰ ਵਿਸ਼ੇਸ਼ ਖਾਣਾ ਪਰੋਸਿਆ ਜਾਂਦਾ ਸੀ ਸਾਰਿਆਂ ਨੂੰ। ਇੰਝ ਵਾਰੋ-ਵਾਰ ਹੁੰਦਾ ਸੀ ਅਤੇ ਰਲ-ਮਿਲ ਕੇ ਮੀਂਹ-ਝੱਖੜ ਤੋਂ ਪਹਿਲਾਂ ਕਣਕ ਵੱਢ ਕੇ ਗਾਹ ਵੀ ਪਾ ਲਿਆ ਜਾਂਦਾ ਸੀ। ਦਾਣੇ ਕੁਝ ਘਰ ਅਤੇ ਬਾਕੀ ਦੇ ਮੰਡੀ ਵੇਚ ਆਉਂਦੇ ਸਨ। ਦਾਣੇ ਕੱਢਣ ਤੋਂ ਬਾਅਦ ਬਚੀ ਤੂੜੀ ਨੂੰ ਕੁੱਪ ਬਣਾ ਕੇ ਪਸ਼ੂਆਂ ਲਈ ਸੁਰੱਖਿਅਤ ਕਰ ਲਿਆ ਜਾਂਦਾ ਸੀ।

ਧਨੀ ਰਾਮ ਚਾਤ੍ਰਿਕ ਦਾ ਵੇਲਾ ਅੱਜ ਵਰਗਾ ਮਸ਼ੀਨਾਂ ਦਾ ਵੇਲਾ ਨਹੀਂ ਸੀ, ਇਸ ਕਰਕੇ ਕਵਿਤਾ ਦੇ ਭਾਵ ਸਮਝਣ ਲਈ ਉਸ ਵੇਲੇ ਦਾ ਅਹਿਸਾਸ ਹੋਣਾ ਵੀ ਜਰੂਰੀ ਹੈ।

ਆੜ੍ਹਤੀਏ ਉਸ ਵੇਲੇ ਵੀ ਸਨ ਅਤੇ ਉਸ ਤੋਂ ਪਹਿਲਾਂ ਵੀ। ਦਾਣੇ ਆੜ੍ਹਤੀਆਂ ਰਾਹੀਂ ਹੀ ਵੇਚੇ ਜਾਂਦੇ ਸਨ ਅਤੇ ਆੜ੍ਹਤੀਆਂ ਤੋਂ ਹੀ ਪਹਿਲਾਂ ਤੋਂ ਲਏ ਕਰਜ਼ੇ ਦਾ ਹਿਸਾਬ-ਕਿਤਾਬ ਕਰਕੇ ਜਦੋਂ ਕਿਸਾਨ ਕੁਝ ਕੁ ਪੈਸੇ ਆਪਣੇ ਬੋਝੇ ਵਿੱਚ ਪਾ ਕੇ ਘਰ ਮੁੜਦਾ ਸੀ ਤਾਂ ਖੁਸ਼ੀ ਸੰਭਾਲੀ ਨਹੀਂ ਸੀ ਜਾਂਦੀ-ਨਾ ਉਸਦੀ ਆਪਣੀ ਅਤੇ ਨਾ ਪਰਿਵਾਰ ਦੀ।

ਗੱਲ ਕੀ ਉਨ੍ਹਾਂ ਵੇਲਿਆਂ ਵਿੱਚ ਵਿਆਹ-ਸ਼ਾਦੀਆਂ ਜਾਂ ਹੋਰ ਕਾਰਜ ਵੀ ਤਾਂ ਫ਼ਸਲ ਦੀ ਆਮਦਨ 'ਤੇ ਹੀ ਮੁਨੱਸਰ ਹੁੰਦੇ ਸਨ। ਘਰ ਪੈਸਾ ਆਉਂਦਾ ਸੀ ਤਾਂ ਕਾਰਜ ਕੀਤੇ ਜਾਂਦੇ ਸਨ। ਉਨ੍ਹਾਂ ਵੇਲਿਆਂ ਵਿੱਚ ਵਿਆਹ-ਸ਼ਾਦੀਆਂ ਅਕਸਰ ਹਾੜ੍ਹੀ ਦੀ ਆਮਦਨ ਤੋਂ ਬਾਅਦ ਹੀ ਹੁੰਦੀਆਂ ਸਨ। ਬਹੁਤਾ ਕਰਜ ਚੁੱਕਣ ਤੋਂ ਗੁਰੇਜ਼ ਜੋ ਕੀਤਾ ਜਾਂਦਾ ਸੀ। ਹੁਣ ਤਾਂ ਵਿਆਹ-ਸ਼ਾਦੀਆਂ ਫ਼ਸਲ ਵੇਖ ਕੇ ਨਹੀਂ, ਮੌਸਮ ਵੇਖ ਕੇ ਹੋਣ ਲੱਗ ਪਈਆਂ ਨੇ। ਬਹੁਤੇ ਵਿਆਹ ਤਾਂ ਹੁਣ ਹੀ ਤੇਰ੍ਹਵੇਂ ਮਹੀਨੇ ਵਿੱਚ ਹੋਣ ਲੱਗੇ ਹਨ, ਜਦੋਂ ਘਰੋਂ ਦਾਣੇ ਮੁੱਕੇ ਹੁੰਦੇ ਨੇ। ਕਰਜ ਚੁੱਕਣਾ ਜਿਵੇਂ ਜੀਵਨ-ਸ਼ੈਲੀ ਬਣ ਗਈ ਏ। ਇਸ ਗੱਲ ਦਾ ਸ਼ਾਇਦ, ਧਨੀ ਰਾਮ ਚਾਤ੍ਰਿਕ ਨੂੰ ਨਹੀਂ ਸੀ ਪਤਾ।

ਇਹ ਹਾਲਤ ਹਰ ਕਿਸਾਨ ਦੀ ਹੈ। ਧਨੀ ਰਾਮ ਦੁਆਰਾ ਆਪਣੀ ਕਵਿਤਾ ਵਿੱਚ ਵਰਤਿਆ ਪ੍ਰਤੀਕ "ਜੱਟ" ਕਿਸਾਨ ਦਾ ਹੀ ਪ੍ਰਤੀਨਿੱਧ ਹੈ। ਉਹ ਵੇਲਾ ਸੀ ਜਦੋਂ ਖੇਤੀ ਕੇਵਲ ਅਤੇ ਕੇਵਲ ਕੁਦਰਤ 'ਤੇ ਹੀ ਨਿਰਭਰ ਹੁੰਦੀ ਸੀ। ਹੁਣ ਵਾਂਗ ਆਟੋਕੱਟ ਵਾਲੀਆਂ ਮੋਟਰਾਂ-ਬੰਬੀਆਂ ਤਾਂ ਉਸ ਵੇਲੇ ਕਿਸੇ ਸੋਚੀਆਂ ਵੀ ਨਹੀਂ ਸਨ। ਮੀਂਹਾਂ ਉਤੇ ਨਿਰਭਰ ਖੇਤੀ ਦੌਰਾਨ ਹਾੜ੍ਹੀ ਦੀ ਵਾਢੀ ਅਤੇ ਸਾਉਣੀ ਦੀ ਬਿਜਾਈ ਵਿੱਚ ਕਾਫ਼ੀ ਅੰਤਰ ਹੁੰਦਾ ਸੀ। ਵਿੱਚ ਵਾਲਾ ਸਮਾਂ ਜੱਟ ਲਈ ਆਪਣੀਆਂ ਰਿਸ਼ਤੇਦਾਰੀਆਂ ਨਿਭਾਉਣ ਅਤੇ ਹੋਰ ਕਾਰਜਾਂ ਲਈ ਵਿਹਲਾ ਹੁੰਦਾ ਸੀ।

ਹਾੜ੍ਹੀ ਤੋਂ ਬਾਅਦ ਜੱਟ ਲਈ ਇੱਕ ਜਸ਼ਨ ਦਾ ਸਮਾਂ ਹੁੰਦਾ ਸੀ। ਸ਼ਾਇਦ, ਇਸੇ ਕਰਕੇ ਹੀ ਮੁੱਖ ਤੌਰ ਉਤੇ ਫ਼ਸਲ ਨਾਲ ਜੁੜਿਆ ਵਿਸਾਖੀ ਦਾ ਮੇਲਾ ਹਾੜ੍ਹੀ ਦੀ ਆਮਦਨ ਤੋਂ ਬਾਅਦ ਮਨਾਇਆ ਜਾਂਦਾ ਸ, ਜੋ ਹੁਣ ਮੌਸਮੀ ਚੱਕਰ ਦੀ ਲਪੇਟ ਵਿੱਚ ਆ ਗਿਆ ਹੈ।

ਤਾਜ਼ਾ ਆਮਦਨ ਹੋਈ ਹੁੰਦੀ ਸੀ, ਪਰਿਵਾਰ ਦੇ ਜੀਆਂ ਨੂੰ ਨਵੇਂ ਕੱਪੜੇ ਮਿਲਦੇ ਸਨ। ਨਵੇਂ ਕੱਪੜੇ ਸੰਵਾਏ ਜਾਂਦੇ ਸਨ। "ਸੰਮਾਂ ਵਾਲੀ ਡਾਂਗ ਨੂੰ ਤੇਲ ਲਾਇ ਕੇ" ਜਿਹਾ ਕਥਨ ਵੀ ਜੱਟ/ਕਿਸਾਨ ਦੀ ਮਾਨਸਿਕਤਾ ਨੂੰ ਹੀ ਪ੍ਰਗਟਾਉਂਦਾ ਹੈ। ਜੱਟ ਦਾ ਜੋਸ਼ ਨਾਲ ਸਿੱਧਾ ਸਬੰਧ ਹੈ। ਖੇਤੀ ਦੇ ਕਿੱਤੇ ਵਿੱਚ ਉਸਨੂੰ ਲੱਖ ਮੁਸੀਬਤਾਂ ਆਉਂਦੀਆਂ ਨੇ ਅਤੇ ਜੱਟ ਉਹ ਸਾਰੀਆਂ ਮੁਸੀਬਤਾਂ ਆਪਣੀ ਡਾਂਗ ਅਤੇ ਅਣਖ ਦੇ ਸਹਾਰੇ ਹੀ ਹੱਲ ਕਰਦਾ ਹੈ। ਲਿਹਾਜ਼ਾ, "ਡਾਂਗ" ਜੱਟ ਦੀ ਮਾਨਸਿਕਤਾ ਅਤੇ ਮਜ਼ਬੂਰੀ- ਦੋਹਾਂ ਦੀ ਪ੍ਰਤੀਕ ਹੈ।

ਖੈਰ! ਕਣਕ ਵੇਚ ਕੇ ਹੋਈ ਆਮਦਨ ਕਰਕੇ ਜੱਟ ਅੰਦਰ ਜੋਸ਼ ਉਜਾਗਰ ਹੁੰਦਾ ਹੈ ਅਤੇ ਉਹ ਆਪਣੇ ਜੱਟ ਸੁਭਾਅ ਅਨੁਸਾਰ ਵਿਸਾਖੀ ਦੇ ਮੇਲੇ ਵਿੱਚ ਸ਼ਿਰਕਤ ਕਰਦਾ ਹੈ।

ਤਰਨ-ਤਾਰਨ ਦੀ ਹਾੜ ਦੀ ਮੱਸਿਆ ਵਾਂਗ ਹੀ ਜੱਟਾਂ/ਕਿਸਾਨਾਂ ਅੰਦਰ ਵਿਸਾਖ ਦੀ ਪਹਿਲੀ ਤਾਰੀਖ ਨੂੰ ਮਨਾਈ ਜਾਣ ਵਾਲ਼ੀ ਵਿਸਾਖੀ ਦਾ ਵੀ ਵਿਸ਼ੇਸ਼ ਮਹੱਤਵ ਰਿਹਾ ਹੈ।

ਮੇਲੇ ਤਾਂ ਮੁੱਖ ਤੌਰ ਉਤੇ ਵਪਾਰੀ ਦੇ ਹਿੱਤਾਂ ਅਨੁਸਾਰ, ਵਪਾਰ ਲਈ ਹੀ ਲੱਗਦੇ ਨੇ। ਕਿਸਾਨ/ਜੱਟ ਮੇਲਿਆਂ ਵਿੱਚ ਰਿਉੜੀਆਂ-ਜਲੇਬੀਆਂ ਜਾਂ ਪਕੌੜਿਆਂ ਦੇ ਲਾਲਚ ਵਿੱਚ ਹੀ ਵਪਾਰੀ ਹੱਥੋਂ ਲੁੱਟਿਆ ਜਾਂਦਾ ਏ। ਅੱਜ-ਕੱਲ੍ਹ ਤਾਂ ਵਿਸਾਖੀ ਦੇ ਮੇਲੇ ਪੰਘੂੜੇ, ਚੰਡੋਲ ਵਰਗੇ ਕਈ ਹੋਰ ਨਵੀਂ ਕਿਸਮ ਦੇ ਔਜ਼ਾਰ ਵੀ ਆਉਣ ਲੱਗ ਪਏ ਨੇ। ਅੱਖੜ੍ਹ ਸੁਭਾਅ ਦੇ ਕਿਸਾਨਾਂ/ਜੱਟਾਂ ਨੂੰ ਉਨ੍ਹਾਂ ਦੇ ਸੁਭਾਅ ਅਨੁਸਾਰ ਵਪਾਰੀ ਦੁਆਰਾ ਲੁੱਟਣ ਲਈ ਛਿੰਝਾਂ ਵਗੈਰਾ ਵੀ ਕਰਵਾਈਆਂ ਜਾਂਦੀਆਂ ਨੇ।

ਗੱਲ ਕੀ, ਕਿਸਾਨ/ਜੱਟ ਹਰ ਹੀਲੇ ਲੁੱਟਿਆ ਜਾਂਦਾ ਹੈ। ਉਸਦੀ ਕਮਾਈ ਨੂੰ ਉਸਦੇ ਰੰਗ ਦੀਆਂ ਚੀਜ਼ਾਂ, ਖੇਡਾਂ ਆਦਿ ਦਿਖ਼ਾ ਕੇ ਉਸਨੂੰ ਮੰਤਰ ਮੁਗਧ ਕਰ ਲਿਆ ਜਾਂਦਾ ਏ। ਜੱਟ ਬਿਨ ਸੋਚੇ ਆਪਣੇ ਖੀਸੇ ਵਿੱਚੋਂ ਆਪਣੀ ਛੇ ਮਹੀਨੇ ਦੀ ਕਮਾਈ ਚੰਦ ਮਸਖ਼ਰੇ ਪਹਿਲਵਾਨਾਂ ਦੀ ਪਹਿਲਾਂ ਤੋਂ ਤੈਅ ਹੋਈ ਛਿੰਝ 'ਤੇ ਲੁਟਾ ਕੇ ਘਰ ਮੁੜ ਆਉਂਦੇ ਨੇ। ਫਿਰ ਤੋਂ ਸਾਉਣੀ ਦੀ ਫ਼ਸਲ ਲਈ ਪੰਜਾਲੀ ਵਿੱਚ ਬਲ੍ਹਦ ਵਾਂਗ ਜੋਣ ਲਈ।

ਬੇਸ਼ੱਕ ਧਨੀ ਰਾਮ ਚਾਤ੍ਰਿਕ ਇਸ ਬਾਬਤ ਕੁਝ ਨਹੀਂ ਬੋਲਿਆ, ਪਰ ਉਸਨੇ ਕਿਸਾਨਾਂ/ਜੱਟਾਂ ਦੀ ਮਾਨਸਿਕਤਾ ਨੂੰ ਜ਼ਰੂਰ ਉਜਾਗਰ ਕਰ ਦਿੱਤਾ ਹੈ। ਉਸਨੇ ਦੱਸ ਦਿੱਤਾ ਹੈ ਕਿ ਕਿਸਾਨਾਂ/ਜੱਟਾਂ ਦੀ ਮਾਨਸਿਕਤਾ ਕੀ ਹੈ ਅਤੇ ਕਿਵੇਂ ਉਨ੍ਹਾਂ ਨੂੰ ਕਿਸੇ ਵਪਾਰਕ ਚਕਾ-ਚੌਂਧ ਵਾਲੇ ਮੇਲੇ ਰਾਹੀਂ ਲੁੱਟਿਆ ਜਾ ਸਕਦਾ ਹੈ।

ਹੁਣ ਵਿਸਾਖੀ ਦਾ ਮੇਲਾ ਧਾਰਮਿਕ ਆਸਥਾ ਨਾਲ ਵੀ ਜੁੜ ਗਿਆ ਹੈ। ਇਸ ਬਾਰੇ ਕਦੇ ਫੇਰ ਗੱਲ ਕਰਾਂਗਾ। ਖੈਰ! ਧਨੀ ਰਾਮ ਚਾਤ੍ਰਿਕ ਦੀ ਕਵਿਤਾ ਹੇਠਾਂ ਪੇਸ਼ ਕੀਤੀ ਜਾ ਰਹੀ ਹੈ:

### "ਮੇਲੇ ਵਿਚ ਜੱਟ"


ਤੂੜੀ ਤੰਦ ਸਾਂਭ, ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਮੀਂਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਢਾਂਡਾ ਸਾਂਭਣੇ ਨੂੰ ਕਾਮਾਂ ਛੱਡ ਕੇ।
ਪੱਗ ਝੱਗਾ ਚਾਦਰ ਨਵੇਂ ਸਿਵਾਇ ਕੇ,
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ।
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

ਹਾਣੀਆਂ ਦੀ ਢਾਣੀ ਵਿਚ ਲਾੜਾ ਸੱਜਦਾ,
ਬੱਘ ਬੱਘ ਬੱਘ ਬੋਲ ਸ਼ੇਰ ਗੱਜਦਾ।
ਹੀਰੇ ਨੂੰ ਅਰਕ ਨਾਲ ਹੁੱਜ਼ਾਂ ਮਾਰਦਾ,
ਸੈਨਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ।
ਚੰਗੀ ਜੇਹੀ ਸੱਦ ਲਾ ਦੇ ਬੱਲੇ ਬੇਲੀਆ!
ਤੂੰਬਾ ਜਰਾ ਖੋਲ ਖਾਂ ਜੁਆਨਾ ਤੇਲੀਆ!
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

ਤੂੰਬੇ ਨਾਲ ਭਾਤੋ ਭਾਂਤ ਬੋਲ ਬੋਲੀਆਂ,
ਹਾੜ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ।
ਛਿੰਝ ਦੀ ਤਿਆਰੀ ਹੋਈ, ਢੋਲ ਵੱਜਦੇ,
ਕੱਸ ਕੇ ਲੰਗੋਟੇ ਆਏ ਸ਼ੇਰ ਗੱਜਦੇ।
ਲਿਸ਼ਕਦੇ ਨੇ ਪਿੰਡੇ ਗੁੰਨ੍ਹੇ ਹੋਏ ਤੇਲ ਦੇ,
ਮਾਰਦੇ ਨੇ ਛਾਲਾਂ ਦੂਲੇ ਡੰਡ ਪੇਲਦੇ।
ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

ਵਾਰੀ ਹੁਣ ਆ ਗਈ ਜੇ ਪੀਣ ਖਾਣ ਦੀ,
ਰੇਉੜੀਆਂ ਜਲੇਬੀਆਂ ਦੇ ਆਹੂ ਲਾਹੁਣ ਦੀ।
ਹੱਟੀਆਂ ਦੇ ਵੱਲ ਆ ਪਏ ਨੇ ਟੁੱਟ ਕੇ,
ਹੂੰਝ ਲਈਆਂ ਥਾਲੀਆਂ ਜੁਆਨਾਂ ਜੁੱਟ ਕੇ।
ਖੁਲ੍ਹ ਗਈਆਂ ਬੋਤਲਾਂ ਗਲਾਸ ਫਿਰਿਆ,
ਤੇਲੀਆਂ ਤੇ ਡੂਮਾਂ ਦਾ ਕਲੇਜਾ ਘਿਰਿਆ।
ਬੁੱਕਾਂ ਤੇ ਕਮੀਣਾਂ ਨੂੰ ਮਜ਼ਾ ਚਖਾ ਗਿਆ।
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

# ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ ਕੋਟਾਨਿ ਕੋਟਿ ਵਧਾਈ



ਸ. ਅਮਰੀਕ ਸਿੰਘ ਸ਼ਿਕਾਗੋ



ਸ. ਪਰਮਵੀਰ ਸਿੰਘ

## ਵਲੋਂ: ਸ. ਅਮਰੀਕ ਸਿੰਘ ਸ਼ਿਕਾਗੋ, ਸ. ਪਰਮਵੀਰ ਸਿੰਘ ਅਤੇ ਸਮੂਹ ਪਰਿਵਾਰ

**Amar Carpets Inc.**

2423 W Devon Ave. Chicago IL 60659
(ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ)

Ph: 773-508-5253, 773-507-8043 Fax: 773-508-5249

**Best Flooring & Carpet Ltd. (Algonquin, IL)**

2761 W. Algonquin Rd., Algonquin, IL 60102 Ph: 773-956-0718 bestflooring13@gmail.com

# Punjabi Cultural Society of Chicago

Celebrating 30 Years of Community Service

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!

*To Celebrate Vaisakhi PCS Presents...*

## Rangla Punjab 2024!



**Saturday, April 20, 2024**

**6:00 PM Sharp**

**Copernicus Center**
**5216 W Lawrence Ave**
**Chicago, IL 60630**

Attractive Raffle Prizes for Rangla Punjab 2024 Ticket Holders.

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)


**SPONSORS & VENDORS ENCOURAGED**

Please email: info@PCSChicago.org or call: (847) 359-5PCS

Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org



Kavi Raz (Chief Guest)
World Renowned Hollywood Actor & Film Director


PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

## PCS Board of Directors 2024



Dr. Vikram Singh Gill (Chairman) · Manjeet S Bhalla (President) · Navtej S. Sohi (Vice President) · Parmjot S.Parmar (Executive Secretary) · Bikram Singh Sohi (Sports Director) · Gurlal S. Bhattal (Finance Director) · Gurpreet Sidhu (Asst. Finance & IT Director) · Jigerdeep Singh Dhillon (Inter Community Director) · Paramvir Kaur (Youth Director) · Tejveer S Soodan (Special Projects Director) · Bhupinder S Dhaliwal (Past President) · Nick Balwinder Singh (Past Chairman)

## PCS Board of Governors



Rajinder S. Mago · Mohinderjit S. Saini · Harwinder Paul S. Lail · Bhinder S. Pamma · Jasbir S. Palia · Balwinder S. Girn · Amarjit K. Atwal · Vick Singh

## PCS Board of Advisors



Parvinder Singh Nanua · Gurmit S. Dhillon · Surinder Palia

# ਨਿਆਂਪਾਲਿਕਾ ਦੇ ਕੰਮਾਂ 'ਚ ਖ਼ੁਫ਼ੀਆ ਏਜੰਸੀਆਂ ਦਾ ਦਖ਼ਲ !

## ਵਾਹਗਿਓਂ ਪਾਰ

ਇਸਲਾਮਾਬਾਦ ਹਾਈ ਕੋਰਟ ਦੇ ਛੇ ਜੱਜਾਂ ਵੱਲੋਂ ਮੁਲਕ ਦੀਆਂ ਖ਼ੁਫ਼ੀਆਂ ਏਜੰਸੀਆਂ ਉੱਪਰ ਲਾਏ ਇਲਜ਼ਾਮਾਂ ਦੀ ਪੜਤਾਲ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਤਸੱਦਕ ਹੁਸੈਨ ਜਿਲਾਨੀ ਨੂੰ ਸੌਂਪੇ ਜਾਣ ਦੇ ਬਾਵਜੂਦ ਇਹ ਮਾਮਲਾ ਅਜੇ ਸਿਆਸੀ ਤੇ ਕਾਨੂੰਨੀ ਤੌਰ 'ਤੇ ਭਖੇ ਰਹਿਣ ਦੀਆਂ ਸੰਭਾਵਨਾਵਾਂ ਹਨ। ਪੜਤਾਲੀਆ ਕਮਿਸ਼ਨ ਦੀ ਅਗਵਾਈ ਜਸਟਿਸ ਜਿਲਾਨੀ ਨੂੰ ਸੌਂਪੇ ਜਾਣ ਦਾ ਫ਼ੈਸਲਾ ਮਰਕਜ਼ੀ ਕੈਬਨਿਟ ਨੇ ਲਿਆ। ਜਸਟਿਸ ਜਿਲਾਨੀ ਨੇ ਇਹ ਜ਼ਿੰਮੇਵਾਰੀ ਕਬੂਲਣ ਵਿੱਚ ਦੇਰ ਨਹੀਂ ਲਾਈ ਅਤੇ ਐਲਾਨ ਕੀਤਾ ਕਿ ਈਦ-ਉਲ-ਫ਼ਿਤਰ ਤੋਂ ਤੁਰੰਤ ਬਾਅਦ ਆਪਣਾ ਕੰਮ ਸ਼ੁਰੂ ਕਰ ਦੇਣਗੇ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਐਲਾਨਾਂ ਦਾ ਸਵਾਗਤ ਘੱਟ ਹੋਇਆ, ਨੁਕਤਾਚੀਨੀ ਵੱਧ। ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਇ-ਇਨਸਾਫ਼ (ਪੀ.ਟੀ.ਆਈ.) ਤੋਂ ਇਲਾਵਾ ਕਈ ਨਾਮਵਰ ਕਾਨੂੰਨੀ ਮਾਹਿਰਾਂ ਤੇ ਵਕੀਲਾਂ ਦੀਆਂ ਜਥੇਬੰਦੀਆਂ ਨੇ ਜਸਟਿਸ ਜਿਲਾਨੀ ਨੂੰ ਦਰਖ਼ਾਸਤ ਕੀਤੀ ਕਿ ਉਹ ਪੜਤਾਲੀਆ ਕਮਿਸ਼ਨ ਦੇ ਮੁਖੀ ਦਾ ਅਹੁਦਾ ਨਾ ਸੰਭਾਲਣ ਅਤੇ ਛੇ ਜੱਜਾਂ ਦੀ ਸ਼ਿਕਾਇਤ 'ਤੇ ਪਰਦਾ ਪਾਉਣ ਦੀ 'ਸਾਜ਼ਿਸ਼' ਦਾ ਹਿੱਸਾ ਨਾ ਬਣਨ।

ਜ਼ਿਕਰਯੋਗ ਹੈ ਕਿ ਜਸਟਿਸ ਜਿਲਾਨੀ ਨਿਆਂਇਕ ਹਲਕਿਆਂ ਵਿੱਚ 'ਸ਼ਰੀਫ਼' ਜੱਜ ਵਜੋਂ ਜਾਣੇ ਜਾਂਦੇ ਰਹੇ ਹਨ। ਉਹ ਜੁਲਾਈ 2014 ਨੂੰ ਚੀਫ ਜਸਟਿਸ ਦੇ ਅਹੁਦੇ ਤੋਂ ਸੇਵਾਮੁਕਤ ਹੋਏ। ਇਸ ਤੋਂ ਪਹਿਲਾਂ ਉਹ 2004 ਤੋਂ ਦਸੰਬਰ 2013 ਤੱਕ ਸੁਪਰੀਮ ਕੋਰਟ ਦੇ ਜੱਜ ਰਹੇ। ਬਾਅਦ ਵਿੱਚ ਅਕਤੂਬਰ 2017 'ਚ ਪਾਕਿਸਤਾਨ ਸਰਕਾਰ ਨੇ ਉਨ੍ਹਾਂ ਨੂੰ ਭਾਰਤੀ 'ਖ਼ੁਫ਼ੀਆ ਏਜੰਟ' ਕੁਲਭੂਸ਼ਨ ਜਾਧਵ ਨਾਲ ਜੁੜੇ ਮਾਮਲੇ ਦੀ ਸੁਣਵਾਈ ਦੌਰਾਨ ਕੌਮਾਂਤਰੀ ਨਿਆਂ ਅਦਾਲਤ (ਆਈ.ਸੀ.ਜੇ.) ਵਿੱਚ ਪਾਕਿਸਤਾਨ-ਪੱਖੀ ਜੱਜ ਵਜੋਂ ਨਾਮਜ਼ਦ ਕੀਤਾ। ਇਸ ਅਹੁਦੇ 'ਤੇ ਉਨ੍ਹਾਂ ਦਾ ਕਾਰਜਕਾਲ ਵੀ ਚੰਗਾ ਰਿਹਾ। ਉਨ੍ਹਾਂ ਬਾਰੇ ਮਸ਼ਹੂਰ ਹੈ ਕਿ ਉਹ ਛੇਤੀ ਕਿਤੇ ਤੈਸ਼ ਵਿੱਚ ਨਹੀਂ ਆਉਂਦੇ। ਕਾਨੂੰਨੀ ਹਲਕਿਆਂ ਵਿੱਚ ਇਹ ਰਾਇ ਆਮ ਹੈ ਕਿ ਵਜ਼ੀਰੇ ਆਜ਼ਮ ਸ਼ਹਿਬਾਜ਼ ਸ਼ਰੀਫ਼ ਦੀ ਸਰਕਾਰ ਜਸਟਿਸ ਜਿਲਾਨੀ ਦੇ ਜ਼ਰੀਏ ਛੇ ਜੱਜਾਂ ਦੀ ਸ਼ਿਕਾਇਤ ਉੱਤੇ ਪਰਦਾਪੋਸ਼ੀ ਕਰ ਸਕਦੀ ਹੈ। ਪਹਿਲਾਂ ਹੀ ਸ਼ਿਕਾਇਤਕਰਤਾ ਜੱਜਾਂ ਖਿਲਾਫ਼ ਸੋਸ਼ਲ ਮੀਡੀਆ ਉੱਪਰ ਇਹ ਮੁਹਿੰਮ ਸ਼ੁਰੂ ਹੋ ਗਈ ਹੈ ਕਿ ਉਹ ਇਮਰਾਨ ਖ਼ਾਨ ਦੇ ਖ਼ੇਮੇ ਨਾਲ ਸਬੰਧਿਤ ਹਨ।

ਸ਼ਿਕਾਇਤਕਰਤਾ ਜੱਜਾਂ ਵਿੱਚ ਸਰਦਾਰ ਐਜਾਜ਼ ਇਸਹਾਕ ਖ਼ਾਨ, ਜਸਟਿਸ (ਮੋਹਤਰਮਾ) ਸਾਮਾ ਰਫ਼ਤ ਇਮਤਿਆਜ਼, ਤਾਰਿਕ ਮਹਿਮੂਦ ਜਹਾਂਗੀਰੀ, ਅਰਬਾਬ ਮੁਹੰਮਦ ਤਾਹਿਰ, ਮੋਹਸਿਨ ਅਖ਼ਤਰ ਕਯਾਨੀ ਤੇ ਬਾਬਰ ਸੱਤਾਰ ਸ਼ਾਮਲ ਹਨ। ਇਨ੍ਹਾਂ ਨੇ ਪਿਛਲੇ ਦਿਨੀਂ ਸੁਪਰੀਮ ਜੁਡੀਸ਼ਲ ਕੌਂਸਲ (ਐੱਸ.ਜੇ.ਸੀ.) ਦੇ ਮੁਖੀ ਨੂੰ ਭੇਜੀ ਸ਼ਿਕਾਇਤ ਵਿੱਚ ਇਲਜ਼ਾਮ ਲਾਏ ਸਨ ਕਿ ਖ਼ੁਫ਼ੀਆ ਏਜੰਸੀਆਂ ਨਿਆਂਪਾਲਿਕਾ ਦੇ ਕੰਮਾਂ ਵਿੱਚ ਦਖ਼ਲ ਦੇ ਰਹੀਆਂ ਹਨ, ਉਹ ਜੱਜਾਂ ਉੱਤੇ ਦਬਾਅ ਪਾਉਂਦੀਆਂ ਹਨ ਕਿ ਉਹ ਸਰਕਾਰ ਦੇ ਹੱਕ ਵਿੱਚ ਫ਼ੈਸਲੇ ਦੇਣ। ਅਜਿਹਾ ਨਾ ਕਰਨ ਵਾਲੇ ਜੱਜਾਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸਹਾਇਕ ਅਮਲੇ ਦੇ ਮੈਂਬਰਾਂ ਨੂੰ ਧਮਕੀਆਂ ਮਿਲਦੀਆਂ ਹਨ ਅਤੇ ਕੁਝ ਜੱਜਾਂ ਦੇ ਸਕੇ-ਸਬੰਧੀਆਂ ਨੂੰ ਅਗਵਾ ਕਰਨ, ਨਾਜਾਇਜ਼ ਹਿਰਾਸਤ ਵਿੱਚ ਰੱਖਣ ਜਾਂ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ।

ISLAMABAD HIGH COURT
ISLAMABAD

ਉਨ੍ਹਾਂ ਦੇ ਫੋਨ ਟੈਪ ਕੀਤੇ ਗਏ ਹਨ। ਇਸ ਤੋਂ ਇਲਾਵਾ ਸਰਕਾਰੀ ਏਜੰਸੀਆਂ ਇਸਲਾਮਾਬਾਦ ਹਾਈ ਕੋਰਟ ਨੂੰ ਸਹਿਯੋਗ ਨਹੀਂ ਦੇ ਰਹੀਆਂ। ਬਹੁਤੀ ਵਾਰ ਹਾਈ ਕੋਰਟ ਦੇ ਹੁਕਮਾਂ 'ਤੇ ਤਾਮੀਲ ਨਹੀਂ ਕੀਤੀ ਜਾਂਦੀ ਜਾਂ ਫਿਰ ਸਰਕਾਰੀ ਵਕੀਲ ਤਿਆਰੀ ਕਰ ਕੇ ਨਹੀਂ ਆਉਂਦੇ। ਇਹ ਸਭ ਇਨਸਾਫ਼ਪਸੰਦੀ ਦੇ ਤਕਾਜ਼ਿਆਂ ਦੀ ਅਵੱਗਿਆ ਹੈ।

ਉਪਰੋਕਤ ਸ਼ਿਕਾਇਤ ਮਿਲਣ 'ਤੇ ਪਾਕਿਸਤਾਨ ਦੇ ਚੀਫ ਜਸਟਿਸ ਕਾਜ਼ੀ ਫ਼ੈਜ਼ ਈਸਾ, ਜੋ ਕਿ ਸੁਪਰੀਮ ਜੁਡੀਸ਼ਲ ਕੌਂਸਲ ਦੇ ਚੇਅਰਮੈਨ ਵੀ ਹਨ, ਨੇ ਪੰਜ-ਮੈਂਬਰੀ ਸੰਵਿਧਾਨਕ ਬੈਂਚ ਵਿੱਚ ਸਰਕਾਰੀ ਤੇ ਗ਼ੈਰ-ਸਰਕਾਰੀ ਧਿਰਾਂ ਦੇ ਵਕੀਲਾਂ ਅਤੇ ਕੁਝ ਹੋਰ ਨਿਆਂਇਕ ਹਸਤੀਆਂ ਨੂੰ ਸੁਣਨ ਮਗਰੋਂ ਇਹ ਫ਼ੈਸਲਾ ਲਿਆ ਕਿ ਮਾਮਲੇ ਦੀ ਨਿਰਪੱਖ ਨਿਆਂਇਕ ਜਾਂਚ ਕਰਵਾਈ ਜਾਵੇ ਅਤੇ ਇਸ ਜਾਂਚ ਕਮਿਸ਼ਨ ਦੀ ਰਹਿਨੁਮਾਈ ਕਿਸੇ ਸਾਬਕਾ ਸੀਨੀਅਰ ਜੱਜ ਨੂੰ ਸੌਂਪੀ ਜਾਵੇ, ਜਿਸ ਨੂੰ ਸਰਕਾਰੀ ਏਜੰਸੀਆਂ ਦੇ ਮੁਖੀਆਂ ਨੂੰ ਤਲਬ ਕਰਨ ਜਾਂ ਉਨ੍ਹਾਂ ਦੀ ਖਿਚਾਈ ਕਰਨ ਵਿੱਚ ਦਿੱਕਤ ਨਾ ਪੇਸ਼ ਆਉਂਦੀ ਹੋਵੇ। ਸੁਣਵਾਈ ਦੌਰਾਨ ਚੀਫ ਜਸਟਿਸ ਫ਼ੈਜ਼ ਈਸਾ ਨੇ ਚਿਤਾਵਨੀ ਦਿੱਤੀ ਕਿ ਨਿਆਂਇਕ ਮਾਮਲਿਆਂ ਵਿੱਚ ਬੇਲੋੜਾ ਦਖ਼ਲ ਸੰਭਵ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਕਿਸੇ ਵੀ ਵਿਘਨਕਾਰੀ ਧਿਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਅਜਿਹੇ ਕਥਨਾਂ ਦੇ ਬਾਵਜੂਦ ਚੀਫ ਜਸਟਿਸ ਫ਼ੈਜ਼ ਈਸਾ ਤੇ ਹੋਰ ਸੀਨੀਅਰ ਜੱਜਾਂ ਨੇ ਸਰਕਾਰ ਨੂੰ ਸਿਫ਼ਾਰਿਸ਼ ਕਰ ਦਿੱਤੀ ਕਿ ਉਹ ਪੜਤਾਲੀਆ ਕਮਿਸ਼ਨ ਕਾਇਮ ਕਰ ਕੇ ਸਮੁੱਚੇ ਮਾਮਲੇ ਦੀ ਤਹਿ ਤੱਕ ਜਾਣਾ ਸੰਭਵ ਬਣਾਏ। ਇਸੇ ਸਿਫ਼ਾਰਿਸ਼ ਵਿੱਚ ਕਿਹਾ ਗਿਆ ਕਿ ਕਮਿਸ਼ਨ ਦੀ ਅਗਵਾਈ ਸੁਪਰੀਮ ਕੋਰਟ ਦੇ ਹੀ ਕਿਸੇ ਅਜਿਹੇ ਸਾਬਕਾ ਚੀਫ ਜਸਟਿਸ ਨੂੰ ਸੌਂਪੀ ਜਾਵੇ, ਜਿਸ ਦਾ ਕਾਰਜਕਾਲ ਵਿਵਾਦਿਤ ਨਾ ਰਿਹਾ ਹੋਵੇ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਜਾਂਚ-ਪੜਤਾਲ ਦੀ ਜ਼ਿੰਮੇਵਾਰੀ ਸਰਕਾਰ ਉੱਪਰ ਸੁੱਟ ਕੇ ਸੁਪਰੀਮ ਜੁਡੀਸ਼ਲ ਕੌਂਸਲ ਜਿੱਥੇ ਆਪਣੀ ਸਿਰਦਰਦੀ ਤੋਂ ਤਾਂ ਮੁਕਤ ਹੋ ਗਈ, ਉੱਥੇ ਸ਼ਿਕਾਇਤਕਾਰ ਜੱਜਾਂ ਦੀ ਵੀ 'ਹੇਠੀ' ਹੋਈ ਤੇ ਇਨਸਾਫ਼ ਦੇ ਤਕਾਜ਼ਿਆਂ ਦੀ ਵੀ। ਇਸੇ ਪ੍ਰਸੰਗ ਵਿੱਚ ਆਪਣੇ ਸੰਪਾਦਕੀ ਵਿੱਚ 'ਡਾਅਨ' ਅਖ਼ਬਾਰ ਲਿਖਦਾ ਹੈ, "ਸੁਪਰੀਮ ਕੋਰਟ ਨੇ ਕੋਈ ਨਿੱਗਰ ਸਟੈਂਡ ਲੈਣ ਜਾਂ ਸਖ਼ਤ ਸੁਨੇਹਾ ਦੇਣ ਦੀ ਥਾਂ ਮੁਲਜ਼ਿਮ ਧਿਰ (ਸਰਕਾਰ) ਨੂੰ ਹੀ ਅਧਿਕਾਰ ਦੇ ਦਿੱਤਾ ਕਿ ਉਹ ਆਪ ਫ਼ੈਸਲਾ ਕਰੇ ਕਿ ਉਹ ਮੁਲਜ਼ਿਮ ਹੈ ਜਾਂ ਨਹੀਂ। ਮੁਲਜ਼ਿਮ ਧਿਰ ਵੱਲੋਂ ਕੀਤੀ ਗਈ ਪੜਤਾਲ ਨੂੰ ਨਿਰਪੱਖ ਕਿਵੇਂ ਮੰਨਿਆ ਜਾ ਸਕਦਾ ਹੈ? ਜਸਟਿਸ ਜਿਲਾਨੀ ਕਮਿਸ਼ਨ ਨੇ ਅਜੇ ਕੰਮ ਨਹੀਂ ਸ਼ੁਰੂ ਕੀਤਾ। ਉਸ ਦੇ ਮੁਖੀ ਨੂੰ ਬਦਲ ਕੇ ਉਸ ਦੀ ਥਾਂ ਸੁਪਰੀਮ ਕੋਰਟ ਦੇ ਕਿਸੇ ਸਿਟਿੰਗ ਜੱਜ ਨੂੰ ਕਮਿਸ਼ਨ ਦਾ ਚੇਅਰਮੈਨ ਥਾਪਣਾ ਕਈ ਤਰ੍ਹਾਂ ਦੇ ਸ਼ੱਕ-ਸ਼ੁਬਹੇ ਦੂਰ ਕਰਨ ਵਿੱਚ ਸਹਾਈ ਹੋ ਸਕਦਾ ਹੈ। ਪਰ ਕੀ ਸਰਕਾਰ ਅਜਿਹੀ ਨੇਕਨੀਅਤੀ ਦਿਖਾਉਣ ਦੀ ਜੁਰੱਅਤ ਕਰ ਸਕੇਗੀ?"

**ਔਰਤ ਜੱਜਾਂ ਦੀ ਗਿਣਤੀ:** ਪਾਕਿਸਤਾਨ ਦੀਆਂ ਉਚੇਰੀਆਂ ਅਦਾਲਤਾਂ ਦੇ ਜੱਜਾਂ ਦੀ ਗਿਣਤੀ 126 ਹੈ, ਪਰ ਇਨ੍ਹਾਂ ਵਿੱਚੋਂ ਖ਼ਵਾਤੀਨ ਜੱਜ ਸਿਰਫ਼ 9 ਹਨ। ਉਚੇਰੀ ਨਿਆਂਪਾਲਿਕਾ ਵਿੱਚ ਸੁਪਰੀਮ ਕੋਰਟ ਤੇ ਫੈਡਰਲ ਸ਼ਰੀਅਤ ਕੋਰਟ ਦੇ ਜੱਜਾਂ ਤੋਂ ਇਲਾਵਾ ਪੰਜ ਹਾਈ ਕੋਰਟਾਂ ਦੇ ਜੱਜ ਆਉਂਦੇ ਹਨ। ਮੁਲਕ ਦੇ ਕਾਨੂੰਨ ਤੇ ਇਨਸਾਫ਼ ਕਮਿਸ਼ਨ ਦੀ ਤਾਜ਼ਾਤਰੀਨ ਰਿਪੋਰਟ ਅਨੁਸਾਰ ਉਚੇਰੀ ਨਿਆਂਪਾਲਿਕਾ ਵਿੱਚ ਔਰਤ ਜੱਜਾਂ ਦੀ ਗਿਣਤੀ, ਕੁੱਲ ਗਿਣਤੀ ਦਾ ਸਿਰਫ਼ 5.5 ਫ਼ੀਸਦੀ ਬਣਦੀ ਹੈ। ਰਿਪੋਰਟ ਇਸ ਔਸਤ ਨੂੰ ਅਫ਼ਸੋਸਨਾਕ ਦੱਸਦੀ ਅਤੇ ਸੁਝਾਅ ਦਿੰਦੀ ਹੈ ਕਿ ਇਸ ਔਸਤ ਨੂੰ ਸਿਹਤਮੰਦ ਰੂਪ ਦੇਣ ਲਈ ਸਰਕਾਰ ਤੋਂ ਇਲਾਵਾ ਸੁਪਰੀਮ ਕੋਰਟ ਨੂੰ ਵੀ ਅਸਰਦਾਰ ਭੂਮਿਕਾ ਅਦਾ ਕਰਨੀ ਚਾਹੀਦੀ ਹੈ।

ਰਿਪੋਰਟ ਦਾ ਸਿਰਲੇਖ ਹੈ 'ਨਿਆਂਇਕ ਖੇਤਰ ਵਿੱਚ ਔਰਤਾਂ।' ਇਸ ਨੇ ਸਮੁੱਚੇ ਕੌਮੀ ਨਿਆਂਇਕ ਪ੍ਰਬੰਧ ਦਾ ਜਾਇਜ਼ਾ ਲੈ ਕੇ ਦੱਸਿਆ ਹੈ ਕਿ ਹੇਠਲੀਆਂ ਅਦਾਲਤਾਂ ਵਿੱਚ ਵੀ ਇਸਤਰੀਆਂ ਦੀ ਤਾਦਾਦ ਬਹੁਤੀ ਜ਼ਿਕਰਯੋਗ ਨਹੀਂ। ਮੁਲਕ ਵਿੱਚ ਨਵੰਬਰ 2023 'ਚ 3142 ਜੱਜ ਤੇ ਜੁਡੀਸ਼ਲ ਅਫਸਰ ਸਨ। ਇਨ੍ਹਾਂ ਵਿੱਚੋਂ 2570 ਪੁਰਸ਼ ਤੇ 572 ਔਰਤਾਂ ਸਨ। ਇਹ ਅਨੁਪਾਤ 18% ਬਣਦਾ ਸੀ। ਇਸੇ ਤਰ੍ਹਾਂ ਅਦਾਲਤੀ ਕਲਰਕਾਂ ਜਾਂ ਹੋਰ ਅਮਲੇ-ਫੈਲੇ ਵਿੱਚ ਵੀ ਔਰਤਾਂ ਦੀ ਤਾਦਾਦ 17-18% ਤੋਂ ਵੱਧ ਨਹੀਂ ਸੀ। ਇਸੇ ਤਰ੍ਹਾਂ ਮੁਲਕ ਵਿਚਲੇ 2,30,879 ਰਜਿਸਟਰਡ ਵਕੀਲਾਂ ਵਿੱਚੋਂ 1,98,100 ਵਕੀਲ ਪੁਰਸ਼ ਸਨ। ਇਹ ਸਾਰੇ ਅੰਕੜੇ ਦਰਸਾਉਂਦੇ ਹਨ ਕਿ ਇਸਤਰੀਆਂ ਨੂੰ ਕਾਨੂੰਨ ਤੇ ਇਨਸਾਫ਼ ਵਰਗੇ ਵਿਸ਼ਿਆਂ ਦੀ ਪੜ੍ਹਾਈ ਕਰਨ ਲਈ ਉਤਸ਼ਾਹਿਤ ਹੀ ਨਹੀਂ ਕੀਤਾ ਜਾਂਦਾ।

ਇਸੇ ਰਿਪਰੋਟ ਦਾ ਹਵਾਲਾ ਦੇ ਕੇ ਅੰਗਰੇਜ਼ੀ ਅਖ਼ਬਾਰ 'ਦਿ ਨਿਊਜ਼' ਆਪਣੇ ਅਦਾਰੀਏ ਵਿੱਚ ਸੁਪਰੀਮ ਕੋਰਟ ਨੂੰ ਅਪੀਲ ਕਰਦਾ ਹੈ ਕਿ ਉਹ 'ਨਿਆਂ ਪ੍ਰਬੰਧ ਵਿੱਚ ਮਰਦ-ਔਰਤ ਦਾ ਤਵਾਜ਼ਨ ਸਹੀ ਕਰਨ ਵਾਸਤੇ ਉਚੇਚੇ ਕਦਮ' ਚੁੱਕੇ। ਇਸੇ ਹੀ ਪ੍ਰਸੰਗ ਵਿੱਚ ਇੰਟਰਨੈਸ਼ਨਲ ਕਮਿਸ਼ਨ ਆਫ ਜਿਊਰਿਸਟਸ ਦੀ ਕਾਨੂੰਨੀ ਸਲਾਹਕਾਰ, ਰੀਮਾ ਉਮਰ 'ਦਿ ਨਿਊਜ਼' ਵਿੱਚ ਹੀ ਲਿਖਦੀ ਹੈ ਕਿ 'ਉਚੇਰੀ ਨਿਆਂਪਾਲਿਕਾ ਵਿੱਚੋਂ ਖ਼ਵਾਤੀਨ ਦੀ ਨਾਮੌਜੂਦਗੀ ਨਾ ਸਿਰਫ਼ ਜਮਹੂਰੀਅਤ ਬਲਕਿ ਇਨਸਾਨੀਅਤ ਲਈ ਵੀ ਖ਼ਤਰਾ ਹੈ। ਮਰਦਾਵੀਂ ਸੋਚ ਵਿੱਚੋਂ ਤਰਸ-ਭਾਵਨਾ ਅਕਸਰ ਗਾਇਬ ਹੁੰਦੀ ਹੈ। ਇਸ ਦਾ ਗਾਇਬ ਹੋਣਾ ਹੀ ਅਪਰਾਧੀਆਂ ਤੇ ਅਪਰਾਧਾਂ ਦੀ ਗਿਣਤੀ ਤੇਜ਼ੀ ਨਾਲ ਵਧਾ ਰਿਹਾ ਹੈ।'

**ਆਸਿਫ਼ਾ ਭੁੱਟੋ ਦੀ ਚੜ੍ਹਤ:** ਪਾਕਿਸਤਾਨ ਦੀ ਮਰਹੂਮ ਵਜ਼ੀਰੇ ਆਜ਼ਮ ਬੇਨਜ਼ੀਰ ਭੁੱਟੋ ਤੇ ਉਸ ਦੇ ਪਤੀ ਆਸਿਫ਼ ਅਲੀ ਜ਼ਰਦਾਰੀ ਦੀ ਸਭ ਤੋਂ ਛੋਟੀ ਬੇਟੀ ਆਸਿਫ਼ਾ ਭੁੱਟੋ ਜ਼ਰਦਾਰੀ ਸੂਬਾ ਸਿੰਧ ਦੇ ਬੇਨਜ਼ੀਰਾਬਾਦ (ਪੁਰਾਣਾ ਨਾਮ ਨਵਾਬਸ਼ਾਹ) ਹਲਕੇ ਤੋਂ ਕੌਮੀ ਅਸੈਂਬਲੀ ਦੀ ਜ਼ਿਮਨੀ ਚੋਣ ਵਿੱਚ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਦਿੱਤੀ ਗਈ ਹੈ। ਹਲਕੇ ਦੇ ਰਿਟਰਨਿੰਗ ਅਫਸਰ ਦਾ ਕਹਿਣਾ ਹੈ ਕਿ ਆਸਿਫ਼ਾ ਦੇ ਮੁਕਾਬਲੇ ਵਿੱਚ ਤਿੰਨ ਉਮੀਦਵਾਰ ਸਨ, ਪਰ ਉਨ੍ਹਾਂ ਨੇ ਨਾਮਜ਼ਦਗੀਆਂ ਵਾਪਸ ਲੈਣ ਦੇ ਆਖ਼ਰੀ ਦਿਨ (ਸ਼ੁੱਕਰਵਾਰ ਨੂੰ) ਆਪਣੇ ਕਾਗਜ਼ ਵਾਪਸ ਲੈ ਲਏ। 31 ਵਰ੍ਹਿਆਂ ਦੀ ਆਸਿਫ਼ਾ ਨੂੰ ਅਜੇ ਪਿਛਲੇ ਹਫ਼ਤੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ 'ਫਸਟ ਲੇਡੀ' ਕਰਾਰ ਦਿੱਤਾ ਸੀ। ਇਹ ਖ਼ਿਤਾਬ ਜਾਂ ਅਹੁਦਾ ਅਕਸਰ ਰਾਸ਼ਟਰ-ਪ੍ਰਮੁੱਖ ਦੀ ਪਤਨੀ ਲਈ ਰਾਖਵਾਂ ਹੁੰਦਾ ਹੈ, ਕਿਉਂਕਿ ਆਸਿਫ਼ ਜ਼ਰਦਾਰੀ ਦੀ ਪਤਨੀ ਬੇਨਜ਼ੀਰ ਭੁੱਟੋ ਕਈ ਸਾਲ ਪਹਿਲਾਂ ਬੰਬ ਧਮਾਕੇ ਵਿੱਚ ਮਾਰੀ ਗਈ ਸੀ, ਇਸੇ ਲਈ ਹੁਣ ਰਾਸ਼ਟਰਪਤੀ ਦੇ ਨਿਵਾਸ ਦੀ ਮਹਿਮਾਨਨਿਵਾਜ਼ੀ, ਨਿਗਰਾਨੀ ਤੇ ਦੇਖ-ਰੇਖ ਦੀ ਅਧਿਕਾਰਤ ਜ਼ਿੰਮੇਵਾਰੀ ਆਸਿਫ਼ਾ ਨੂੰ ਸ਼ੌਂਪ ਦਿੱਤੀ ਗਈ ਹੈ। ਇਸੇ ਅਹੁਦੇ ਸਦਕਾ ਉਸ ਨੂੰ ਵਿਦੇਸ਼ਾਂ ਵਿੱਚ ਵੀ ਪੂਰਾ ਮਾਣ-ਸਤਿਕਾਰ ਮਿਲੇਗਾ।

ਇਸ ਸਾਲ ਹੋਈਆਂ ਕੌਮੀ ਚੋਣਾਂ ਦੌਰਾਨ ਆਸਿਫ਼ ਜ਼ਰਦਾਰੀ ਨੇ ਬੇਨਜ਼ੀਰਾਬਾਦ-1 ਹਲਕੇ ਤੋਂ ਚੋਣ ਵੱਡੇ ਫ਼ਰਕ ਨਾਲ ਜਿੱਤੀ ਸੀ, ਪਰ ਰਾਸ਼ਟਰਪਤੀ ਬਣਨ ਮਗਰੋਂ ਉਨ੍ਹਾਂ ਨੇ ਉਪਰੋਕਤ ਸੀਟ ਤੋਂ ਅਸਤੀਫ਼ਾ ਦੇ ਦਿੱਤਾ, ਜਿਸ ਕਾਰਨ ਇਹ ਸੀਟ ਖ਼ਾਲੀ ਹੋ ਗਈ। ਹੁਣ ਆਸਿਫ਼ਾ ਤੋਂ ਇਲਾਵਾ ਉਸ ਦਾ ਭਰਾ ਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦਾ ਕਨਵੀਨਰ ਬਿਲਾਵਲ ਭੁੱਟੋ ਜ਼ਰਦਾਰੀ ਵੀ ਕੌਮੀ ਅਸੈਂਬਲੀ ਦੇ ਮੈਂਬਰ ਹਨ। ਆਸਿਫ਼ਾ ਦੀ ਵੱਡੀ ਭੈਣ ਬਖ਼ਤਾਵਰ ਲੰਡਨ ਵਿੱਚ ਪੜ੍ਹਦੀ ਹੈ। ਆਸਿਫ਼ ਜ਼ਰਦਾਰੀ ਦੇ ਕਹਿਣ ਮੁਤਾਬਿਕ ਬਖ਼ਤਾਵਰ ਦੀ ਸਿਆਸਤ ਵਿੱਚ ਕੋਈ ਰੁਚੀ ਨਹੀਂ।


ਮਦਦ ਦੀ ਲੋੜ ਹੈ

ਟਕਸਨ, ਐਰੀਜ਼ੋਨਾ (ਅਮਰੀਕਾ) ਵਿੱਚ ਰਹਿੰਦੇ ਪਰਿਵਾਰ ਨੂੰ ਬਜ਼ੁਰਗ ਦੀ ਸਾਂਭ-ਸੰਭਾਲ ਅਤੇ ਘਰ ਦੇ ਕੰਮਾਂ ਵਿੱਚ ਹੱਥ ਵਟਾਉਣ ਲਈ ਮਦਦ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਆਉਣ-ਜਾਣ ਦੇ ਖਰਚੇ ਵੀ ਦਿੱਤੇ ਜਾਣਗੇ।*

Help wanted, male living in house in TUCSON, Arizona (USA).

*Good pay and all expenses paid for traveling.*

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਸਰਵਣ ਸਿੰਘ ਬੋਲੀਨਾ, ਫੋਨ: 224-628-5522



# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

ਸਮੂਹ ਖੇਡ ਪ੍ਰੇਮੀਆਂ, ਸਪਾਂਸਰਾਂ, ਸਹਿਯੋਗੀਆਂ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਵਿਸਾਖੀ ਦੀਆਂ ਵਧਾਈਆਂ



ਅਮਰਜੀਤ ਢੀਂਡਸਾ ਲਖਬੀਰ ਢੀਂਡਸਾ (ਮੁੱਖ ਮਹਿਮਾਨ)
ਹਰਦੀਪ ਭੱਟੀ (ਸਾਬਕਾ ਚੇਅਰਮੈਨ)
ਗੁਰਵਿੰਦਰ ਬੱਬੂ (ਚੇਅਰਮੈਨ)



ਜਿੰਦਰ ਬੈਨੀਪਾਲ (ਸਾਬਕਾ ਪ੍ਰਧਾਨ)
ਕਾਬਲ ਭੁੱਲਰ (ਸਾਬਕਾ ਪ੍ਰਧਾਨ)
ਬਲਜੀਤ ਟਿਵਾਣਾ (ਸਾਬਕਾ ਪ੍ਰਧਾਨ)
ਦੀਪਇੰਦਰ ਵਿਰਕ (ਸਾਬਕਾ ਪ੍ਰਧਾਨ)
ਹਨੀ ਖੰਗੂੜਾ (ਪ੍ਰਧਾਨ)
ਕਮਲਜੀਤ ਘੁਮਾਣ (ਮੀਤ ਪ੍ਰਧਾਨ)

## ਸਾਲਾਨਾ ਕਬੱਡੀ ਕੱਪ 29 ਜੂਨ 2024 ਨੂੰ

ਐਲਕ ਗਰੋਵ ਵਿਲੇਜ ਦੇ ਬਸੀ ਵੂਡਜ਼ ਫਾਰੈਸਟ ਪ੍ਰੀਜ਼ਰਵ (ਨੰਬਰ 23 ਤੇ 24) ਵਿੱਚ

ਨਾਮੀ ਗਾਇਕ ਗਾਇਕੀ ਦਾ ਖੁੱਲ੍ਹਾ ਅਖਾੜਾ ਲਾਉਣਗੇ

## ਕਲੱਬ ਮੈਂਬਰ



ਜਿੰਦੀ ਖੰਗੂੜਾ, ਜਸਵਿੰਦਰ ਗਿੱਲ, ਵਿੱਕੀ ਸ਼ੰਮੀਪੁਰੀਆ, ਗਗਨ ਬਾਜਵਾ, ਪਿੰਦੀ ਛੀਨਾ, ਪਾਲੀ ਧਾਲੀਵਾਲ, ਹਰਪ੍ਰੀਤ ਗਿੱਲ, ਹਰਜਿੰਦਰ ਸਮਰਾ, ਮਨਮੋਹਨ ਭੱਠਲ, ਸੁਖਰਾਜ ਤੱਖਰ, ਸਵ. ਲਖਵਿੰਦਰ ਬਿਹਾਰੀਪੁਰੀਆ



ਜਗਜੀਤ ਨਾਹਲ, ਸੁਖਵੀਰ ਉੱਪਲ, ਜਸਪ੍ਰੀਤ ਮਠਾੜ, ਸੋਨੂੰ ਸਹੋਤਾ, ਨੰਨਾ ਸਹੋਤਾ, ਓਂਕਾਰ ਸਹੋਤਾ, ਜਗਦੀਸ਼ ਸੰਧੂ, ਅੰਮ੍ਰਿਤਪਾਲ ਬੱਟੂ, ਜੱਸੀ ਸਹੋਤਾ, ਗੋਲਡੀ ਲਾਲੀ, ਹਰਬੰਤ ਗਰੇਵਾਲ



ਮਨਜੀਤ ਸਿੰਘ, ਸੁਖਦੀਪ ਸਿੰਘ, ਹਰਕਮਲਦੀਪ ਸਿੰਘ, ਗੁਰਜੀਤ ਸੰਧੂ, ਸ਼ੇਰਾ ਖਾਂਬੜਾ, ਗੁਰਪਾਲ ਸੰਧੂ, ਜੋਤੀ ਸਹੋਤਾ, ਬੰਟੀ ਕਨੋਸ਼ਾ, ਯਾਦਵਿੰਦਰ ਗਿੱਲ, ਮਨਦੀਪ ਨਿੱਝਰ, ਸੁਰਿੰਦਰ ਭੱਟੀ



ਨਵਜੋਤ ਸਿੰਘ, ਜਗਦੀਪ ਬਰਿਆਣਾ, ਗੋਖੀ ਸੇਖੋਂ, ਗੋਗਾ ਘੁਮਾਣ, ਸੁਰਜੀਤ ਸਿੰਘ ਡੀ ਸੀ, ਪਰਮਿੰਦਰ ਸਿੰਘ, ਇੰਦਰਜੀਤ ਸਿੰਘ, ਮਿੰਦਰ ਭੱਠਲ

**Shere Punjab Sports & Cultural Club Chicago**

### *ਹੋਰ ਜਾਣਕਾਰੀ ਲਈ ਸੰਪਰਕ ਕਰੋ*

*ਹਨੀ ਖੰਗੂੜਾ 224-381-2830*
*ਕਮਲਜੀਤ ਘੁਮਾਣ 847-830-9976*
*ਬਲਜੀਤ ਟਿਵਾਣਾ 773-469-9384*
*ਦੀਪਾ ਵਿਰਕ 847-668-8688*
*ਜੱਸੀ ਗਿੱਲ 773-759-0433*
*ਜਿੰਦਰ ਬੈਨੀਪਾਲ 312-608-9851*
*ਵਿੱਕੀ ਸੰਮੀਪੁਰੀਆ 215-917-9885*
*ਓਂਕਾਰ ਸਹੋਤਾ 708-745-1815*

## ਜੁਗ ਜੁਗ ਜੀਓ... (12)

### ਡਾ. ਹਰਬੰਸ ਕੌਰ ਦਿਓਲ

# ਕੁਝ ਨੁਸਖੇ ਤੁਹਾਡੇ ਲਈ

"ਪ੍ਰੀਤ, ਮੈਂ ਅੱਜ ਸਵਾਲ ਕਰਾਂਗੀ, ਦੇਖੀਏ ਤੈਨੂੰ ਕਿੰਨਾ ਕੁ ਯਾਦ ਹੈ? ਕਿੰਨੇ ਜਵਾਬ ਸਹੀ ਨੇ?"

"ਨਾ ਨਾ ਦੀਦੀ, ਅੱਜ ਤਾਂ ਮੇਰੇ ਕੋਲ ਢੇਰ ਸਾਰੇ ਸਵਾਲ ਨੇ, ਕੁਝ ਚਾਚੀ ਜੀ ਨੇ ਵੀ ਕਿਹਾ ਪੁੱਛਣ ਲਈ। ਪਹਿਲਾਂ ਉਹ ਕਰ ਲਈਏ, ਮੈਂ ਚਾਹ ਰੱਖੀ ਹੋਈ ਏ ਬਣਨ ਲਈ ਅਤੇ ਨਾਲ ਬੇਕ ਕੀਤੀਆਂ ਹੋਈਆਂ ਹੈਲਥੀ ਫਰਾਈਜ਼ ਬਦਾਮਾਂ ਦੇ ਆਟੇ ਦੀਆਂ। ਬਸ ਸੁਆਦ ਈ ਆ ਜਾਣੈ ਚਾਹ ਪੀ ਕੇ, ਤੁਸੀਂ ਬੈਠੋ ਦੋ ਕੁ ਮਿੰਟ, ਮੈਂ ਲੈ ਕੇ ਆਉਂਦੀ ਆਂ।"

"ਪ੍ਰੀਤ, ਮੇਰੀ ਚਾਹ ਵਿੱਚ ਚੀਨੀ ਨਾ ਪਾਈਂ।"

"ਮੈਨੂੰ ਪਤਾ ਏ, ਅਸੀਂ ਵੀ ਚੀਨੀ ਇਸਤੇਮਾਲ ਕਰਨੀ ਬੰਦ ਕਰ ਦਿੱਤੀ ਹੈ।"

"ਆਹ ਤੇ ਬਹੁਤ ਹੀ ਚੰਗਾ ਕੀਤਾ ਤੁਸੀਂ।"

"ਦੀਦੀ, ਦੇਖੋ ਖਾ ਕੇ।" ਪ੍ਰੀਤ ਨੇ ਚਾਹ ਮੇਜ 'ਤੇ ਰੱਖਦਿਆਂ ਕਿਹਾ।

"ਇਹ ਤਾਂ ਬਹੁਤ ਸੁਆਦ ਨੇ।" ਚੰਨੀ ਨੇ ਸਨੈਕ ਖਾਂਦਿਆਂ ਕਿਹਾ।

"ਦੱਸ ਕਿੱਥੋਂ ਸ਼ੁਰੂ ਕਰੀਏ?"

"ਦੀਦੀ, ਤੁਸੀਂ ਕਹਿੰਦੇ ਸੀ ਸਾਰੀਆਂ ਬਿਮਾਰੀਆਂ ਸਰੀਰ ਵਿੱਚ ਕਰੌਨਿਕ ਇਨਫੈਕਸ਼ਨ ਕਰਕੇ ਹੁੰਦੀਆਂ ਨੇ, ਜਿਹੜੀ ਆਪਣੀ ਮਾੜੀ ਖੁਰਾਕ ਕਰ ਕੇ ਹੁੰਦੀ ਏ। ਇਸ ਨੂੰ ਘਟਾਉਣ ਦਾ ਕੀ ਤਰੀਕਾ ਹੈ?"

"ਪ੍ਰੀਤ, ਤੇਰਾ ਸਵਾਲ ਵਾਕਿਆ ਹੀ ਬਹੁਤ ਜ਼ਰੂਰੀ ਹੈ। ਇਨਫੈਕਸ਼ਨ ਦੀ ਜੜ ਹੈ ਮਾੜੀ ਖੁਰਾਕ- ਅਲਟਰਾ ਰੀਫਾਇੰਡ। ਇਸ ਕਰਕੇ ਪਹਿਲਾਂ ਉਸ ਨੂੰ ਬਦਲਣਾ ਪਏਗਾ।

1. ਮੈਡਟਰੇਸ਼ੀਅਨ ਖੁਰਾਕ (Mediterranean ਅਤੇ Asian diet ਨੂੰ ਮਿਲਾ ਕੇ) ਇਸ ਦਾ ਜਵਾਬ ਹੈ। ਜਿਸ ਵਿੱਚ ਰੀਫਾਇੰਡ ਕਾਰਬਜ ਘਟਾ ਕੇ ਰੰਗ-ਬਰੰਗੀਆਂ ਅਤੇ ਪੱਤਿਆਂ ਵਾਲੀਆਂ ਸਬਜ਼ੀਆਂ ਦੀ ਖੁਰਾਕ, ਜਿਸ ਵਿੱਚ omega-3 ਹੋਵੇ ਜਿਵੇਂ ਐਕਸਟਰਾ ਵਰਜਿਨ ਔਲਿਵ ਤੇਲ, ਔਲਿਵਜ਼, ਫਿਸ਼, ਨਟਸ, ਬੀਜ, ਹੋਲ ਗਰੇਨਜ਼, ਫਲ, ਸਬਜ਼ੀਆਂ, ਡੇਰੀ ਅਤੇ ਅੰਡੇ।

2. ਮਸਾਲੇ ਜਿਵੇਂ ਹਲਦੀ, ਲਸਣ ਅਤੇ ਅਦਰਕ।

3. ਚਾਹ ਖਾਸ ਕਰਕੇ ਗਰੀਨ ਟੀ ਅਤੇ ਡਾਰਕ ਚੌਕਲੇਟ।"

"ਦੀਦੀ, ਆਹ ਤਾਂ ਮੇਰੀ ਮਨਪਸੰਦ ਗੱਲ ਹੋ ਗਈ।"

"ਪ੍ਰੀਤ, ਹੋਰ ਵੀ ਮਦਦਗਾਰ ਚੀਜ਼ਾਂ ਹਨ,

4. ਆਪਾਂ ਨੂੰ environmental ਟੌਕਸਨ ਵੀ ਘਟਾਣੇ ਪੈਣਗੇ।

5. ਤਣਾਅ ਘਟਾਉਣੀ ਅਤੇ ਅੱਛੀ ਨੀਂਦ ਵਧਾਉਣੀ ਪਵੇਗੀ।

6. ਜੇ ਕੋਈ ਸਮੋਕ ਕਰਦੈ, ਉਹ ਬੰਦ ਕਰਨਾ ਪਏਗਾ।

ਇਹ ਸਾਰੀਆਂ ਗੱਲਾਂ ਵੱਲ ਧਿਆਨ ਕਰਨ ਨਾਲ ਸਰੀਰ ਦੀ ਇਨਫੈਕਸ਼ਨ ਘਟਾਉਣ ਵਿੱਚ ਬਹੁਤ ਮਦਦ ਮਿਲ ਸਕਦੀ ਹੈ ਅਤੇ ਕਸਰਤ ਵੱਲ ਵੀ ਬਹੁਤ ਤਵੱਜੋ ਦੇਣ ਦੀ ਲੋੜ ਹੈ।"

"ਦੀਦੀ, ਅਗਲਾ ਸਵਾਲ ਹੈ ਚਾਚੀ ਜੀ ਵੱਲੋਂ, ਕੀ ਬਾਹਰੋਂ ਕੈਲਸੀਅਮ ਲੈਣ ਦੀ ਜ਼ਰੂਰਤ ਹੈ?

"ਇਹ ਨਿਰਭਰ ਹੈ ਤੁਹਾਡੀ ਉਮਰ 'ਤੇ, ਤੁਹਾਡੀ ਖੁਰਾਕ ਅਤੇ ਬਿਮਾਰੀ ਜਿਵੇਂ ਹੱਡੀਆਂ ਦੀ ਕਮਜ਼ੋਰੀ (osteoporosis), ਆਮ ਤੌਰ 'ਤੇ ਅਸੀਂ ਸਾਰੇ ਦਿਨ ਦੀ ਜ਼ਰੂਰਤ ਜਿੰਨਾ ਕੈਲਸੀਅਮ ਖੁਰਾਕ ਤੋਂ ਸੌਖਾ ਲੈ ਸਕਦੇ ਹਾਂ ਅਤੇ ਸਪਲੀਮੈਂਟ ਲੈਣ ਦੀ ਜ਼ਰੂਰਤ ਨਹੀਂ ਹੁੰਦੀ। ਕਾਫੀ ਸਟੱਡੀਜ਼ ਕਰਨ ਤੋਂ ਬਾਅਦ ਨਵੀਂ ਜਾਣਕਾਰੀ ਮੁਤਾਬਕ ਸਾਇੰਸਦਾਨਾਂ ਦਾ ਕਹਿਣਾ ਹੈ ਕਿ ਬਾਹਰੋਂ ਕੈਲਸੀਅਮ ਲੈਣ ਦਾ ਬਹੁਤਾ ਫਾਇਦਾ ਨਹੀਂ ਹੁੰਦਾ, ਪਰ ਨੁਕਸਾਨ ਹੋ ਸਕਦਾ ਹੈ, ਜੇ ਅਸੀਂ ਜ਼ਿਆਦਾ ਬਾਹਰੋਂ ਲਈਏ। ਜਿਹੜੇ ਬੰਦੇ ਕੈਲਸੀਅਮ ਲੈਂਦੇ ਸੀ 1000 ਮਿਲੀਗ੍ਰਾਮ ਹਰ ਰੋਜ਼, ਸਟੱਡੀਜ਼ ਦੇ ਹਿਸਾਬ ਨਾਲ ਦੇਖਿਆ ਗਿਆ ਹੈ ਕਿ ਉਨ੍ਹਾਂ ਵਿੱਚ ਦਿਲ ਦੀ ਬਿਮਾਰੀ ਦਾ ਖਤਰਾ 20% ਜ਼ਿਆਦਾ ਹੋ ਜਾਂਦਾ ਹੈ। ਹੋਰ ਨੁਕਸਾਨ ਵਾਲੀਆਂ ਘਟਨਾਵਾਂ ਵੀ ਹੋ ਸਕਦੀਆਂ ਹਨ ਜਿਵੇਂ ਆਪਣੀ ਵੱਡੀ ਖੁਰਾਕ ਦੀ ਨਾਲੀ (colon) ਵਿੱਚ ਪੌਲਿਪਸ (polyps), ਗੁਰਦਿਆਂ ਵਿੱਚ ਪਥਰੀ ਅਤੇ ਦਿਲ ਦੀਆਂ ਨਾੜੀਆਂ ਵਿੱਚ ਕਲੌਟਜ਼, ਇਸ ਕਰਕੇ ਕੈਲਸੀਅਮ ਆਪਣੀ ਖੁਰਾਕ ਤੋਂ ਹੀ ਲੈਣਾ ਚਾਹੀਦਾ ਹੈ। ਆਪਣੀ ਖੁਰਾਕ, ਜਿਸ ਵਿੱਚ ਅੱਛੀ ਮਿਕਦਾਰ ਹੁੰਦੀ ਹੈ ਕੈਲਸੀਅਮ ਦੀ, ਉਹ ਹੈ- ਬਦਾਮ, ਦੁੱਧ, ਦਹੀਂ, ਚੀਜ਼, ਛੋਲੇ, ਸੁੱਕੇ ਅੰਜੀਰ, ਸੋਏ, ਪਾਲਕ, ਕੇਲ ਅਤੇ ਹੋਰ ਪੱਤਿਆਂ ਵਾਲੀਆਂ ਸਬਜ਼ੀਆਂ।

ਖੁਰਾਕ ਵਿੱਚੋਂ ਕੈਲਸੀਅਮ ਤੋਂ ਬਿਨਾ ਹੋਰ ਵੀ ਸਿਹਤ ਲਈ ਜ਼ਰੂਰੀ ਤੱਤ ਮਿਲਦੇ ਨੇ ਅਤੇ ਕੈਲਸੀਅਮ ਵੀ ਚੰਗੀ ਤਰ੍ਹਾਂ ਆਪਣੇ ਸਰੀਰ ਵਿੱਚ ਚਲਾ ਜਾਂਦੈ। ਅਮਰੀਕਾ ਵਿੱਚ 10 ਮਿਲੀਅਨ ਬੰਦੇ ਹਨ, ਜਿਨ੍ਹਾਂ ਨੂੰ ਹੱਡੀਆਂ ਦੀ ਕਮਜ਼ੋਰੀ




ਹੈ, ਖਾਸ ਕਰਕੇ ਬਜ਼ੁਰਗਾਂ ਨੂੰ, ਜਿਸ ਵਿੱਚੋਂ 80% ਔਰਤਾਂ ਹਨ। ਹੱਡੀਆਂ ਦੀ ਕਮਜ਼ੋਰੀ ਕਰਰੇ ਡਿੱਗਣ ਨਾਲ ਹੱਡੀ ਦਾ ਟੁੱਟਣਾ ਖਾਸ ਕਰਕੇ ਚੂਲੇ ਦਾ ਟੁੱਟਣਾ ਬਹੁਤਾ ਹੀ ਖਤਰਨਾਕ ਸਾਬਤ ਹੋ ਸਕਦਾ ਹੈ।

ਜੇ ਕੋਈ ਕਿਸੇ ਕਾਰਨ ਕਰ ਕੇ ਖੁਰਾਕ ਤੋਂ ਕੈਲਸੀਅਮ (ਜਿਹੜਾ ਐਬਜ਼ੌਰਬ [absorb] ਚੰਗਾ ਹੁੰਦਾ ਏ, ਮਤਲਬ ਆਪਣੇ ਸਰੀਰ ਵਿੱਚ ਅੱਛਾ ਜਾ ਸਕਦੈ) ਜ਼ਰੂਰਤ ਜਿੰਨਾ ਨਹੀਂ ਲੈ ਸਕਦਾ, ਉਹ ਕੈਲਸੀਅਮ ਸਪਲੀਮੈਂਟ ਲੈ ਸਕਦੇ ਹਨ, ਜਿਵੇਂ-

*ਕੈਲਸੀਅਮ ਕਾਰਬੋਨੇਟ, ਇਹ ਖੁਰਾਕ ਦੇ ਨਾਲ ਹੀ ਲਵੋ

*ਦੂਸਰਾ ਹੈ ਕੈਲਸੀਅਮ ਸਿਟਰੇਟ, ਉਹ ਕਿਸੇ ਵੇਲੇ ਵੀ ਲੈ ਸਕਦੇ ਹੋ- ਖੁਰਾਕ ਨਾਲ ਜਾਂ ਖੁਰਾਕ ਤੋਂ ਬਿਨਾ ਵੀ।

*ਕੈਲਸੀਅਮ ਗੁਲੂਕੋਨੇਟ, ਲੈਕਟੇਟ ਅਤੇ ਫਾਸਫੇਟ ਅੱਛੀ ਤਰ੍ਹਾਂ ਘੁਲਦੇ ਨਹੀਂ ਅਤੇ ਅੱਛੀ ਤਰ੍ਹਾਂ ਆਪਣੇ ਸਰੀਰ ਵਿੱਚ ਇਸਤੇਮਾਲ ਨਹੀਂ ਹੋ ਸਕਦੇ, ਇਸ ਲਈ ਨਾ ਹੀ ਲਵੋ।

*ਕੈਲਸੀਅਮ ਇੱਕ ਵਕਤ ਦੀ ਮਿਕਦਾਰ 500 ਮਿਲੀਗ੍ਰਾਮ ਤੋਂ ਵੱਧ ਨਹੀਂ ਲੈਣੀ ਚਾਹੀਦੀ।

*ਕੈਲਸੀਅਮ, ਜਿੰਕ ਅਤੇ ਮੈਗਨੀਸੀਅਮ ਇਕੱਠੇ ਨਹੀਂ ਲੈਣੇ ਚਾਹੀਦੇ। ਇਹ ਵੱਖਰੇ ਵੱਖਰੇ ਵੇਲੇ ਖੁਰਾਕ ਨਾਲ ਲਵੋ।

*ਕੈਲਸੀਅਮ ਕਈ ਦਵਾਈਆਂ ਨਾਲ ਨਹੀਂ ਲੈਣਾ ਚਾਹੀਦਾ, ਜਿਵੇਂ bisphosphates, ਜਿਹੜਾ ਹੱਡੀਆਂ ਦੀ ਕਮਜ਼ੋਰੀ ਲਈ ਲਿਆ ਜਾਂਦੈ; ਥਾਈਰੁਐਡ (thyroid) ਦੀਆਂ ਦਵਾਈਆਂ, ਫੈਨੀਟੁਐਨ (convulsion ਦੀ ਦਵਾਈ), ਆਇਰਨ ਅਤੇ ਕੁਝ ਐਂਟੀਬਾਇਓਟਿਕਸ। ਜਦੋਂ ਤੁਸੀਂ ਕੈਲਸੀਅਮ ਲਵੋ, ਤੁਹਾਨੂੰ ਵਿਟਾਮਿਨ 'ਡੀ' ਵੀ ਚਾਹੀਦਾ ਹੈ, ਇਸ ਨੂੰ ਐਬਜ਼ੌਰਬ ਕਰਨ ਲਈ। ਸਰੀਰ ਵਿੱਚ ਇਸਤੇਮਾਲ ਕਰਨ ਲਈ ਮੈਗਨੀਸੀਅਮ ਦੀ ਵੀ ਜ਼ਰੂਰਤ ਹੈ।

*ਜਦੋਂ ਕੈਲਸੀਅਮ ਖਰੀਦੋ, ਧਿਆਨ ਰੱਖੋ ਕਿ ਦਵਾਈ ਦੀ ਬੋਤਲ 'ਤੇ ਅੱਛੀ ਕੁਆਲਿਟੀ ਦੀ USP ਜਾਂ CL ਦੀ ਮੋਹਰ ਲੱਗੀ ਹੋਵੇ।

ਜੇ 500 ਮਿਲੀਗ੍ਰਾਮ ਦੀ ਗੋਲੀ ਇੱਕ ਦੋ ਜ਼ਿਆਦਾ ਲੈਣ ਦੀ ਜ਼ਰੂਰਤ ਹੈ ਤਾਂ 4 ਘੰਟੇ ਦਾ ਵਕਤ ਪਾ ਕੇ ਲਵੋ। ਆਪਣੇ ਡਾਕਟਰ ਨਾਲ ਵੀ ਸਲਾਹ ਮਸ਼ਵਰਾ ਕਰ ਲੈਣਾ ਚਾਹੀਦੈ।"

"ਦੀਦੀ, ਕੁਝ ਖੁਰਾਕ ਦੀ ਕੈਲਸੀਅਮ ਦੀ ਮਿਕਦਾਰ ਦੱਸ ਦੇਵੋ।"

"ਦਹੀਂ ਇੱਕ ਕੱਪ ਵਿੱਚ 450 ਮਿਲੀਗ੍ਰਾਮ, ਚੀਜ਼ ਇੱਕ ਔਂਸ ਵਿੱਚ 200 ਮਿਲੀਗ੍ਰਾਮ, ਸਵਿਸ ਚੀਜ਼ ਇੱਕ ਔਂਸ ਵਿੱਚ 270 ਮਿਲੀਗ੍ਰਾਮ, ਪਾਲਕ ਇੱਕ ਕੱਪ ਵਿੱਚ 240 ਮਿਲੀਗ੍ਰਾਮ, ਅੰਜੀਰ ਅਤੇ ਸਤਰੇ ਦੇ ਰਸ ਵਿੱਚ 300 ਮਿਲੀਗ੍ਰਾਮ ਅਤੇ ਕੌਲਰਡ ਗਰੀਨ (collard green) ਦੇ ਇੱਕ ਕੱਪ ਵਿੱਚ 350 ਮਿਲੀਗ੍ਰਾਮ ਹੁੰਦਾ ਹੈ।"

"ਇਹ ਤਾਂ ਬਹੁਤ ਫਾਇਦੇ ਵਾਲੀ ਜਾਣਕਾਰੀ ਦਿੱਤੀ ਹੈ ਤੁਸੀਂ। ਮੇਰਾ ਅਗਲਾ ਸਵਾਲ ਹੈ, ਮੂੰਹ ਦੀ ਗੰਧ (odour) ਬਾਰੇ, ਇਹ ਕਿਉਂ ਹੁੰਦੀ ਏ ਅਤੇ ਆਪਾਂ ਕੀ ਕਰ ਸਕਦੇ ਹਾਂ?"

"ਇਸ ਨੂੰ ਹੈਲੀਟੋਸਿਸ (halitosis) ਕਹਿੰਦੇ ਨੇ,

1. ਇਹ ਆਮ ਤਾਂ ਹੁੰਦੀ ਹੈ ਜੇ ਮੂੰਹ ਦੀ ਹਾਈਜੀਨ ਵੱਲ ਧਿਆਨ ਦੇਣ ਦੀ ਜ਼ਰੂਰਤ ਹੋਵੇ। ਇਹ ਗਮਜ਼ ਜਾਂ ਦੰਦਾਂ ਦੇ ਆਲੇ-ਦੁਆਲੇ ਇਨਫੈਕਸ਼ਨ ਦੀ ਨਿਸ਼ਾਨੀ ਵੀ ਹੋ ਸਕਦੀ ਹੈ।

2. ਖੁਰਾਕ ਕਾਰਨ ਜਿਵੇਂ ਲਸਣ ਨਾਲ ਤੇ ਪਿਆਜ ਅਤੇ ਕੁਝ ਦਵਾਈਆਂ ਕਰਕੇ ਵੀ।

3. ਮੂੰਹ ਦਾ ਮਾਈਕਰੋਬਾਇਓਮ ਇਨਬੈਲੈਂਸ ਕਾਰਨ (microbiome imbalance)

4. ਮੂੰਹ ਅੰਦਰੋਂ ਸੁੱਕਾ ਰਹਿੰਦੈ, ਪਾਣੀ ਦੀ ਘਾਟ ਜਾਂ ਕੋਈ ਸਿਹਤ ਦੀ ਤਕਲੀਫ ਕਰਕੇ।

5. ਮੂੰਹ ਦੀ ਹਾਈਜੀਨ ਵੀ ਕਾਰਨ ਹੋ ਸਕਦੀ ਏ।

6. ਸਾਈਨਸ ਜਾਂ ਸਾਹ ਲੈਣ ਵਾਲੀ ਨਾਲੀ ਦੀ ਇਨਫੈਕਸ਼ਨ।

7. ਜਿਗਰ, ਗੁਰਦਿਆਂ, ਸ਼ੂਗਰ ਦੀ ਤਕਲੀਫ ਜਾਂ ਗਰਡ (gerd) ਦੀ ਸਮੱਸਿਆ। ਇਸ ਲਈ ਪਹਿਲਾਂ ਕੋਸ਼ਿਸ਼ ਕੀਤੀ ਜਾਵੇ ਮੂੰਹ ਦੀ ਹਾਈਜੀਨ ਅੱਛੀ ਕਰਨ ਦੀ। ਜਦੋਂ ਦੰਦਾਂ ਨੂੰ ਸਾਫ ਕਰੋ, ਜੀਭ ਨੂੰ ਵੀ ਸਾਫ ਕਰਨਾ ਚਾਹੀਦੈ ਅਤੇ ਰੋਜ ਖਾਣੇ ਤੋਂ ਬਾਅਦ ਬ੍ਰਸ਼ ਕਰਨਾ ਚਾਹੀਦਾ ਹੈ। ਜੇ ਕੋਈ ਫਾਇਦਾ ਹੁੰਦਾ ਨਾ ਦਿਸੇ ਤਾਂ ਪੂਰੀ ਡੈਂਟਲ ਚੈੱਕ-ਅਪ ਕਰਵਾ ਲਵੋ। ਇਸ ਦੇ ਨਾਲ ਹੀ ਚੰਗੀ ਤਰ੍ਹਾਂ ਆਪਣੇ ਡਾਕਟਰ ਕੋਲ ਜਾ ਕੇ ਦਿਖਾ ਲੈਣਾ ਚਾਹੀਦੈ।

ਕੋਈ ਹੋਰ ਸਰੀਰ ਦੀ ਬਿਮਾਰੀ ਨਾਲ ਹੋਵੇ।

ਪ੍ਰੀਤ, ਤੈਨੂੰ ਪਤਾ ਏ ਕੁਝ ਖਾਣ ਵਾਲੀਆਂ ਚੀਜ਼ਾਂ ਹਨ, ਜੋ ਆਪਣੇ ਲਈ ਜ਼ਹਿਰੀਲੀਆਂ ਹਨ!"

"ਸੱਚੀਂ! ਦੱਸੋ ਫਿਰ।"

"ਪੂਰੀਆਂ ਅੱਠ ਚੀਜ਼ਾਂ ਹਨ, ਜਿਨ੍ਹਾਂ ਨੂੰ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ:

1. ਹਰੇ ਰੰਗ ਵਾਲੇ ਆਲੂ, ਇਨ੍ਹਾਂ ਵਿੱਚ ਸੋਲੇਨੀਨ (solanine) ਹੁੰਦਾ ਏ, ਉਨਾ ਹਿੱਸਾ ਆਲੂ ਕੱਟ ਕੇ ਸੁੱਟ ਦੇਵੋ। ਜਿਹੜੇ ਛੋਟੇ ਛੋਟੇ ਸਪਰਾਊਟਜ਼ ਹੋ ਜਾਂਦੇ ਨੇ, ਜੇ ਆਲੂ ਬਹੁਤ ਦੇਰ ਤੱਕ ਪਏ ਰਹਿਣ, ਉਹ ਵੀ ਲਾਹ ਕੇ ਸੁੱਟ ਦਿਓ।

2. ਜੈਫਲ ਵੀ ਹਾਨੀਕਰਕ ਹੈ, ਜ਼ਿਆਦਾ ਮਿਕਦਾਰ ਵਿੱਚ

3. ਕੈਸਟਰ ਤੇਲ ਬੀਜ (castor oil seeds)

4. ਕੱਚੇ ਰਾਜਮਾਂਹ

5. ਕੱਚੀ ਹਰੀ ਲੀਚੀ

6. ਸੇਬ ਦੇ ਬੀਜ ਜ਼ਿਆਦਾ ਮਿਕਦਾਰ ਵਿੱਚ

7. Rhubarb ਦੇ ਪੱਤੇ, ਜਿਨ੍ਹਾਂ ਵਿੱਚ oxalic acid ਦੀ ਮਾਤਰਾ ਕਾਫੀ ਹੁੰਦੀ ਏ, ਇਸ ਨੂੰ ਰੀਵਾਂਡ ਚੀਨੀ ਕਹਿੰਦੇ ਨੇ ਅਤੇ Himalayan region ਵਿੱਚ ਹੁੰਦੀ ਏ।

8. ਐਲਡਰਬੈਰੀਜ਼ ਪੱਕੇ ਹੋਏ ਠੀਕ ਹੈ, ਪਰ ਇਸ ਦੇ ਹੋਰ ਹਿੱਸੇ ਪੱਤੇ ਵਗੈਰਾ ਹਾਨੀਕਾਰਕ ਹਨ। ਮੇਰਾ ਖਿਆਲ ਇਹ ਪੌਦਾ ਆਪਣੇ ਨਹੀਂ ਹੁੰਦਾ, ਪਰ ਯੂਰਪ ਅਤੇ ਏਸ਼ੀਆ ਵਿੱਚ ਹੁੰਦੈ।"

"ਦੀਦੀ, ਆਹ ਤਾਂ ਚੰਗਾ ਕੀਤਾ ਦੱਸ ਦਿੱਤੈ।"

"ਪ੍ਰੀਤ, ਮੈਂ ਤੇਰੇ ਕਿੰਨੇ ਸਵਾਲਾਂ ਦੇ ਜਵਾਬ ਦਿੱਤੇ ਨੇ, ਹੁਣ ਆਈ ਏ ਤੇਰੀ ਵਾਰੀ। ਮੇਰਾ ਸਵਾਲ ਹੈ ਆਮ ਜਾਣਕਾਰੀ ਵਾਲਾ।"

"ਦੀਦੀ, ਛੱਡੋ ਚੰਗੀ ਭਲੀ ਗੱਲਬਾਤ ਚੱਲ ਰਹੀ ਏ, ਐਵੇਂ ਈ ਇਹ ਨਵੀਂ ਰੀਤ ਸ਼ੁਰੂ ਕਰਨ ਲੱਗੇ ਓਂ। ਮੇਰੇ ਹੋਰ ਸਵਾਲ ਬਾਕੀ ਨੇ।"

"ਡਰ ਨਾ, ਸਿੱਧਾ ਜਿਹਾ ਸਵਾਲ ਹੈ। ਬਾਥਰੂਮ ਵਿੱਚ ਕੀ ਕੀ ਧਿਆਨ ਰੱਖਣਾ ਚਾਹੀਦੈ?"

"ਇਹ ਤਾਂ ਮੈਨੂੰ ਪਤਾ ਏ, ਸੁਣੋ:

-ਬਾਥਰੂਮ ਫਿਸਲਣ ਤੋਂ ਸੁਰਖਿਅਤ ਹੋਣਾ ਚਾਹੀਦੈ

-ਰੋਸ਼ਨੀ ਅੱਛੀ ਹੋਣੀ ਚਾਹੀਦੀ ਹੈ

-ਸ਼ਾਵਰ ਹੈੱਡ ਵਿਵਸਥਿਤ ਕਰਨ ਵਾਲਾ ਹੋਣਾ ਚਾਹੀਦਾ ਏ

-ਬਿਜਲੀ ਵਾਲੇ ਉਪਯੰਤਰ (electrical appliances) ਪਾਣੀ ਤੋਂ ਦੂਰ ਹੋਣੇ ਚਾਹੀਦੇ ਨੇ।

-ਗਰਮ ਪਾਣੀ ਬਹੁਤ ਗਰਮ ਨਹੀਂ ਹੋਣਾ ਚਾਹੀਦਾ

-ਕਲੀਨਿੰਗ ਵਾਲੇ ਕੈਮੀਕਲਜ਼ ਅਤੇ ਦਵਾਈਆਂ ਬੱਚਿਆਂ ਤੋਂ ਦੂਰ ਥਾਂ 'ਤੇ ਹੋਣ

-ਗਰੈਬ ਬਾਰ ਅਤੇ ਟਾਵਲ ਰੈਕ ਵਗੈਰਾ ਅੱਛੀ ਤਰ੍ਹਾਂ ਲੱਗੇ ਹੋਣ।"

"ਵਾਹ ਬਈ ਵਾਹ! ਆਹ ਤਾਂ ਕਮਾਲ ਕਰ'ਤੀ, ਤੋਤੇ ਵਾਂਗੂ ਰਟਿਆ ਹੋਇਆ ਸੀ। ਸਾਰੇ ਠੀਕ ਜਵਾਬ, ਪਰ ਮੇਰਾ ਮਤਲਬ ਸੀ ਕਿ ਸਿਹਤ ਦੇ ਹਿਸਾਬ ਕੀ ਧਿਆਨ ਰੱਖਣਾ ਚਾਹੀਦੈ?"

"ਦੀਦੀ, ਇਹ ਮੈਂ ਕੱਲ੍ਹ ਹੀ ਪੜ੍ਹਿਆ ਸੀ, ਸੋਚਿਆ ਭੁੱਲਣ ਤੋਂ ਪਹਿਲਾਂ ਦੱਸ ਦੇਵਾਂ। ਕਿਉਂ ਇਪਰੈਸ ਹੋ ਗਏ ਨਾ!"

"ਹਾਂ ਹਾਂ, ਬਹੁਤ। ਹੁਣ ਇਹ ਸਵਾਲ ਦਾ ਵੀ ਜਵਾਬ ਦੇ ਦੇ।"

"ਕੋਸ਼ਿਸ਼ ਕਰਦੀ ਆਂ।

-ਖਾਸ ਕਰਕੇ ਪਬਲਿਕ ਥਾਂਵਾਂ 'ਤੇ ਘੱਟ ਹੀ ਹੱਥ ਲਾਵੋ ਕਿਸੇ ਚੀਜ਼ ਨੂੰ। ਜੇ ਹੋਵੇ ਤਾਂ ਪਹਿਲਾਂ ਸੈਨੀਟਾਈਜ਼ਰ ਵਾਈਪ ਇਸਤੇਮਾਲ ਕਰ ਲਵੋ ਦਰਵਾਜ਼ੇ ਦੇ ਹੈਂਡਲ ਵਗੈਰਾ 'ਤੇ।

-ਡਿਸਪੋਜ਼ੇਬਲ ਟੁਆਇਲਟ ਸੀਟ ਲਾਈਨਰ ਜਾਂ ਕਵਰ ਜੇ ਹੋਵੇ ਤਾਂ ਇਸਤੇਮਾਲ ਕਰੋ। ਨਹੀਂ ਤਾਂ ਟੁਆਇਲਟ ਪੇਪਰ ਨੂੰ ਫੋਲਡ ਕਰਕੇ ਵੀ ਪਾਸਿਆਂ 'ਤੇ ਸੀਟ 'ਤੇ ਰੱਖ ਸਕਦੇ ਹੋ।

-ਹੱਥ ਚੰਗੀ ਤਰ੍ਹਾਂ ਵੀਹ ਸੈਕੰਡ ਤੱਕ ਧੋਵੋ।"

"ਬਹੁਤ ਵਧੀਆ।"

"-ਤੁਸੀਂ ਦਿਲ ਵਿੱਚ ਦੋ ਵਾਰੀ ਹੈਪੀ ਬਰਥਡੇਅ ਗੀਤ ਗਾ ਲਵੋ ਹੱਥ ਧੋਣ ਵੇਲੇ। ਇਹ 20 ਸੈਕੰਡ ਬਰਾਬਰ ਹੋ ਜਾਂਦੈ।

-ਜੇ ਟੁਆਇਲਟ ਦਾ ਲਿਡ ਹੋਵੇ ਤਾਂ ਸੀਟ 'ਤੇ ਰੱਖਣ ਤੋਂ ਬਾਅਦ ਹੀ ਫਲੱਸ਼ ਕਰੋ, ਨਹੀਂ ਤਾਂ ਜ਼ਰਮ ਹਵਾ ਵਿੱਚ ਮਿਲ ਕੇ ਫੈਲ ਜਾਂਦੇ ਨੇ। ਘਰ ਵੀ ਫਲੱਸ਼ ਕਰਨ ਤੋਂ ਪਹਿਲਾਂ ਸੀਟ ਲਿਡ ਨਾਲ ਟੁਆਇਲਟ ਨੂੰ ਕਵਰ ਕਰੋ।

-ਥੋੜ੍ਹੀ ਘੱਟ ਭੀੜ ਵਾਲੇ ਰੈਸਟਰੂਮ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰੋ, ਜਦੋਂ ਬਾਹਰ ਜਾਂਦੇ ਹੋ।

-ਐਂਟਰੈਂਸ ਕੋਲ ਦੀ ਸਟਾਲ ਆਮ ਤੌਰ 'ਤੇ ਲੋਕੀਂ ਘੱਟ ਇਸਤੇਮਾਲ ਕਰਦੇ ਹਨ, ਇਹ ਹੋ ਸਕਦੈ ਥੋੜ੍ਹੀ ਜ਼ਿਆਦਾ ਸਾਫ ਵੀ ਹੋਵੇ, ਇਸਤੇਮਾਲ ਕਰੋ।"

"ਪ੍ਰੀਤ, ਕੀ ਤੂੰ ਦੱਸ ਸਕਦੀ ਏਂ ਕਿਹੜੀਆਂ ਖੁਰਾਕ ਦੀਆਂ ਚੀਜ਼ਾਂ ਐਕਸਪਾਇਰ (expire) ਨਹੀਂ ਹੁੰਦੀਆਂ ਜਾਂ ਬਹੁਤ ਦੇਰ ਤੱਕ ਖਾਣ ਦੇ ਕਾਬਿਲ ਰਹਿੰਦੀਆਂ ਨੇ?"

"ਦੀਦੀ, ਮੈਨੂੰ ਤਾਂ ਇਹ ਹੀ ਪਤਾ ਏ, ਪਾਣੀ।"

"ਹੋਰ ਕੁਝ?"

"ਮੈਨੂੰ ਤਾਂ ਕੁਝ ਸੁੱਝ ਨਹੀਂ ਰਿਹਾ, ਤੁਸੀਂ ਦੱਸੋ।"

"ਕਈ ਚੀਜ਼ਾਂ ਹਨ, ਪਰ ਉਹ ਤਾਂ ਜੇ ਉਨ੍ਹਾਂ ਨੂੰ ਏਅਰਟਾਈਟ ਬਰਤਨ ਵਿੱਚ ਰੱਖਿਆ ਜਾਵੇ, ਕਿਸੇ ਠੰਡੀ ਅਤੇ ਸੁੱਕੀ ਥਾਂ 'ਤੇ, ਰੋਸ਼ਨੀ ਅਤੇ ਸਿੱਲ੍ਹ ਤੇ ਔਕਸੀਜ਼ਨ ਤੋਂ ਪਰੇ।

-ਨਮਕ, ਕੱਚਾ ਸ਼ਹਿਦ (row honey – locally produced), ਚੀਨੀ, ਹਾਰਡ ਲਿੱਕਰ (hard liquor unopened), ਸ਼ੁੱਧ ਵਨੀਲਾ, ਸ਼ੁੱਧ ਮੈਪਲ ਸਿਰਪ, ਐਪਲ ਸਾਈਡਰ ਵਿਨੇਗਰ, Worcestershire sauce unopened.

ਕੁਝ ਖੁਰਾਕ ਹੈ, ਜੋ ਬਹੁਤ ਦੇਰ ਤੱਕ ਖਾਣ ਲਾਇਕ ਰਹਿੰਦੀ ਏ, ਜੇ ਉਪਰ ਦੱਸੇ ਤਰੀਕੇ ਨਾਲ ਸਟੋਰ ਕਰੀਏ, ਜਿਵੇਂ- ਸੁੱਕਾ ਪਾਸਤਾ, ਸੁੱਕੀ ਕੌਰਨ ਅਤੇ ਬੀਨਜ਼, ਦਾਲਾਂ, ਚਿੱਟੇ ਚੌਲ (ਬਿਨਾ ਪਕਾਏ ਤੋਂ)।"

"ਦੀਦੀ, ਇਹ ਤਾਂ ਚੰਗਾ ਪਤਾ ਲੱਗ ਗਿਆ। ਕਾਫੀ ਖਾਣ ਦੀਆਂ ਚੀਜ਼ਾਂ ਆਪਾਂ ਸੁੱਟ ਦਿੰਨੇ ਆਂ ਕਿ ਪੁਰਾਣੀ ਹੋ ਗਈ ਹੈ। ਕਿਉਂ ਨਾ ਆਪਾਂ ਅਗਲੀ ਵਾਰ ਗੱਲਾਂ ਕਰੀਏ ਕਿ ਵੱਖਰੀ ਵੱਖਰੀ ਤਰੀਕੇ ਦੀ ਖੁਰਾਕ ਨੂੰ ਕਿਵੇਂ ਜ਼ਿਆਦਾ ਦੇਰ ਤਾਜ਼ਾ ਰੱਖ ਸਕਦੇ ਆਂ!"

"ਅੱਛਾ ਤਾਂ ਫਿਰ ਮਿਲਦੇ ਆਂ ਅਗਲੀ ਵਾਰ।"


**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST.
Retirement | Life | Health

**Futurity First Insurance Group**

# ਸਮੂਹ ਸਿੱਖ ਭਾਈਚਾਰੇ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ

**ਕਲਗੀਧਰ ਦਸ਼ਮੇਸ਼ ਪਿਤਾ ਨੇ 1699 ਦੀ ਵਿਸਾਖੀ ਦੇ ਦਿਹਾੜੇ ਮਰਜੀਵੜਿਆਂ ਦੇ ਇੱਕ ਨਵੇਂ ਪੰਥ 'ਖਾਲਸਾ ਪੰਥ' ਨੂੰ ਪ੍ਰਗਟ ਕੀਤਾ ਅਤੇ ਨਿਸਚੈ ਕਰ ਅਪਨੀ ਜੀਤ ਕਰੋਂ ਦਾ ਵਰ ਦਿੱਤਾ**

## ਵੱਲੋਂ: ਸਮੂਹ ਸੇਵਾਦਾਰ ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਵਿਸਕਾਨਸਿਨ


ਸੁਖਵਿੰਦਰ ਸਿੰਘ ਘੱਗਰ


ਜੱਗੀ ਸਿੰਘ ਘੋਤੜਾ


ਜਰਨੈਲ ਸਿੰਘ ਮਿਆਣੀ


ਪਰਮਿੰਦਰ ਸਿੰਘ ਗੋਲਡੀ


ਦਵਿੰਦਰ ਸਿੰਘ ਬਿੰਦ


ਨਰਿੰਦਰਪਾਲ ਸਿੰਘ ਸਲੇਮਪੁਰ


ਅਰਵਿੰਦਰ ਸਿੰਘ ਬੂਟਾ



ਹਰਜਿੰਦਰ ਸਿੰਘ ਜਿੰਦੀ


ਭੁਪਿੰਦਰ ਸਿੰਘ ਟਿੰਕਾ


ਰਨਦੀਪ ਪਾਲ ਸਿੰਘ ਰਿੰਕ


ਕੁਲਜੀਤ ਸਿੰਘ ਗਿਲਜੀਆਂ


ਸਤਪਾਲ ਸਿੰਘ ਪਹਿਲਵਾਨ


ਗੁਰਿੰਦਰ ਸਿੰਘ ਗਿਲਜੀਆਂ

## Guru Ladho Re Sewa Society of Wisconsin

**Contact: info@guruladhore.org**

# ਹਾਕੀ ਇੰਡੀਆ ਨੇ ਸਟਾਰ ਮਹਿਲਾ ਤੇ ਪੁਰਸ਼ ਹਾਕੀ ਖਿਡਾਰੀਆਂ ਨੂੰ ਦਿੱਤੇ 'ਹਾਕੀ ਇੰਡੀਆ ਪਲੇਅਰ ਅਵਾਰਡਜ਼'

## ਸਾਬਕਾ ਓਲੰਪੀਅਨ ਅਸ਼ੋਕ ਕੁਮਾਰ ਨੂੰ 'ਮੇਜਰ ਧਿਆਨ ਚੰਦ ਲਾਈਫ ਟਾਈਮ ਅਚੀਵਮੈਂਟ ਅਵਾਰਡ' ਨਾਲ ਸਨਮਾਨਿਆ

**ਸਾਲ-2023 ਦਾ 6ਵਾਂ ਬਲਬੀਰ ਸਿੰਘ ਸੀਨੀਅਰ ਹਾਕੀ ਇੰਡੀਆ ਸਾਲਾਨਾ 'ਬੈਸਟ ਇੰਡੀਅਨ ਹਾਕੀ ਪਲੇਅਰ' ਅਵਾਰਡ ਕੌਮੀ ਹਾਕੀ ਟੀਮ ਦੇ ਉਪ-ਕਪਤਾਨ ਹਾਰਦਿਕ ਸਿੰਘ ਤੇ ਮਹਿਲਾ ਵਰਗ 'ਚ 'ਬੈਸਟ ਇੰਡੀਅਨ ਮਹਿਲਾ ਹਾਕੀ ਪਲੇਅਰ' ਅਵਾਰਡ ਕੌਮੀ ਹਾਕੀ ਟੀਮ ਦੀ ਖਿਡਾਰਨ ਸਲੀਮਾ ਟੇਟੇ ਨੂੰ ਦਿੱਤਾ ਗਿਆ ਹੈ। ਹਾਕੀ ਇੰਡੀਆ ਵੱਲੋਂ ਦੋਵੇਂ ਹਾਕੀ ਖਿਡਾਰੀਆਂ ਨੂੰ ਟਰਾਫੀ ਤੋਂ ਇਲਾਵਾ 25-25 ਲੱਖ ਦੀ ਰਾਸ਼ੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਹਾਕੀ ਇੰਡੀਆ ਵੱਲੋਂ ਉਪ-ਕਪਤਾਨ ਹਾਰਦਿਕ ਸਿੰਘ ਨੂੰ 'ਅਜੀਤਪਾਲ ਸਿੰਘ ਬੈਸਟ ਮਿਡਫੀਲਡਰ ਆਫ ਦਿ ਯੀਅਰ', ਕੌਮੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੂੰ 'ਪ੍ਰਗਟ ਸਿੰਘ ਬੈਸਟ ਡਿਫੈਂਡਰ ਆਫ ਦਿ ਯੀਅਰ', ਕੌਮੀ ਹਾਕੀ ਟੀਮ ਦੇ ਗੋਲਕੀਪਰ ਪੀ.ਆਰ. ਸ੍ਰੀਜੇਸ਼ ਨੂੰ 'ਬਲਜੀਤ ਸਿੰਘ ਬੈਸਟ ਗੋਲਕੀਪਰ ਆਫ ਦਿ ਯੀਅਰ' ਤੇ ਅਭਿਸ਼ੇਕ ਨੂੰ 'ਧਨਰਾਜ ਪਿੱਲੈ ਬੈਸਟ ਸਟਰਾਈਕਰ ਆਫ ਦਿ ਯੀਅਰ' ਦੇ ਅਵਾਰਡਜ਼ ਨਾਲ ਸਨਮਾਨਤ ਕਰਕੇ 5-5 ਲੱਖ ਦੀ ਰਾਸ਼ੀ ਦਿੱਤੀ ਗਈ ਹੈ।**

**ਕੌਮੀ ਹਾਕੀ ਟੀਮ ਅੰਡਰ-21 ਦੇ ਖਿਡਾਰੀ ਅਰਾਇਜੀਤ ਸਿੰਘ ਹੁੰਦਲ ਨੂੰ 'ਜੁਗਰਾਜ ਸਿੰਘ ਅੱਪਕਮਿੰਗ ਡਰੈਗ ਫਲਿੱਕਰ' ਤੇ ਮਹਿਲਾ ਹਾਕੀ ਖਿਡਾਰਨ 'ਦੀਪਿਕਾ ਸੋਰੇਂਗ ਨੂੰ 'ਅਸੁੰਤਾ ਲਾਕੜਾ ਅੱਪਕਮਿੰਗ ਮਹਿਲਾ ਹਾਕੀ ਪਲੇਅਰ' ਦੇ ਸਨਮਾਨ ਦਿੱਤੇ ਗਏ ਹਨ। ਹਾਕੀ ਇੰਡੀਆ ਵੱਲੋਂ ਦੋਵੇਂ ਖਿਡਾਰੀਆਂ ਨੂੰ 10-10 ਲੱਖ ਦੀ ਰਾਸ਼ੀ ਵੀ ਦਿੱਤੀ ਗਈ ਹੈ। ਹਾਕੀ ਇੰਡੀਆ ਵੱਲੋਂ 'ਮੇਜਰ ਧਿਆਨ ਚੰਦ ਸਿੰਘ ਲਾਈਫ ਟਾਈਮ ਅਚੀਵਮੈਂਟ ਅਵਾਰਡ' ਹਾਕੀ ਦੇ ਜਾਦੂਗਰ ਧਿਆਨ ਚੰਦ ਦੇ ਪੁੱਤਰ ਹਾਕੀ ਓਲੰਪੀਅਨ ਅਸ਼ੋਕ ਕੁਮਾਰ ਸਿੰਘ ਨੂੰ ਦਿੱਤਾ ਗਿਆ ਹੈ। ਹਾਕੀ ਇੰਡੀਆ ਵੱਲੋਂ ਸਾਬਕਾ ਹਾਕੀ ਓਲੰਪੀਅਨ ਅਸ਼ੋਕ ਕੁਮਾਰ ਨੂੰ ਸਨਮਾਨ ਚਿੰਨ੍ਹ ਤੋਂ ਇਲਾਵਾ 30 ਲੱਖ ਦੀ ਰਾਸ਼ੀ ਵੀ ਦਿੱਤੀ ਗਈ ਹੈ। ਹਾਕੀ ਇੰਡੀਆ ਵੱਲੋਂ ਇਨ੍ਹਾਂ ਅਵਾਰਡਜ਼ 'ਤੇ 7.56 ਕਰੋੜ ਰੁਪਇਆ ਖਰਚ ਕੀਤਾ ਗਿਆ ਹੈ।**

ਗੂੰਜਦਾ ਮੈਦਾਨ

ਸੁਖਵਿੰਦਰਜੀਤ ਸਿੰਘ ਮਨੌਲੀ
ਫੋਨ: +91-9417182993



### ਸਾਬਕਾ ਹਾਕੀ ਓਲੰਪੀਅਨ ਅਸ਼ੋਕ ਕੁਮਾਰ ਸਿੰਘ

ਵਿਸ਼ਵ ਹਾਕੀ ਦੇ ਜਾਦੂਗਰ ਕਹੇ ਜਾਣ ਵਾਲੇ ਮੇਜਰ ਧਿਆਨ ਚੰਦ ਸਿੰਘ ਦੇ ਪੁੱਤਰ ਤੇ ਸਾਬਕਾ ਹਾਕੀ ਓਲੰਪੀਅਨ ਰੂਪ ਸਿੰਘ ਦੇ ਭਤੀਜੇ ਸਾਬਕਾ ਹਾਕੀ ਓਲੰਪੀਅਨ ਅਸ਼ੋਕ ਕੁਮਾਰ ਸਿੰਘ ਨੂੰ ਹਾਕੀ ਇੰਡੀਆ ਵੱਲੋਂ ਸਾਲ-2023 ਦਾ



'ਮੇਜਰ ਧਿਆਨ ਚੰਦ ਸਿੰਘ ਲਾਈਫ ਟਾਈਮ ਅਚੀਵਮੈਂਟ ਅਵਾਰਡ' ਨਾਲ ਸਨਮਾਨਤ ਕੀਤਾ ਗਿਆ ਹੈ। ਅਟੈਕਿੰਗ ਸਟਰਾਈਕਰ ਅਸ਼ੋਕ ਕੁਮਾਰ ਸਿੰਘ ਅਗਲੀ ਪਾਲ ਦਾ ਵਾਅ-ਵਰੋਲਾ ਰਿਹਾ, ਜਿਸ ਬਾਰੇ ਕਿਹਾ ਗਿਆ ਕਿ ਬਾਲ ਜਦੋਂ ਉਸ ਦੀ ਹਾਕੀ 'ਤੇ ਹੈ ਤਾਂ ਵਿਰੋਧੀ ਟੀਮ 'ਤੇ ਗੋਲ ਹੋਣ ਦੇ ਆਸਾਰ ਸੌ ਫੀਸਦੀ ਬਣ ਜਾਂਦੇ ਸਨ। ਹਾਕੀ ਕਰੀਅਰ 'ਚ ਅਸ਼ੋਕ ਕੁਮਾਰ ਨੂੰ 4 ਵਾਰ ਵਿਸ਼ਵ ਹਾਕੀ ਕੱਪ, 2 ਵਾਰ ਓਲੰਪਿਕ ਤੇ 3 ਵਾਰ ਏਸ਼ੀਅਨ ਖੇਡਾਂ 'ਚ ਕੌਮੀ ਹਾਕੀ ਟੀਮ ਦੀ ਨੁਮਾਇੰਦਗੀ ਕਰਨ ਦਾ ਹੱਕ ਹਾਸਲ ਹੋਇਆ। ਇੰਡੀਅਨ ਹਾਕੀ ਲਈ ਜਿੰਦ-ਜਾਨ ਨਿਛਾਵਰ ਕਰਨ ਵਾਲੇ ਓਲੰਪੀਅਨ ਅਸ਼ੋਕ ਕੁਮਾਰ ਦਾ ਜਨਮ ਪਹਿਲੀ ਜੂਨ 1950 ਨੂੰ ਯੂ.ਪੀ. ਦੇ ਸ਼ਹਿਰ ਮੇਰਠ 'ਚ ਜਾਨਕੀ ਦੇਵੀ ਦੀ ਕੁੱਖੋਂ ਸਾਬਕਾ ਹਾਕੀ ਓਲੰਪੀਅਨ ਮੇਜਰ ਧਿਆਨ ਚੰਦ ਸਿੰਘ ਦੇ ਗ੍ਰਹਿ ਵਿਖੇ ਹੋਇਆ। ਓਲੰਪੀਅਨ ਅਸ਼ੋਕ ਕੁਮਾਰ ਨੇ ਦਿੱਲੀ ਦੇ ਸਿੱਖ ਪਰਿਵਾਰ ਦੀ ਲੜਕੀ ਕਮਲਜੀਤ ਕੌਰ ਨਾਲ ਸ਼ਾਦੀ ਕੀਤੀ। ਸਾਲ 1966-67 'ਚ ਰਾਜਸਥਾਨ ਯੂਨੀਵਰਸਿਟੀ ਵੱਲੋਂ ਹਾਕੀ ਖੇਡਣ ਵਾਲੇ ਅਸ਼ੋਕ ਕੁਮਾਰ ਦੀ ਖੇਡ ਨੂੰ ਪ੍ਰਵਾਨ ਕਰਦਿਆਂ 'ਵਰਸਿਟੀ ਖੇਡ ਪ੍ਰਬੰਧਕਾਂ ਨੇ 1968-69 'ਚ ਉਸ ਦੀ ਚੋਣ ਕੰਬਾਇੰਡ 'ਵਰਸਿਟੀ ਦੀ ਹਾਕੀ ਟੀਮ ਦੀ ਪ੍ਰਤੀਨਿਧਤਾ ਕਰਨ ਲਈ ਕੀਤੀ ਗਈ। ਕੰਬਾਇੰਡ ਯੂਨੀਵਰਸਿਟੀ ਵੱਲੋਂ ਖੇਡਣ ਲਈ ਪ੍ਰਮੋਟ ਹੋਏ ਅਸ਼ੋਕ ਕਮਾਰ ਨੂੰ ਕਲਕੱਤੇ ਦੇ ਮਸ਼ਹੂਰ ਹਾਕੀ ਕਲੱਬ ਮੋਹਨ ਬਾਗਾਨ ਨੇ ਆਪਣੀ ਹਾਕੀ ਟੀਮ ਵੱਲੋਂ ਖੇਡਣ ਲਈ ਨਾਮਜ਼ਦ ਕੀਤਾ ਗਿਆ।

ਆਸਟਰੇਲੀਆ ਦੇ ਸ਼ਹਿਰ ਪਰਥ 'ਚ 1979 'ਚ ਹੋਏ ਇਸੰਡਾ ਹਾਕੀ ਮੁਕਾਬਲੇ 'ਚ ਭਰਤੀ ਟੀਮ ਦੇ ਕਪਤਾਨ ਅਸ਼ੋਕ ਕੁਮਾਰ ਸਿੰਘ ਨੂੰ 1974 'ਚ 'ਆਲ ਏਸ਼ੀਅਨ ਸਟਾਰਜ਼' ਹਾਕੀ ਟੀਮ ਵੱਲੋਂ ਖੇਡਣ ਦਾ ਮਾਣ ਮਿਲਿਆ। ਇਸ ਤੋਂ ਇਲਾਵਾ ਕੌਮਾਂਤਰੀ ਹਾਕੀ ਚੋਣਕਾਰਾਂ ਵੱਲੋਂ ਓਲੰਪੀਅਨ ਅਸ਼ੋਕ ਕੁਮਾਰ ਨੂੰ ਦੋ ਵਾਰ 'ਵਿਸ਼ਵ ਇਲੈਵਨ ਹਾਕੀ ਟੀਮ' ਲਈ ਖੇਡਣ ਲਈ ਨਾਮਜ਼ਦ ਕੀਤਾ ਗਿਆ। ਅਸ਼ੋਕ ਕੁਮਾਰ ਦੀਆਂ ਹਾਕੀ ਪ੍ਰਾਪਤੀਆਂ ਨੂੰ ਮੁੱਖ ਰੱਖਦੇ ਹੋਏ ਕੇਂਦਰੀ ਖੇਡ ਮੰਤਰਾਲੇ ਵੱਲੋਂ 1974 'ਚ ਉਸ ਨੂੰ ਖੇਡ ਪੁਰਸਕਾਰ 'ਅਰਜੁਨਾ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਬੈਂਕਾਕ-1970, ਤਹਿਰਾਨ-1974 ਤੇ ਬੈਂਕਾਕ-1978 ਤਿੰਨ ਵਾਰ ਏਸ਼ਿਆਈ ਹਾਕੀ 'ਚ ਦੇਸ਼ ਦੀ ਹਾਕੀ ਟੀਮ ਦੀ ਪ੍ਰਤੀਨਿਧਤਾ ਕਰਨ ਵਾਲੇ ਅਸ਼ੋਕ ਕੁਮਾਰ ਨੇ ਆਪਣੇ ਕੌਮਾਂਤਰੀ ਖੇਡ ਕਰੀਅਰ ਦਾ ਖਾਤਾ ਬੈਂਕਾਕ-1970 ਦਾ ਹਾਕੀ ਅਡੀਸ਼ਨ ਖੇਡ ਕੇ ਖੋਲ੍ਹਿਆ।

ਸੁਪਨਿਆਂ 'ਚ ਹਾਕੀ ਖੇਡਣ ਵਾਲੇ ਅਸ਼ੋਕ ਕੁਮਾਰ ਸਿੰਘ ਨੇ ਬਾਰਸੀਲੋਨਾ-1971, ਐਮਸਟਰਡਮ-1973, ਕੁਆਲਾਲੰਪੁਰ-1975 ਤੇ ਬਿਊਨਿਸ ਆਈਰਸ-1978 ਦੇ ਚਾਰ ਵਿਸ਼ਵ-ਵਿਆਪੀ ਹਾਕੀ ਟੂਰਨਾਮੈਂਟਾਂ 'ਚ ਹਾਕੀ ਟੀਮ ਦੀ ਨੁਮਾਇੰਦਗੀ ਕਰਕੇ ਆਪਣੇ ਖੇਡ ਰਿਕਾਰਡ ਨੂੰ ਆਲਮੀ ਹਾਕੀ ਦੇ ਪੰਨਿਆਂ 'ਚ ਦਰਜ ਕਰਵਾਇਆ। ਅਜੀਤਪਾਲ ਸਿੰਘ ਕੁਲਾਰ ਦੀ ਅਗਵਾਈ 'ਚ ਪਹਿਲੇ ਬਾਰਸੀਲੋਨਾ-1971 ਦੇ ਵਿਸ਼ਵ ਹਾਕੀ ਕੱਪ 'ਚ ਟੀਮ ਨੂੰ ਤਾਂਬੇ ਦਾ ਤਗਮਾ ਨਸੀਬ ਹੋਇਆ। ਦੂਜੇ ਐਮਸਟਰਡਮ-1973 ਦੇ ਸੰਸਾਰ ਹਾਕੀ ਕੱਪ 'ਚ ਓਲੰਪੀਅਨ ਐਮ.ਪੀ. ਗਣੇਸ਼ ਦੀ ਕਪਤਾਨੀ 'ਚ ਟੀਮ ਨੇ ਚਾਂਦੀ ਦਾ ਹਾਕੀ ਕੱਪ ਜਿੱਤਿਆ। ਤੀਜੇ ਕੁਆਲਾਲੰਪੁਰ-1975 ਦੇ ਆਲਮੀ ਹਾਕੀ ਕੱਪ 'ਚ ਅਜੀਤਪਾਲ ਸਿੰਘ ਦੀ ਕਮਾਨ 'ਚ ਭਾਰਤੀ ਹਾਕੀ ਟੀਮ ਵਿਸ਼ਵ ਚੈਂਪੀਅਨ ਬਣੀ। ਜਦੋਂ ਹਾਕੀ ਟੀਮ ਨੇ ਪਹਿਲੀ ਤੇ ਆਖਰੀ ਵਾਰ ਜੱਗ ਦੀ ਹਾਕੀ ਦੀ ਜਿੱਤਣ ਦੀ ਬਾਜ਼ੀ ਮਾਰੀ ਤਾਂ ਉਦੋਂ ਫੁੱਲ ਬੈਕ ਸੁਰਜੀਤ ਸਿੰਘ ਦੇ ਸ਼ਾਨਦਾਰ ਕਰਾਸ ਤੋਂ ਮਿਲੀ ਬਾਲ ਨੂੰ ਅਸ਼ੋਕ ਕੁਮਾਰ ਸਿੰਘ ਨੇ ਗੋਲ ਦਾ ਰਸਤਾ ਵਿਖਾਇਆ ਸੀ। ਖੇਡ ਮੈਦਾਨ 'ਚ ਵਿਰੋਧੀ ਰੱਖਿਅਕਾਂ ਦੀਆਂ ਅੱਖਾਂ 'ਚ ਰੜਕਣ ਵਾਲੇ ਅਸ਼ੋਕ ਕੁਮਾਰ ਨੇ ਮਿਓਨਿਖ-1972 ਤੇ ਮਾਂਟੀਰੀਅਲ-1976 ਦੇ ਦੋ ਓਲੰਪਿਕ ਅਡੀਸ਼ਨ ਖੇਡ ਕੇ ਆਪਣੀ ਹਾਕੀ ਨਾਲ ਮੈਦਾਨ 'ਚ ਅਲੱਗ ਲਕੀਰਾਂ ਵਾਹੁਣ ਦਾ ਉਪਰਾਲਾ ਕੀਤਾ। ਮਿਓਨਿਖ-1972 ਓਲੰਪਿਕ 'ਚ ਹਰਮੀਕ ਸਿੰਘ ਦੀ ਕਮਾਂਡ 'ਚ ਟੀਮ ਨੇ ਤਾਂਬੇ ਦਾ ਤਗਮਾ ਹਾਸਲ ਕੀਤਾ, ਜਦਕਿ ਮਾਂਟੀਰੀਅਲ-1976 ਦੀ ਓਲੰਪਿਕ 'ਚ ਦੇਸ਼ ਦੀ ਹਾਕੀ ਟੀਮ ਨੂੰ 7ਵਾਂ ਰੈਂਕ ਹਾਸਲ ਹੋਇਆ।

### ਹਾਕੀ ਓਲੰਪੀਅਨ ਹਾਰਦਿਕ ਸਿੰਘ

ਹਾਕੀ ਇੰਡੀਆ ਵੱਲੋਂ ਕੌਮੀ ਹਾਕੀ ਟੀਮ ਦੇ ਉਪ-ਕਪਤਾਨ ਹਾਰਦਿਕ ਸਿੰਘ ਨੂੰ ਸਾਲ-2023 ਦਾ 6ਵਾਂ ਬਲਬੀਰ ਸਿੰਘ ਸੀਨੀਅਰ ਹਾਕੀ ਇੰਡੀਆ ਸਾਲਾਨਾ 'ਬੈਸਟ ਇੰਡੀਅਨ ਹਾਕੀ ਪਲੇਅਰ' ਨਾਲ ਸਨਮਾਨਤ ਕੀਤਾ ਗਿਆ ਹੈ। ਇਸ ਅਵਾਰਡ 'ਚ ਹਾਰਦਿਕ ਸਿੰਘ ਨੂੰ ਸਨਮਾਨ ਚਿੰਨ੍ਹ ਤੋਂ ਇਲਾਵਾ 25 ਲੱਖ ਦੀ ਰਾਸ਼ੀ ਵੀ ਦਿੱਤੀ ਗਈ ਹੈ। ਹਾਕੀ ਇੰਡੀਆ ਵੱਲੋਂ ਉਪ-ਕਪਤਾਨ ਹਾਰਦਿਕ ਸਿੰਘ ਨੂੰ 'ਅਜੀਤਪਾਲ ਸਿੰਘ ਬੈਸਟ ਮਿਡਫੀਲਡਰ ਆਫ ਦਿ ਯੀਅਰ' ਦਾ ਅਵਾਰਡ ਵੀ ਦਿੱਤਾ ਗਿਆ ਹੈ। ਇਸ ਅਵਾਰਡ 'ਚ ਹਾਰਦਿਕ ਸਿੰਘ ਨੂੰ 5 ਲੱਖ ਰੁਪਏ ਦਿੱਤੇ ਗਏ ਹਨ। ਹਾਕੀ ਮੈਦਾਨ ਅੰਦਰ ਹਾਫ ਲਾਈਨ 'ਚ ਖੇਡਣ ਵਾਲਾ ਡਿਫੈਂਸਿਵ ਮਿਡਫੀਲਡਰ ਹਾਰਦਿਕ ਸਿੰਘ ਪਰਿਵਾਰ ਦੀ ਪੰਜਵੀਂ ਪੀੜੀ 'ਚ ਦੇਸ਼ ਦੀ ਕੌਮੀ ਟੀਮ ਦੀ ਨੁਮਾਇੰਦਗੀ ਕਰ ਰਿਹਾ ਹੈ। ਨੇਵੀ ਦੀ ਟੀਮ ਵੱਲੋਂ ਨੈਸ਼ਨਲ ਹਾਕੀ ਖੇਡਣ ਵਾਲੇ ਪ੍ਰੀਤਮ ਸਿੰਘ ਦੇ ਪੋਤਰੇ ਹਾਰਦਿਕ ਦਾ ਪਿਤਾ ਵਰਿੰਦਰਪ੍ਰੀਤ ਸਿੰਘ ਵੀ ਕੌਮਾਂਤਰੀ ਹਾਕੀ ਖੇਡਣ ਲਈ ਮੈਦਾਨ 'ਚ ਨਿੱਤਰਿਆ। ਆਲਮੀ ਹਾਕੀ ਦੇ ਹਲਕਿਆਂ 'ਚ 'ਗੋਲਡਨ ਗਰਲ' ਦੇ ਨਾਂ ਨਾਲ ਜਾਣੀ ਜਾਂਦੀ ਵਿਮੈਨ ਹਾਕੀ ਟੀਮ ਦੀ ਸਾਬਕਾ ਕਪਤਾਨ ਰਾਜਬੀਰ ਕੌਰ ਅਤੇ ਉਸ ਦਾ ਪਤੀ ਓਲੰਪੀਅਨ ਗੁਰਮੇਲ ਸਿੰਘ, ਹਾਰਦਿਕ ਦੇ ਪਿਤਾ ਦੇ ਚਾਚੀ-ਚਾਚਾ ਹਨ। ਰਾਜਬੀਰ ਕੌਰ ਦੇ ਚਚੇਰੇ ਭਰਾ ਪ੍ਰਸਿੱਧ ਡਰੈਗ ਫਲਿੱਕਰ ਜੁਗਰਾਜ ਸਿੰਘ ਤੇ ਕੌਮੀ ਖਿਡਾਰੀ ਹਰਮੀਕ ਸਿੰਘ ਵੀ ਹਾਰਦਿਕ ਦੇ ਨੇੜਲੇ ਰਿਸ਼ਤੇਦਾਰ ਹਨ। ਓਲੰਪੀਅਨ ਜੁਗਰਾਜ ਸਿੰਘ ਦੀ ਸਲਾਹ ਨਾਲ ਹਾਰਦਿਕ ਨੇ ਹਾਕੀ ਮੈਦਾਨ ਅੰਦਰ ਮਿਡਫੀਲਡਰ ਦੀ ਪੁਜ਼ੀਸ਼ਨ 'ਤੇ ਖੇਡਣਾ ਸ਼ੁਰੂ ਕੀਤਾ।

23 ਸਤੰਬਰ 1998 'ਚ ਜਲੰਧਰ ਜ਼ਿਲ੍ਹੇ ਦੇ ਪਿੰਡ ਖੁਸਰੋਪੁਰ 'ਚ ਜਨਮਿਆ ਹਾਰਦਿਕ ਸਿੰਘ 2013 ਤੱਕ ਹਾਕੀ ਮੈਦਾਨ ਦੀ ਸਾਈਡ ਲਾਈਨ 'ਤੇ ਬਾਲ ਸਾਂਭਣ ਲਈ



'ਬਾਲ ਬੁਆਇ' ਹੋਇਆ ਕਰਦਾ ਸੀ। ਹਾਕੀ ਸਿਲੈਕਟਰਾਂ ਵੱਲੋਂ ਹਾਰਦਿਕ ਦੀ ਜੂਨੀਅਰ ਏਸ਼ੀਆ ਹਾਕੀ ਕੱਪ ਖੇਡਣ ਲਈ ਚੋਣ ਕਰਨ ਦੇ ਨਾਲ ਉਪ-ਕਪਤਾਨ ਵੀ ਨਿਯੁਕਤ ਕੀਤਾ ਗਿਆ। ਸਬ-ਜੂਨੀਅਰ ਏਸ਼ੀਆ ਹਾਕੀ ਕੱਪ 'ਚ ਟੀਮ ਨੇ ਗੋਲਡ ਮੈਡਲ ਹਾਸਲ ਕੀਤਾ। ਹਾਕੀ ਇੰਡੀਆ ਲੀਗ 'ਚ ਪੰਜਾਬ ਵਾਰੀਅਰਜ਼ ਦੀ ਟੀਮ ਵੱਲੋਂ ਪੇਸ਼ੇਵਾਰਾਨਾ ਹਾਕੀ ਖੇਡਣ ਵਾਲੇ ਹਾਰਦਿਕ ਸਿੰਘ ਨੂੰ 2017 'ਚ ਡੱਚ ਹਾਕੀ ਲੀਗ ਅਤੇ ਕਲੱਬ ਹਾਕੀ ਖੇਡਣ ਲਈ ਹਾਲੈਂਡ ਸ਼ਿਫਟ ਹੋਣਾ ਪਿਆ। 20 ਸਾਲਾ ਹਾਰਦਿਕ ਨੂੰ ਮਸਕਟ-2018 ਦੀ ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫੀ ਖੇਡਣ ਲਈ ਕੌਮੀ ਹਾਕੀ ਟੀਮ 'ਚ ਸ਼ਾਮਲ ਕੀਤਾ ਗਿਆ। ਏਸ਼ੀਅਨ ਹਾਕੀ ਚੈਂਪੀਅਨਜ਼ ਤੋਂ ਬਾਅਦ ਹਾਰਦਿਕ ਦੀ ਚੋਣ ਘਰੇਲੂ ਮੈਦਾਨਾਂ 'ਤੇ ਖੇਡੇ ਜਾਣ ਵਾਲੇ ਵਿਸ਼ਵ ਹਾਕੀ ਕੱਪ ਖੇਡਣ ਲਈ ਕੀਤੀ ਗਈ।

ਪੰਜਾਬ ਸਰਕਾਰ ਵੱਲੋਂ ਦੋ ਕੁ ਮਹੀਨੇ ਪਹਿਲਾਂ ਓਲੰਪੀਅਨ ਹਾਰਦਿਕ ਸਿੰਘ ਨੂੰ ਪੰਜਾਬ ਪੁਲੀਸ 'ਚ ਡਾਇਰੈਕਟ ਡੀ.ਐਸ.ਪੀ. ਭਰਤੀ ਕੀਤਾ ਗਿਆ ਹੈ। ਕੌਮਾਂਤਰੀ ਹਾਕੀ 'ਚ 114 ਮੈਚਾਂ ਦੀ ਪਾਰੀ ਖੇਡ ਚੁੱਕੇ ਹਾਰਦਿਕ ਸਿੰਘ ਨੂੰ ਟੋਕੀਓ-2020 ਓਲੰਪਿਕ 'ਚ ਤਾਂਬੇ ਦਾ ਤਗਮਾ ਜੇਤੂ, ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫੀ ਮਸਕਟ-2022, ਚੇਨਈ-2023 'ਚ ਗੋਲਡ ਮੈਡਲ ਤੇ ਢਾਕਾ-2021 'ਚ ਤਾਂਬੇ ਦਾ ਤਗਮਾ, ਏਸ਼ੀਅਨ ਗੇਮਜ਼ ਹਾਂਗਜ਼ੂ-2022 'ਚ ਸੋਨ ਤਗਮਾ ਅਤੇ ਬਰਮਿੰਘਮ-2022 ਰਾਸ਼ਟਰਮੰਡਲ ਖੇਡਾਂ 'ਚ ਚਾਂਦੀ ਦਾ ਤਗਮਾ ਜੇਤੂ ਟੀਮ ਦੀ ਨੁਮਾਇੰਦਗੀ ਕਰਨ ਦਾ ਰੁਤਬਾ ਹਾਸਲ ਹੈ।

### ਮਹਿਲਾ ਹਾਕੀ ਓਲੰਪੀਅਨ ਸਲੀਮਾ ਟੇਟੇ

ਹਾਕੀ ਇੰਡੀਆ ਵੱਲੋਂ ਸਾਲ-2023 ਦਾ 6ਵਾਂ ਬਲਬੀਰ ਸਿੰਘ ਸੀਨੀਅਰ ਹਾਕੀ ਇੰਡੀਆ ਸਾਲਾਨਾ ਮਹਿਲਾ ਵਰਗ 'ਚ 'ਬੈਸਟ ਇੰਡੀਅਨ ਮਹਿਲਾ ਹਾਕੀ ਪਲੇਅਰ' ਅਵਾਰਡ ਕੌਮੀ ਹਾਕੀ ਟੀਮ ਦੀ ਖਿਡਾਰਨ ਸਲੀਮਾ ਟੇਟੇ ਨੂੰ ਦਿੱਤਾ ਗਿਆ ਹੈ। ਹਾਕੀ ਇੰਡੀਆ ਵੱਲੋਂ ਸਲੀਮਾ ਟੇਟੇ ਨੂੰ ਟਰਾਫੀ ਤੋਂ ਇਲਾਵਾ 25 ਲੱਖ ਦੀ ਰਾਸ਼ੀ ਦਿੱਤੀ ਗਈ ਹੈ। ਕੌਮਾਂਤਰੀ ਹਾਕੀ 'ਚ 107 ਮੈਚਾਂ 'ਚ 15 ਗੋਲ ਸਕੋਰ



ਕਰਨ ਵਾਲੀ ਸਲੀਮਾ ਟੇਟੇ ਨੂੰ ਰਾਂਚੀ-2022 ਚੈਂਪੀਅਨਜ਼ ਹਾਕੀ ਟਰਾਫੀ ਅਤੇ ਐਫ.ਆਈ.ਐਚ. ਨੇਸ਼ਨਜ਼ ਹਾਕੀ ਕੱਪ ਸਪੇਨ-2022 'ਚ ਦੋਵੇਂ ਵਾਰ ਗੋਲਡ ਮੈਡਲ ਜਿੱਤਣ ਤੋਂ ਇਲਾਵਾ ਯੂਥ ਓਲੰਪਿਕ ਗੇਮਜ਼ ਬਿਊਨਸ ਏਰੀਅਸ-2018 'ਚ ਸਿਲਵਰ ਮੈਡਲ, ਹਾਂਗਜ਼ੂ ਏਸ਼ੀਅਨ ਗੇਮਜ਼-2022, ਰਾਸ਼ਟਰਮੰਡਲ ਖੇਡਾਂ ਬਰਮਿੰਘਮ-2022 ਤੇ ਮਸਕਟ-2022 ਮਹਿਲਾ ਏਸ਼ੀਆ ਕੱਪ 'ਚ ਤਿੰਨੇ ਵਾਰ ਤਾਂਬੇ ਦੇ ਤਗਮੇ ਜਿੱਤਣ ਦਾ ਰੁਤਬਾ ਹਾਸਲ ਹੋਇਆ। ਟੋਕੀਓ-2020 ਓਲੰਪਿਕ ਸੀਨੀਅਰ ਮਹਿਲਾ ਕੌਮੀ ਹਾਕੀ ਟੀਮ ਬਰੇਕ ਲੈਣ ਵਾਲੀ ਸਲੀਮਾ ਟੇਟੇ ਦਾ ਜਨਮ 27 ਦਸੰਬਰ 2001 'ਚ ਝਾਰਖੰਡ ਰਾਜ ਦੇ ਜ਼ਿਲ੍ਹਾ ਸਿਮਡੇਗਾ 'ਚ ਬਹੁਤ ਹੀ ਗਰੀਬ ਕਿਸਾਨ ਪਰਿਵਾਰ 'ਚ ਹੋਇਆ।

### ਕੌਮੀ ਹਾਕੀ ਟੀਮ ਕਪਤਾਨ ਹਰਮਨਪ੍ਰੀਤ ਸਿੰਘ

ਕੌਮੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੂੰ 'ਪ੍ਰਗਟ ਸਿੰਘ ਬੈਸਟ ਡਿਫੈਂਡਰ ਆਫ ਦਿ ਯੀਅਰ' ਦਾ ਸਨਮਾਨ ਦਿੱਤਾ ਗਿਆ ਹੈ। ਇਸ ਅਵਾਰਡ 'ਚ ਹਰਮਨਪ੍ਰੀਤ ਸਿੰਘ ਨੂੰ 5 ਲੱਖ ਦੀ ਰਾਸ਼ੀ ਮਿਲੇਗੀ। ਦੋ ਮਹੀਨੇ ਪਹਿਲਾਂ ਹੀ ਓਲੰਪੀਅਨ ਹਰਮਨਪ੍ਰੀਤ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲੀਸ 'ਚ ਸਿੱਧਾ ਡੀ.ਐਸ.ਪੀ. ਦਾ ਅਹੁਦਾ ਦਿੱਤਾ ਗਿਆ ਹੈ। ਹਾਕੀ ਮੈਦਾਨ ਅੰਦਰ ਰਾਈਟ ਫੁੱਲ ਬੈਕ ਦੀ ਪੁਜ਼ੀਸ਼ਨ 'ਤੇ ਖੇਡਣ ਵਾਲੇ ਕੌਮੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੂੰ ਆਪਣੀ ਡੀ-ਸਰਕਲ ਦੇ ਅੰਦਰ ਤੇ ਬਾਹਰ ਜਿੱਥੇ ਵਿਰੋਧੀ ਸਟਰਾਈਕਰ ਨੂੰ ਡੱਕੀ ਰੱਖਣ ਦੀ ਮੁਹਾਰਤ ਹਾਸਲ ਹੈ, ਉੱਥੇ ਇਸ ਸਮੇਂ ਇੱਕ ਮਹਾਨ ਡਰੈਗ ਫਲਿੱਕਰ ਵਜੋਂ ਉਸ ਦਾ ਨਾਮ ਦੁਨੀਆਂ ਦੀ ਹਾਕੀ ਦੇ ਨਕਸ਼ੇ 'ਤੇ ਡਲਕਾਂ ਮਾਰ ਰਿਹਾ ਹੈ। ਪੈਨਲਟੀ ਕਾਰਨਰਾਂ ਨੂੰ ਡਰੈਗ ਫਲਿੱਕਾਂ ਰਾਹੀਂ ਗੋਲਾਂ 'ਚ ਤਬਦੀਲ ਕਰਨ 'ਚ ਹਰਮਨਪ੍ਰੀਤ ਨੇ ਵਿਰੋਧੀ ਹਾਕੀ ਟੀਮਾਂ ਦੇ ਗੋਲਕੀਪਰਾਂ ਅਤੇ ਰੱਖਿਅਕ ਖਿਡਾਰੀਆਂ ਦੀ ਬੱਸ ਕਰਵਾਈ ਹੋਈ ਹੈ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਜੰਡਿਆਲਾ ਗੁਰੂ 'ਚ ਕਿਸਾਨ ਸਰਬਜੀਤ ਸਿੰਘ ਦੇ ਵਿਖੇ 6 ਜਨਵਰੀ 1996 ਨੂੰ ਜਨਮੇ ਹਰਮਨਪ੍ਰੀਤ ਸਿੰਘ ਨੇ ਹਾਕੀ ਇੰਡੀਆ ਲੀਗ ਦੇ 2014 ਤੋਂ 2016 ਤੱਕ ਤਿੰਨ ਅਡੀਸ਼ਨ ਖੇਡਣ ਲਈ ਦਬੰਗ ਮੁੰਬਈ ਟੀਮ ਦੇ ਫਰੈਂਚਾਇਜ਼ੀ ਨਾਲ 35 ਲੱਖ ਦਾ ਕੰਟਰੈਕਟ ਸਾਈਨ ਕੀਤਾ ਸੀ। 2015 'ਚ ਕੌਮੀ ਟੀਮ 'ਚ ਐਂਟਰੀ ਕਰਨ ਵਾਲਾ ਹਰਮਨਪ੍ਰੀਤ, ਅੰਡਰ-21 ਟੀਮ ਨਾਲ ਸੁਲਤਾਨ



ਜੋਹਰ ਹਾਕੀ ਕੱਪ ਜਿੱਤਣ ਵਾਲੀ ਟੀਮ ਨਾਲ ਮੈਦਾਨ 'ਚ ਨਿੱਤਰਿਆ। ਮਲੇਸ਼ੀਆ 'ਚ ਖੇਡੇ ਗਏ ਇਸ ਮੁਕਾਬਲੇ 'ਚ ਹਰਮਨਪ੍ਰੀਤ 9 ਗੋਲਾਂ ਨਾਲ 'ਟਾਪ ਸਕੋਰਰ' ਬਣਨ ਦੇ ਨਾਲ 'ਬੈਸਟ ਪਲੇਅਰ ਆਫ ਦਿ ਟੂਰਨਾਮੈਂਟ' ਵੀ ਨਾਮਜ਼ਦ ਹੋਇਆ। ਹਰਮਨਪ੍ਰੀਤ 206 ਕੌਮਾਂਤਰੀ ਮੈਚਾਂ 'ਚ 179 ਗੋਲ ਦਾਗਣ ਦਾ ਕ੍ਰਿਸ਼ਮਾ ਕਰ ਚੁੱਕਾ ਹੈ। ਜੂਨੀਅਰ ਏਸ਼ੀਆ ਹਾਕੀ ਕੱਪ 'ਚ 15 ਗੋਲ ਕਰਨ ਵਾਲੇ ਹਰਮਨਪ੍ਰੀਤ ਨੇ ਏਸ਼ੀਅਨ ਖੇਡਾਂ ਹਾਂਗਜ਼ੂ-2022 'ਚ ਗੋਲਡ ਮੈਡਲ ਤੇ ਏਸ਼ੀਅਨ ਗੇਮਜ਼-2018 'ਚ ਤਾਂਬੇ ਦਾ ਤਗਮਾ, ਏਸ਼ੀਆ ਹਾਕੀ ਕੱਪ ਢਾਕਾ-2017 'ਚ ਗੋਲਡ ਮੈਡਲ ਜਿੱਤਣ ਤੋਂ ਇਲਾਵਾ ਚੈਂਪੀਅਨਜ਼ ਹਾਕੀ ਟਰਾਫੀ ਲੰਡਨ-2016 ਤੇ ਹਾਲੈਂਡ-2018 'ਚ ਲਗਾਤਾਰ ਦੋ ਸਿਲਵਰ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ। ਜੂਨੀਅਰ ਏਸ਼ੀਆ ਹਾਕੀ ਕੱਪ 'ਚ 15 ਗੋਲਾਂ ਨਾਲ 'ਟਾਪ ਸਕੋਰਰ' ਨਾਮਜ਼ਦ ਹੋਣ ਵਾਲੇ ਹਰਮਨਪ੍ਰੀਤ ਨੂੰ ਰੀਓ-2016 ਓਲੰਪਿਕ ਤੇ ਗੋਲਡਕੋਸਟ ਕਾਮਨਵੈਲਥ ਹਾਕੀ ਅਤੇ ਵਿਸ਼ਵ ਹਾਕੀ ਕੱਪ ਭੁਵਨੇਸ਼ਵਰ-2018 ਖੇਡਣ ਤੋਂ ਇਲਾਵਾ ਏਸ਼ੀਅਨ ਚੈਂਪੀਅਨ ਟਰਾਫੀ ਮਾਸਕਟ-2018 ਤੇ ਚੈਂਪੀਅਨਜ਼ ਹਾਕੀ ਟਰਾਫੀ ਚੇਨਈ-2023 'ਚ ਗੋਲਡ ਮੈਡਲ ਜਿੱਤਣ ਸਦਕਾ ਦੋਵੇਂ ਵਾਰ ਚੈਂਪੀਅਨ ਰਹੀ ਕੌਮੀ ਟੀਮ ਦੀ ਨੁਮਾਇੰਦਗੀ ਕਰਨ ਦਾ ਹੱਕ ਵੀ ਹਾਸਲ ਹੈ। ਟੋਕੀਓ ਓਲੰਪਿਕ ਹਾਕੀ 'ਚ ਆਪਣੀ ਹਾਕੀ 'ਚੋਂ 6 ਗੋਲ ਕੱਢਣ ਵਾਲੇ ਹਰਮਨਪ੍ਰੀਤ ਸਿੰਘ ਨੂੰ ਜਿੱਥੇ ਭਾਰਤ ਸਰਕਾਰ ਵੱਲੋਂ ਇਸ ਸਾਲ 'ਅਰਜੁਨਾ ਅਵਾਰਡ' ਦਾ ਸਨਮਾਨ ਦਿੱਤਾ ਗਿਆ ਹੈ, ਉੱਥੇ ਐੱਫ.ਆਈ.ਐੱਚ. ਵੱਲੋਂ 'ਬੈਸਟ ਹਾਕੀ ਪਲੇਅਰ ਆਫ ਯੀਅਰ: 2020-2021' ਨਾਲ ਵੀ ਨਿਵਾਜਿਆ ਜਾ ਚੁੱਕਾ ਹੈ।

### ਓਲੰਪੀਅਨ ਗੋਲਕੀਪਰ ਸ੍ਰੀਜੇਸ਼

ਹਾਕੀ ਇੰਡੀਆ ਵੱਲੋਂ ਕੌਮੀ ਹਾਕੀ ਟੀਮ ਦੇ ਗੋਲਕੀਪਰ ਪੀ.ਆਰ. ਸ੍ਰੀਜੇਸ਼ ਨੂੰ 'ਬਲਜੀਤ ਸਿੰਘ ਬੈਸਟ ਗੋਲਕੀਪਰ ਆਫ ਦਿ ਯੀਅਰ' ਦਾ ਸਨਮਾਨ ਦਿੱਤਾ ਗਿਆ ਹੈ। ਇਸ ਅਵਾਰਡ 'ਚ ਸ੍ਰੀਜੇਸ਼ ਨੂੰ 5 ਲੱਖ ਰੁਪਈਆ ਮਿਲੇਗਾ। ਲੰਬੀ ਛਾਲ ਦੀ ਅਥਲੀਟ ਅਨੀਸ਼ੀਆ ਨਾਲ ਸ਼ਾਦੀ ਕਰਨ ਵਾਲੇ

⇒ ਬਾਕੀ ਸਫਾ 24 ਉਤੇ ਪੜ੍ਹੋ

1699 ਦੀ ਵਿਸਾਖੀ ਉਹ ਪਵਿਤਰ ਦਿਹਾੜਾ ਹੈ, ਜਦੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਪਿਛੋਂ ਇੱਕ ਨਵੀਂ ਖਾਲਸਾ ਕੌਮ ਨੂੰ ਜਨਮ ਦਿੱਤਾ। 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦਾ ਕੌਤਕ ਰਚਾ ਕੇ ਖਾਲਸਾ ਕੌਮ ਦੇ ਇੱਕ ਇੱਕ ਮਰਜੀਵੜੇ ਨੂੰ ਸਵਾ ਸਵਾ ਲਖ ਨਾਲ ਲੜਨ ਦਾ ਬਲ ਬਖਸ਼ਿਆ।

# ਸਮੂਹ ਗੁਰੂ ਰੂਪ ਸਾਧ ਸੰਗਤ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ ਹੋਵੇ



ਚਰਨਜੀਤ ਸਿੰਘ ਸੋਹਲ



ਰਣਜੀਤ ਸਿੰਘ ਖਾਲਸਾ



ਪਰਮਿੰਦਰ ਸਿੰਘ ਖਾਲਸਾ



ਤੀਰਥ ਸਿੰਘ ਸੰਧਰ

# ਸਿੰਘ ਡੀਜ਼ਲ ਸਰਵਿਸਿਜ਼ ਐਲ.ਐਲ.ਸੀ.

## ਟਾਇਰ, ਬਰੇਕ, ਕਲੱਚ, ਆਇਲ-ਚੇਂਜ ਅਤੇ ਹੋਰ ਬਹੁਤ ਕੁਝ...

## ਅਸੀਂ ਮੁਰੰਮਤ ਸਬੰਧੀ ਸੜਕ ਕਿਨਾਰੇ ਸੇਵਾਵਾਂ ਵੀ ਮੁਹੱਈਆ ਕਰਦੇ ਹਾਂ

# SINGH DIESEL SERVICES LLC

**210 SENATE DR, MONROE, OH 45050**




## CALL: Gary 513-313-8700 OR Raj 513-795-9395

Email: singhdiesel2@gmail.com

# ਪਾਕਿਸਤਾਨ ਹਾਕੀ ਦਾ ਅੱਥਰਾ ਘੋੜਾ ਸ਼ਾਹਬਾਜ਼ ਸੀਨੀਅਰ

**ਖਿਡਾਰੀ ਪੰਜ-ਆਬ ਦੇ (15)**

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



***ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਇਸ ਲੇਖ ਵਿੱਚ ਪਾਕਿਸਤਾਨ ਹਾਕੀ ਦੇ ਅੱਥਰੇ ਘੋੜੇ ਸ਼ਾਹਬਾਜ਼ ਸੰਖੇਪ ਜ਼ਿਕਰ ਹੈ, ਜੋ ਸੌਖਿਆ ਕਿਸੇ ਤੋਂ ਰੁਕਦਾ ਨਹੀਂ ਸੀ। ਸ਼ਾਹਬਾਜ਼ ਸੀਨੀਅਰ ਉਹ ਜੱਗ ਜੇਤੂ ਹਾਕੀ ਖਿਡਾਰੀ ਹੈ, ਜਿਸ ਨੇ ਅੱਸੀ ਦੇ ਦਹਾਕੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੀ ਹਾਕੀ ਵਿੱਚ ਗੁਆਚੀ ਸ਼ਾਨ ਨੂੰ ਆਖਰੀ ਵਾਰ ਬਹਾਲ ਕੀਤਾ ਸੀ।***

ਪਾਕਿਸਤਾਨ ਵੱਲੋਂ ਵਿਸ਼ਵ ਹਾਕੀ ਨੂੰ ਦਿੱਤੇ ਮਹਾਨ ਖਿਡਾਰੀਆਂ ਵਿੱਚੋਂ ਸਭ ਤੋਂ ਮੀਰੀ ਨਾਮ ਸ਼ਾਹਬਾਜ਼ ਅਹਿਮਦ ਦਾ ਆਉਂਦਾ ਹੈ, ਜਿਸ ਨੂੰ ਹਾਕੀ ਦੀ ਦੁਨੀਆਂ ਸ਼ਾਹਬਾਜ਼ ਸੀਨੀਅਰ ਦੇ ਨਾਮ ਨਾਲ ਜਾਣਦੀ ਹੈ। ਪਾਕਿਸਤਾਨ ਨੇ ਹਾਕੀ ਖੇਡ ਨੂੰ ਅਬਦੁਲ ਹਾਮਿਦ, ਨਾਸਿਰ ਬੁੰਦਾ, ਮੁਨੀਰ ਦਾਰ, ਤਨਵੀਰ ਦਾਰ, ਇਸਲਾਊਦੀਨ, ਸਮੀਉੱਲਾ, ਕਲੀਮਉੱਲਾ, ਅਖਤਰ ਰਸੂਲ, ਹਸਨ ਸਰਦਾਰ, ਮਨਜ਼ੂਰ ਹੁਸੈਨ, ਹਨੀਫ਼ ਖਾਨ, ਵਸੀਮ ਅਹਿਮਦ ਤੇ ਸੋਹੇਲ ਅੱਬਾਸ ਜਿਹੇ ਦਿੱਗਜ਼ ਖਿਡਾਰੀ ਦਿੱਤੇ ਹਨ, ਪਰ ਸ਼ਾਹਬਾਜ਼ ਸੀਨੀਅਰ ਉਹ ਜੱਗ ਜੇਤੂ ਹਾਕੀ ਖਿਡਾਰੀ ਹੈ, ਜਿਸ ਨੇ ਅੱਸੀ ਦੇ ਦਹਾਕੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੀ ਹਾਕੀ ਵਿੱਚ ਗੁਆਚੀ ਸ਼ਾਨ ਨੂੰ ਆਖਰੀ ਵਾਰ ਬਹਾਲ ਕੀਤਾ ਸੀ। ਉਹ ਨਵੇਂ ਦੌਰ ਦਾ ਚੈਂਪੀਅਨ ਖਿਡਾਰੀ ਰਿਹਾ, ਜਦੋਂ ਵਿਸ਼ਵ ਹਾਕੀ ਵਿੱਚ ਹਾਲੈਂਡ, ਜਰਮਨੀ, ਸਪੇਨ, ਆਸਟਰੇਲੀਆ ਆਦਿ ਮੁਲਕਾਂ ਦੀ ਚੜ੍ਹਤ ਸਿਖਰ ਉਤੇ ਸੀ। ਸ਼ਾਹਬਾਜ਼ ਪਾਕਿਸਤਾਨ ਹਾਕੀ ਦਾ ਉਹ ਅੱਥਰਾ ਘੋੜਾ ਸੀ, ਜਿਹੜਾ ਸੌਖਿਆ ਕਿਸੇ ਤੋਂ ਰੁਕਦਾ ਨਹੀਂ ਸੀ। ਉਸ ਨੂੰ ਹਾਕੀ ਦਾ ਬਾਜ਼ ਵੀ ਆਖਿਆ ਗਿਆ, ਜਿਸ ਦੀ ਉਡਾਰੀ ਵੀ ਸਿਖਰਾਂ ਤੱਕ ਹੀ ਪੁੱਜੀ।

ਸ਼ਾਹਬਾਜ਼ ਨੂੰ ਮਾਣ ਹਾਸਲ ਹੈ ਕਿ ਉਹ ਵਿਸ਼ਵ ਦਾ ਇਕਲੌਤਾ ਖਿਡਾਰੀ ਹੈ, ਜਿਸ ਨੂੰ ਦੋ ਵਾਰ ਹਾਕੀ ਦੇ ਆਲਮੀ ਕੱਪ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ ਹੈ। ਉਸ ਨੂੰ ਹਾਕੀ ਦਾ 'ਮੈਰਾਡੋਨਾ' ਵੀ ਆਖਿਆ ਜਾਂਦਾ ਹੈ, ਜਿਸ ਨੇ ਆਪਣੇ ਬਲਬੂਤੇ ਪਾਕਿਸਤਾਨ ਨੂੰ ਵਿਸ਼ਵ ਦਾ ਚੈਂਪੀਅਨ ਬਣਾਇਆ। ਸ਼ਾਹਬਾਜ਼ ਨੇ ਹਰ ਵੱਡੇ ਕੌਮਾਂਤਰੀ ਟੂਰਨਾਮੈਂਟ ਨੂੰ ਜਿੱਤਿਆ ਹੈ। ਉਹ ਵਿਸ਼ਵ ਕੱਪ ਵਿੱਚ ਇੱਕ ਵਾਰ ਜੇਤੂ ਤੇ ਇੱਕ ਵਾਰ ਉਪ ਜੇਤੂ, ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ, ਇੱਕ ਵਾਰ ਏਸ਼ੀਆ ਕੱਪ, ਇੱਕ ਵਾਰ ਏਸ਼ਿਆਈ ਖੇਡਾਂ, ਇੱਕ ਵਾਰ ਚੈਂਪੀਅਨਜ਼ ਟਰਾਫ਼ੀ, ਇੱਕ ਵਾਰ ਜੂਨੀਅਰ ਏਸ਼ੀਆ ਕੱਪ ਦਾ ਜੇਤੂ ਰਿਹਾ ਹੈ। ਸ਼ਾਹਬਾਜ਼ ਨੇ ਪੰਜ ਵਿਸ਼ਵ ਕੱਪ ਖੇਡ ਕੇ ਹਸਨ ਸਰਦਾਰ ਦੇ ਰਿਕਾਰਡ ਦੀ ਬਰਾਬਰੀ ਕੀਤੀ। ਸ਼ਾਹਬਾਜ਼ ਫਾਰਵਰਡ ਲਾਈਨ ਵਿੱਚ ਸੈਂਟਰ ਫਾਰਵਰਡ ਅਤੇ ਲੈਫ਼ਟ ਇਨ- ਦੋਵੇਂ ਪੁਜੀਸ਼ਨਾਂ ਉਤੇ ਟੀਮ ਦੀ ਲੋੜ ਅਨੁਸਾਰ ਬਦਲ ਕੇ ਖੇਡਦਾ ਰਿਹਾ ਹੈ। ਉਸ ਨੇ 304 ਕੌਮਾਂਤਰੀ ਮੈਚ ਖੇਡੇ ਹਨ ਅਤੇ 101 ਗੋਲ ਕੀਤੇ ਹਨ। ਸ਼ਾਹਬਾਜ਼ ਨੂੰ ਪਾਕਿਸਤਾਨ ਨੇ ਦੋ ਵੱਡੇ ਸਨਮਾਨ 'ਪਰਾਈਡ ਆਫ਼ ਪਾਕਿਸਤਾਨ' ਅਤੇ 'ਹਿਲਾਲ-ਏ-ਪਾਕਿਸਤਾਨ' ਨਾਲ ਸ਼ਾਹਬਾਜ਼ ਨੂੰ ਨਿਵਾਜ਼ਿਆ ਹੈ।

ਸ਼ਾਹਬਾਜ਼ ਦਾ ਜਨਮ 1 ਸਤੰਬਰ 1968 ਨੂੰ ਲਹਿੰਦੇ ਪੰਜਾਬ ਦੇ ਲਾਇਲਪੁਰ ਵਿਖੇ ਹੋਇਆ, ਜਿਸ ਨੂੰ ਹੁਣ ਫੈਸਲਾਬਾਦ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ਼ਾਹਬਾਜ਼ 17 ਵਰ੍ਹਿਆਂ ਦੀ ਉਮਰੇ ਹਾਲੈਂਡ ਖਿਲਾਫ ਪਹਿਲੀ ਵਾਰ ਕੌਮਾਂਤਰੀ ਮੁਕਾਬਲੇ ਵਿੱਚ ਉਤਰਿਆ। 18 ਵਰ੍ਹਿਆਂ ਦੀ ਉਮਰੇ ਉਹ ਪਾਕਿਸਤਾਨ ਦੀ ਜੂਨੀਅਰ ਟੀਮ ਦੇ ਨਾਲ ਸੀਨੀਅਰ ਟੀਮ ਵੱਲੋਂ ਵੀ ਖੇਡਣ ਲੱਗ ਗਿਆ। 1986 ਵਿੱਚ ਉਸ ਨੇ ਪਹਿਲੀ ਵਾਰ ਸੀਨੀਅਰ ਟੀਮ ਵੱਲੋਂ ਚੈਂਪੀਅਨਜ਼ ਟਰਾਫ਼ੀ ਵਿੱਚ ਹਿੱਸਾ ਲਿਆ ਅਤੇ ਕਾਂਸੀ ਦਾ ਤਮਗ਼ਾ ਜਿੱਤਿਆ। ਸਿਓਲ ਏਸ਼ਿਆਈ ਖੇਡਾਂ ਵਿੱਚ ਹਿੱਸਾ ਲਿਆ, ਜਿੱਥੇ ਪਾਕਿਸਤਾਨ ਨੇ ਚਾਂਦੀ ਦਾ ਤਮਗ਼ਾ ਜਿੱਤਿਆ। 1987 ਵਿੱਚ ਉਸ ਨੇ ਜੂਨੀਅਰ ਏਸ਼ੀਆ ਕੱਪ ਖੇਡਿਆ, ਜਿਸ ਵਿੱਚ ਪਾਕਿਸਤਾਨ ਜੇਤੂ ਰਿਹਾ। ਵੀਹ ਵਰ੍ਹਿਆਂ ਦੀ ਉਮਰੇ ਸ਼ਾਹਬਾਜ਼ ਓਲੰਪੀਅਨ ਬਣ ਗਿਆ, ਜਦੋਂ ਉਸ ਨੇ 1988 ਵਿੱਚ ਸਿਓਲ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ।



ਅੱਸੀ ਦੇ ਦਹਾਕੇ ਵਿੱਚ ਵਿਸ਼ਵ ਹਾਕੀ ਵਿੱਚ ਭਾਰਤ ਤੇ ਪਾਕਿਸਤਾਨ ਦੀ ਚੜ੍ਹਤ ਖਤਮ ਹੋ ਗਈ ਸੀ। ਭਾਰਤ ਨੇ 1975 ਵਿੱਚ ਵਿਸ਼ਵ ਕੱਪ ਅਤੇ 1980 ਵਿੱਚ ਓਲੰਪਿਕ ਖੇਡਾਂ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ ਸੀ ਅਤੇ ਦੂਜੇ ਪਾਸੇ ਪਾਕਿਸਤਾਨ ਨੇ 1978 ਤੇ 1982 ਵਿੱਚ ਵਿਸ਼ਵ ਕੱਪ ਅਤੇ 1984 ਵਿੱਚ ਓਲੰਪਿਕ ਖੇਡਾਂ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ ਸੀ। ਇਸ ਤੋਂ ਬਾਅਦ ਦੋਵੇਂ ਮੁਲਕਾਂ ਦੀਆਂ ਟੀਮਾਂ ਵੱਡੇ ਵਿਸ਼ਵ ਮੁਕਾਬਲਿਆਂ ਵਿੱਚ ਸੰਘਰਸ਼ ਕਰਦੀਆਂ ਨਜ਼ਰ ਆਉਣ ਲੱਗੀਆਂ। 1988 ਦੀਆਂ ਸਿਓਲ ਓਲੰਪਿਕਸ ਵਿੱਚ ਪਾਕਿਸਤਾਨ ਟੀਮ ਪੰਜਵੇਂ ਸਥਾਨ ਉਤੇ ਆਈ। ਸ਼ਾਹਬਾਜ਼ ਨੇ ਤਿੰਨ ਗੋਲ ਕੀਤੇ। ਇਸੇ ਸਾਲ ਚੈਂਪੀਅਨਜ਼ ਟਰਾਫੀ ਵਿੱਚ ਉਸ ਨੇ ਪਾਕਿਸਤਾਨ ਤਰਫ਼ੋਂ ਚਾਂਦੀ ਦਾ ਤਮਗ਼ਾ ਜਿੱਤਿਆ। 1989 ਵਿੱਚ ਜੂਨੀਅਰ ਵਿਸ਼ਵ ਕੱਪ ਖੇਡਿਆ ਜਿਸ ਵਿੱਚ ਪਾਕਿਸਤਾਨ ਨੇ ਕਾਂਸੀ ਦਾ ਤਮਗ਼ਾ ਜਿੱਤਿਆ। ਇਸੇ ਸਾਲ ਨਵੀਂ ਦਿੱਲੀ ਵਿਖੇ ਏਸ਼ੀਆ ਕੱਪ ਖੇਡਿਆ ਜਿਸ ਵਿੱਚ ਪਾਕਿਸਤਾਨ ਨੇ ਫ਼ਾਈਨਲ ਵਿੱਚ ਭਾਰਤ ਨੂੰ 2-0 ਨਾਲ ਹਰਾ ਕੇ ਸੋਨੇ ਦਾ ਤਮਗ਼ਾ ਜਿੱਤਿਆ। ਇਸ ਜਿੱਤ ਵਿੱਚ ਇੱਕ ਗੋਲ ਸ਼ਾਹਬਾਜ਼ ਦਾ ਵੀ ਸੀ। 1982 ਦੀਆਂ ਏਸ਼ਿਆਈ ਖੇਡਾਂ ਦੀ ਫ਼ਾਈਨਲ ਵਿੱਚ ਹਾਰ ਤੋਂ ਬਾਅਦ ਭਾਰਤ ਲਈ 1989 ਵਿੱਚ ਨਵੀਂ ਦਿੱਲੀ ਵਿਖੇ ਹੀ ਏਸ਼ੀਆ ਦੇ ਟੂਰਨਾਮੈਂਟ ਦੇ ਫ਼ਾਈਨਲ ਵਿੱਚ ਪਾਕਿਸਤਾਨ ਹੱਥੋਂ ਇਹ ਦੂਜੀ ਹਾਰ ਸੀ।

1990 ਵਿੱਚ ਬੀਜਿੰਗ ਵਿਖੇ ਏਸ਼ਿਆਈ ਖੇਡਾਂ ਵਿੱਚ ਪਾਕਿਸਤਾਨ ਨੇ ਸੋਨੇ ਦਾ ਤਮਗ਼ਾ ਜਿੱਤਿਆ, ਇਸ ਜਿੱਤ ਵਿੱਚ ਸ਼ਾਹਬਾਜ਼ ਦਾ ਅਹਿਮ ਯੋਗਦਾਨ ਸੀ। ਇਸੇ ਸਾਲ ਲਾਹੌਰ ਵਿਖੇ ਵਿਸ਼ਵ ਕੱਪ ਖੇਡਿਆ, ਜਿਸ ਵਿੱਚ ਪਾਕਿਸਤਾਨ ਦੀ ਟੀਮ ਨੇ ਅੱਠ ਵਰ੍ਹਿਆਂ ਬਾਅਦ ਫ਼ਾਈਨਲ ਖੇਡਿਆ। ਆਪਣੇ ਦਰਸ਼ਕਾਂ ਸਾਹਮਣੇ ਪਾਕਿਸਤਾਨ ਟੀਮ ਵਿਸ਼ਵ ਕੱਪ ਨਾ ਜਿੱਤ ਸਕੀ ਅਤੇ ਉਪ ਜੇਤੂ ਰਹਿ ਕੇ ਸਬਰ ਕਰਨਾ ਪਿਆ। ਸ਼ਾਹਬਾਜ਼ ਦੀ ਖੇਡ ਬਹੁਤ ਸਲਾਹੀ ਗਈ। ਉਸ ਨੇ ਕੁੱਲ ਚਾਰ ਗੋਲ ਵੀ ਕੀਤੇ। ਸ਼ਾਹਬਾਜ਼ ਨੂੰ ਵਿਸ਼ਵ ਕੱਪ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ ਅਤੇ ਬੀ.ਐਮ.ਡਬਲਿਊ. ਟਰਾਫੀ ਵੀ ਮਿਲੀ। ਇਸੇ ਸਾਲ ਚੈਂਪੀਅਨਜ਼ ਟਰਾਫ਼ੀ ਵਿੱਚ ਸ਼ਾਹਬਾਜ਼ ਨੇ ਪਾਕਿਸਤਾਨ ਲਈ ਕਾਂਸੀ ਦਾ ਤਮਗ਼ਾ ਜਿੱਤਿਆ।


ਇਸ ਤੋਂ ਬਾਅਦ ਪਾਕਿਸਤਾਨ ਹਾਕੀ ਦੀ ਕਪਤਾਨੀ ਸ਼ਾਹਬਾਜ਼ ਨੂੰ ਸੌਂਪੀ ਗਈ। ਫੇਰ ਕੀ ਸੀ, ਪਾਕਿਸਤਾਨ ਹਾਕੀ ਦੇ ਦਿਨ ਫਿਰ ਗਏ। ਸ਼ਾਹਬਾਜ਼ ਨੇ ਜਰਨੈਲਾਂ ਵਾਂਗ ਟੀਮ ਦੀ ਅਗਵਾਈ ਕਰਦਿਆਂ ਦੂਜੀਆਂ ਟੀਮਾਂ ਉਤੇ ਅਜਿਹੇ ਹੱਲੇ ਬੋਲੇ ਕਿ ਫੇਰ ਪਾਕਿਸਤਾਨ ਹਾਕੀ ਵਿਸ਼ਵ ਹਾਕੀ ਦੀਆਂ ਸੁਰਖੀਆਂ ਵਿੱਚ ਆ ਗਈ। 1992 ਬਾਰਸੀਲੋਨਾ ਓਲੰਪਿਕ ਖੇਡਾਂ ਵਿੱਚ ਸ਼ਾਹਬਾਜ਼ ਦੀ ਕਪਤਾਨੀ ਵਿੱਚ ਪਾਕਿਸਤਾਨ ਨੇ ਫ਼ਾਈਨਲ ਵਿੱਚ ਦਾਖਲਾ ਪਾਇਆ ਅਤੇ ਚਾਂਦੀ ਦਾ ਤਮਗ਼ਾ ਜਿੱਤਿਆ। 1994 ਵਿੱਚ ਏਸ਼ਿਆਈ ਖੇਡਾਂ ਵਿੱਚ ਪਾਕਿਸਤਾਨ ਨੇ ਕਾਂਸੀ ਦਾ ਤਮਗ਼ਾ ਜਿੱਤਿਆ। 1994 ਵਿੱਚ ਲਾਹੌਰ ਵਿਖੇ ਚੈਂਪੀਅਨਜ਼ ਟਰਾਫੀ ਖੇਡੀ ਗਈ, ਜਿਸ ਵਿੱਚ ਪਾਕਿਸਤਾਨ ਨੇ ਸ਼ਾਹਬਾਜ਼ ਦੀ ਕਪਤਾਨੀ ਵਿੱਚ ਚੈਂਪੀਅਨ ਰਹਿੰਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਇਸ ਜਿੱਤ ਵਿੱਚ ਸ਼ਾਹਬਾਜ਼ ਵੱਲੋਂ ਫ਼ਾਈਨਲ ਵਿੱਚ ਕੀਤੇ ਗੋਲ ਸਮੇਤ ਪੰਜ ਗੋਲਾਂ ਦਾ ਵੱਡਾ ਯੋਗਦਾਨ ਸੀ। ਇਸੇ ਸਾਲ ਸਿਡਨੀ ਵਿਖੇ ਵਿਸ਼ਵ ਕੱਪ ਖੇਡਿਆ ਗਿਆ। ਪਾਕਿਸਤਾਨ ਦੀ ਟੀਮ ਪਿਛਲੇ ਲਾਹੌਰ ਵਿਸ਼ਵ ਕੱਪ ਵਿੱਚ ਉਪ ਜੇਤੂ ਰਹਿਣ ਕਰਕੇ ਜ਼ਖ਼ਮੀ ਸ਼ੇਰ ਵਾਂਗ ਮੈਦਾਨ ਵਿੱਚ ਕੁੱਦੀ। ਸ਼ਾਹਬਾਜ਼ ਦੀ ਅਗਵਾਈ ਵਿੱਚ ਪਾਕਿਸਤਾਨ ਟੀਮ ਮੰਜ਼ਿਲਾਂ ਸਰ ਕਰਦੀ ਹੋਈ ਫ਼ਾਈਨਲ ਤੱਕ ਅੱਪੜ ਗਈ। ਹਾਲੈਂਡ ਖਿਲਾਫ ਫ਼ਾਈਨਲ ਵਿੱਚ ਨਿਰਧਾਰਤ ਸਮੇਂ ਵਿੱਚ ਸਕੋਰ 1-1 ਨਾਲ ਬਰਾਬਰ ਰਹਿ ਗਿਆ। ਇਸ ਤੋਂ ਬਾਅਦ ਟਾਈਬ੍ਰੇਕਰ ਵਿੱਚ ਪਾਕਿਸਤਾਨ ਵੱਲੋਂ ਸਭ ਤੋਂ ਪਹਿਲਾਂ ਪੈਨਲਟੀ ਸਟਰੋਕ ਸਾਹਬਾਜ਼ ਨੇ ਲਗਾ ਕੇ ਅਜਿਹਾ ਸ਼ੁਭ ਮੁਹਰਤ ਕੀਤਾ ਕਿ ਪਾਕਿਸਤਾਨ ਨੇ 4-3 ਨਾਲ ਫ਼ਾਈਨਲ ਜਿੱਤ ਕੇ ਚੌਥੀ ਵਾਰ ਵਿਸ਼ਵ ਕੱਪ ਜਿੱਤਿਆ। ਪਾਕਿਸਤਾਨ ਨੂੰ ਸਭ ਤੋਂ ਵੱਧ ਵਿਸ਼ਵ ਕੱਪ ਜਿਤਾਉਣ ਦਾ ਸਿਹਰਾ ਸ਼ਾਹਬਾਜ਼ ਦੇ ਸਿਰ ਬੰਨ੍ਹਿਆ ਗਿਆ, ਜਿਸ ਨੂੰ ਲਗਾਤਾਰ ਦੂਜੀ ਵਾਰ ਵਿਸ਼ਵ ਕੱਪ ਦਾ ਸਰਵੋਤਮ ਖਿਡਾਰੀ ਵੀ ਚੁਣਿਆ ਗਿਆ। ਇਹ ਖਿਤਾਬ ਦੋ ਵਾਰ ਹਾਸਲ ਕਰਨ ਵਾਲਾ ਉਹ ਵਿਸ਼ਵ ਹਾਕੀ ਦਾ ਇਕਲੌਤਾ ਖਿਡਾਰੀ ਹੈ। ਦੁਨੀਆਂ ਵਿੱਚ ਸ਼ਾਹਬਾਜ਼-ਸ਼ਾਹਬਾਜ਼ ਹੋ ਗਈ। ਪਾਕਿਸਤਾਨ ਹਾਕੀ ਪ੍ਰੇਮੀਆਂ ਦਾ ਉਹ ਅੱਖਾਂ ਦਾ ਤਾਰਾ ਬਣ ਗਿਆ। ਇਹ ਸ਼ਾਹਬਾਜ਼ ਤੇ ਪਾਕਿਸਤਾਨ ਦੀ ਹਾਕੀ- ਦੋਵਾਂ ਦਾ ਸਿਖਰ ਸੀ। ਸ਼ਾਹਬਾਜ਼ ਨੇ ਇਸ ਤੋਂ ਬਾਅਦ 1998 ਤੇ 2002 ਵਿੱਚ ਦੋ ਹੋਰ ਵਿਸ਼ਵ ਕੱਪ ਖੇਡੇ ਅਤੇ 1996 ਵਿੱਚ ਐਟਲਾਂਟਾ ਓਲੰਪਿਕ ਖੇਡਾਂ ਵਿੱਚ ਵੀ ਹਿੱਸਾ ਲਿਆ। ਸ਼ਾਹਬਾਜ਼ ਨੇ 1995 ਵਿੱਚ ਚੈਂਪੀਅਨਜ਼ ਟਰਾਫ਼ੀ ਖੇਡਦਿਆਂ ਪਾਕਿਸਤਾਨ ਲਈ ਕਾਂਸੀ ਦਾ ਤਮਗ਼ਾ ਜਿੱਤਿਆ।

ਸ਼ਾਹਬਾਜ਼ ਦਾ ਗੇਂਦ ਉਪਰ ਜ਼ਬਰਦਸਤ ਕੰਟਰੋਲ ਅਤੇ ਬਾਲ ਲੈ ਕੇ ਖੂਬਸੂਰਤ ਡਰਿਬਲਿੰਗ ਕਰਦਿਆਂ ਤੇਜ਼ ਦੌੜਨ ਦੀ ਮੁਹਾਰਤ ਸਦਕਾ ਵਿਰੋਧੀ ਡਿਫੈਂਡਰ ਹਮੇਸ਼ਾ ਉਸ ਤੋਂ ਡਰਦੇ ਸਨ। ਉਸ ਵਿੱਚ ਗਜ਼ਬ ਦੀ ਤੇਜ਼ੀ ਸੀ। ਇਕੇਰਾਂ 1998 ਵਿਸ਼ਵ ਕੱਪ ਵਿੱਚ ਉਹ ਹਾਫ਼ ਲਾਈਨ ਤੋਂ ਬਾਲ ਲੈ ਕੇ ਅਜਿਹਾ ਤੇਜ਼ੀ ਨਾਲ ਦੌੜਦਾ ਹਾਲੈਂਡ ਦੀ ਡੀ ਅੰਦਰ ਦਾਖਲ ਹੋਇਆ ਅਤੇ ਫੇਰ ਕਾਮਰਾਨ ਅਸ਼ਰਫ਼ ਨੂੰ ਮਿਣ ਕੇ ਪਾਸ ਦਿੱਤਾ, ਜਿਸ ਉਪਰ ਕਾਮਰਾਨ ਨੇ ਗੋਲ ਕਰਨ ਵਿੱਚ ਕੋਈ ਗਲਤੀ ਨਾ ਕੀਤੀ। ਇਹ ਵੀਡਿਓ ਸੋਸ਼ਲ ਮੀਡੀਆ ਉਪਰ ਬਹੁਤ ਵਾਇਰਲ ਹੈ। ਵੈਸੇ ਵੀ ਸ਼ਾਹਬਾਜ਼ ਡਰਿਬਲਿੰਗ ਕਰਦਾ ਹਵਾ ਨਾਲ ਗੱਲਾਂ ਕਰਦਾ ਵਿਰੋਧੀ ਪਾਲੇ ਵਿੱਚ ਦਾਖਲ ਹੁੰਦਾ ਸੀ। ਸ਼ਾਹਬਾਜ਼ ਦਾ ਸਟਿੱਕ ਵਰਕ ਅਤੇ ਵਿਰੋਧੀ ਖਿਡਾਰੀ ਨੂੰ ਡੌਜ਼ ਦੇਣ ਦੀ ਕਲਾ ਦੇ ਹਾਕੀ ਪ੍ਰੇਮੀ ਬਹੁਤ ਦੀਵਾਨੇ ਸਨ। ਭਾਰਤੀ ਸਟਾਰ ਫਾਰਵਰਡ ਖਿਡਾਰੀ ਧਨਰਾਜ ਪਿੱਲੈ ਨੇ ਇੱਕ ਵਾਰ ਆਖਿਆ ਸੀ ਕਿ ਜੇਕਰ ਉਹ ਤੇ ਸ਼ਾਹਬਾਜ਼ ਇੱਕੋ ਟੀਮ ਵੱਲੋਂ ਖੇਡਦੇ ਹੁੰਦੇ ਤਾਂ ਵਿਸ਼ਵ ਦੀ ਕੋਈ ਵੀ ਡਿਫੈਂਸ ਉਨ੍ਹਾਂ ਨੂੰ ਮਾਤ ਨਾ ਦੇ ਸਕਦੀ।

ਸ਼ਾਹਬਾਜ਼ ਭਾਰਤ ਦੇ ਸੁਰਿੰਦਰ ਸਿੰਘ ਸੋਢੀ ਅਤੇ ਪਾਕਿਸਤਾਨ ਦੇ ਹਸਨ ਸਰਦਾਰ ਨੂੰ ਆਪਣਾ ਆਦਰਸ਼ ਮੰਨਦਾ ਸੀ। ਉਸ ਦੇ ਸਮਕਾਲੀ ਭਾਰਤੀ ਫੁੱਲਬੈਕ ਪਰਗਟ ਸਿੰਘ ਨੇ ਦੋਸਤੀ ਵੀ ਬਹੁਤ ਸੀ ਅਤੇ ਖੇਡ ਮੈਦਾਨ ਉਪਰ ਦੋਵਾਂ ਦੀ ਇੱਕ-ਦੂਜੇ ਨੂੰ ਝਕਾਨੀ ਦੇਣ ਦੀ ਕਲਾ ਦੇ ਹਾਕੀ ਪ੍ਰੇਮੀ ਦੀਵਾਨੇ ਵੀ ਸਨ। ਸ਼ਾਹਬਾਜ਼ ਨੇ ਯੂਰਪੀਅਨ ਲੀਗਾਂ ਵਿੱਚ ਡੱਚ ਤੇ ਜਰਮਨ ਦੇ ਕਲੱਬਾਂ ਵੱਲੋਂ ਵੀ ਹਾਕੀ ਖੇਡੀ ਹੈ। ਖਿਡਾਰੀ ਤੋਂ ਬਾਅਦ ਕੋਚ ਅਤੇ ਪਾਕਿਸਤਾਨ ਹਾਕੀ ਫੈਡਰੇਸ਼ਨ ਦੇ ਆਫ਼ੀਸ਼ਲ ਦੇ ਅਹੁਦੇਦਾਰ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ। ਸ਼ਾਹਬਾਜ਼ ਪਾਕਿਸਤਾਨ ਏਅਰਲਾਈਨਜ਼ ਦਾ ਅਧਿਕਾਰੀ ਹੈ। ਪਾਕਿਸਤਾਨ ਦਾ ਸਾਬਕਾ ਕਪਤਾਨ ਤੇ ਕੋਚ ਤਾਹਿਰ ਜ਼ਮਾਂ ਉਸ ਦਾ ਸਾਢੂ ਹੈ। ਤਾਹਿਰ ਟੋਭਾ ਟੇਕ ਸਿੰਘ ਤਹਿਸੀਲ ਦੇ ਪਿੰਡ ਗੋਜਰਾ ਦਾ ਹੈ, ਜਿਸ ਨੂੰ ਪਾਕਿਸਤਾਨ ਵਿੱਚ ਭਾਰਤ ਦੇ ਸੰਸਾਰਪੁਰ ਵਾਂਗ ਹਾਕੀ ਵਿੱਚ ਰੁਤਬਾ ਹਾਸਲਾ ਹੈ। ਸ਼ਾਹਬਾਜ਼ ਹਮੇਸ਼ਾ ਹੀ ਸੰਸਾਰਪੁਰ ਤੇ ਗੋਜਰਾ ਦੀ ਹਾਕੀ ਨੂੰ ਦੇਣ ਨੂੰ ਸਿਜਦਾ ਕਰਦਾ ਹੈ। ਸ਼ਾਹਬਾਜ਼ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਨੇ ਅਜਿਹਾ ਖਿਡਾਰੀ ਨਾ ਪੈਦਾ ਕੀਤਾ, ਜਿਸ ਨੇ ਆਪਣੇ ਦਮ ਉਤੇ ਦੇਸ਼ ਨੂੰ ਵਿਸ਼ਵ ਜਾਂ ਓਲੰਪਿਕ ਚੈਂਪੀਅਨ ਬਣਾਇਆ ਹੋਵੇ।


# ਹਾਕੀ ਇੰਡੀਆ ਪਲੇਅਰ ਅਵਾਰਡਜ਼

ਸ੍ਰੀਜੇਸ਼ ਨੇ ਹੱਥ ਹਾਕੀ ਚੁੱਕਣ ਤੋਂ ਪਹਿਲਾਂ ਫੱਰਾਟਾ ਦੌੜਾਕ ਅਤੇ ਲੌਂਗ ਜੰਪਰ ਬਣਨ ਤੋਂ ਇਲਾਵਾ ਵਾਲੀਬਾਲ ਖੇਡਣ 'ਤੇ ਵੀ ਹੱਥ ਅਜ਼ਮਾਇਆ, ਪਰ ਆਖਰਕਾਰ ਹਾਕੀ ਖੇਡਣੀ ਹੀ ਰਾਸ ਆਈ। ਕੌਮੀ ਹਾਕੀ ਟੀਮ ਦੇ ਗੋਲ ਦੀ 208 ਕੌਮਾਂਤਰੀ ਹਾਕੀ ਮੈਚਾਂ 'ਚ ਰਾਖੀ ਕਰ ਚੁੱਕੇ ਸਾਬਕਾ ਕਪਤਾਨ ਸ੍ਰੀਜੇਸ਼ ਨੂੰ 2004 'ਚ ਪਰਥ 'ਚ ਜੂਨੀਅਰ ਕੌਮੀ ਹਾਕੀ ਟੀਮ ਨਾਲ ਆਸਟਰੇਲੀਆ ਵਿਰੁੱਧ ਪਹਿਲੀ ਵਾਰ ਕੌਮਾਂਤਰੀ ਹਾਕੀ ਮੈਚ ਖੇਡਣ ਦਾ ਮੌਕਾ ਨਸੀਬ ਹੋਇਆ। ਕੌਮੀ ਹਾਕੀ ਟੀਮ ਦੇ ਗੋਲ ਦੀ 308 ਕੌਮਾਂਤਰੀ ਮੈਚਾਂ 'ਚ ਰਾਖੀ ਕਰਨ ਦਾ ਕ੍ਰਿਸ਼ਮਾ ਕਰ ਚੁੱਕੇ ਗੋਲਚੀ ਪੀ.ਆਰ. ਸ੍ਰੀਜੇਸ਼ ਨੂੰ ਤਿੰਨ ਵਾਰ ਓਲੰਪਿਕ ਹਾਕੀ, ਤਿੰਨ ਵਾਰ ਏਸ਼ੀਅਨ ਗੇਮਜ਼, ਪੰਜ ਵਾਰ ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫੀ, ਦੋ ਵਾਰ ਰਾਸ਼ਟਰਮੰਡਲ ਖੇਡਾਂ ਤੇ ਦੋ ਵਾਰ ਹੀ ਵਿਸ਼ਵ ਹਾਕੀ ਚੈਂਪੀਅਨਜ਼ ਟਰਾਫੀ 'ਚ ਇੰਡੀਅਨ ਹਾਕੀ ਟੀਮ ਪ੍ਰਤੀਨਿਧਤਾ ਕਰਨ ਦਾ ਹੱਕ ਹਾਸਲ ਹੈ।



2008 'ਚ ਜੂਨੀਅਰ ਏਸ਼ੀਆ ਹਾਕੀ ਕੱਪ ਜੇਤੂ ਟੀਮ ਦੀ ਨੁਮਾਇੰਦਗੀ ਕਰਨ ਵਾਲੇ ਸ੍ਰੀਜੇਸ਼ ਨੂੰ ਰੀਓ-2016 'ਚ ਕੌਮੀ ਹਾਕੀ ਟੀਮ ਦਾ ਕਪਤਾਨ ਥਾਪਿਆ ਗਿਆ। ਲੰਡਨ-2012 ਤੇ ਰੀਓ-2016 ਓਲੰਪਿਕ ਹਾਕੀ 'ਚ ਮੈਦਾਨ 'ਚ ਨਿੱਤਰ ਚੁੱਕੇ ਸ੍ਰੀਜੇਸ਼ ਨੂੰ ਟੋਕੀਓ-2022 'ਚ ਤਾਂਬੇ ਦਾ ਤਗਮਾ ਜਿੱਤਣ ਵਾਲੀ ਹਾਕੀ ਟੀਮ ਦੀ ਨੁਮਾਇੰਦਗੀ ਕਰਨ ਦਾ ਰੁਤਬਾ ਹਾਸਲ ਹੋਇਆ ਹੈ। ਹੇਗ-2014, ਭੁਵਨੇਸ਼ਵਰ-2018 ਤੇ ਭੁਵਨੇਸ਼ਵਰ-ਰੁੜਕੇਲਾ ਵਿਸ਼ਵ ਹਾਕੀ ਕੱਪ-2022 'ਚ ਕੌਮੀ ਹਾਕੀ ਟੀਮ ਦੇ ਗੋਲ ਦੀ ਰਾਖੀ ਕਰ ਚੁੱਕੇ ਸ੍ਰੀਜੇਸ਼ ਦਾ ਪੂਰਾ ਨਾਮ ਪਰਾਤੂ ਰਵਿੰਦਰਨ ਸ੍ਰੀਜੇਸ਼ ਹੈ। ਇੰਚਿਓਨ-2014 ਦੀਆਂ ਏਸ਼ੀਅਨ ਗੇਮਜ਼ ਦੇ ਫਾਈਨਲ 'ਚ ਟਾਈਬਰੇਕਰ ਦੌਰਾਨ ਪਾਕਿਸਤਾਨੀ ਖਿਡਾਰੀਆਂ ਦੇ ਗੋਲ ਕਰਨ ਦੇ ਮੂਵ ਠੁੱਸ ਕਰਕੇ ਦੇਸ਼ ਨੂੰ ਤੀਜੀ ਵਾਰ ਏਸ਼ਿਆਈ ਹਾਕੀ ਦਾ ਸੋਨ ਤਗਮਾ ਜਿੱਤਾਉਣ ਵਾਲੇ ਸ੍ਰੀਜੇਸ਼ ਨੂੰ ਚੈਂਪੀਅਨਜ਼ ਹਾਕੀ ਟਰਾਫੀ ਦੇ ਦੋ ਅਡੀਸ਼ਨਾਂ ਲੰਡਨ-2016 ਅਤੇ ਹਾਲੈਂਡ-2018 'ਚ ਦੋਵੇਂ ਵਾਰ ਸਿਲਵਰ ਮੈਡਲ ਜੇਤੂ ਟੀਮ ਦੀ ਗੋਲਚੀ ਬਣਨ ਦਾ ਮਾਣ ਹਾਸਲ ਹੋਇਆ। 2008 'ਚ ਹਾਕੀ ਟੀਮ ਨੂੰ ਜੂਨੀਅਰ ਏਸ਼ੀਆ ਹਾਕੀ ਕੱਪ 'ਚ ਜੇਤੂ ਮੰਚ 'ਤੇ ਲੈਜਾਣ 'ਚ ਅਹਿਮ ਭੂਮਿਕਾ ਅਦਾ ਕਰਨ ਵਾਲੇ ਸ੍ਰੀਜੇਸ਼ ਨੂੰ 'ਬੈਸਟ ਗੋਲਕੀਪਰ ਆਫ ਦਿ ਟੂਰਨਾਮੈਂਟ' ਦਾ ਖਿਤਾਬ ਦਿੱਤਾ ਗਿਆ। ਕੇਰਲਾ ਸਰਕਾਰ ਦੇ ਐਜੂਕੇਸ਼ਨ ਵਿਭਾਗ 'ਚ 'ਚੀਫ ਸਪੋਰਟਸ ਆਗੇਨਾਈਜ਼ਰ' ਅਹੁਦੇ 'ਤੇ ਤਾਇਨਾਤ ਸ੍ਰੀਜੇਸ਼ ਜਕਾਰਤਾ-2018 'ਚ ਤਾਂਬੇ ਦਾ ਤਗਮਾ, ਗਲਾਸਗੋ ਕਾਮਨਵੈਲਥ ਗੇਮਜ਼ 'ਚ ਸਿਲਵਰ ਮੈਡਲ ਜੇਤੂ ਅਤੇ ਭੁਵਨੇਸ਼ਵਰ 'ਚ ਖੇਡੇ ਗਏ ਵਰਲਡ ਹਾਕੀ ਲੀਗ-2015 'ਚ ਤਾਂਬੇ ਦਾ ਤਗਮਾ ਜੇਤੂ ਟੀਮਾਂ ਦੇ ਗੋਲਾਂ ਦੀ ਬਾਖ਼ੂਬੀ ਰਾਖੀ ਕਰਨ ਦਾ ਹੱਕ ਵੀ ਹਾਸਲ ਹੈ। ਲੰਡਨ-2014 ਚੈਂਪੀਅਨਜ਼ ਹਾਕੀ ਟਰਾਫੀ 'ਚ ਐਫ.ਆਈ.ਐਚ. ਵੱਲੋਂ 'ਬੈਸਟ ਗੋਲਕੀਪਰ ਆਫ ਦਿ ਟੂਰਨਾਮੈਂਟ' ਦਾ ਮਾਣ ਹਾਸਲ ਕਰਨ ਵਾਲੇ ਸ੍ਰੀਜੇਸ਼ ਨੂੰ ਇੰਚਿਓਨ-2014 ਤੇ ਹਾਂਗਜ਼ੂ-2022 ਏਸ਼ੀਅਨ ਖੇਡਾਂ 'ਚ ਗੋਲਡ ਮੈਡਲ ਤੇ ਜਕਾਰਤਾ-2018 ਖੇਡਾਂ 'ਚ ਤਾਂਬੇ ਦਾ ਤਗਮਾ ਜਿੱਤਣ ਤੋਂ ਇਲਾਵਾ ਪੰਜ ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫੀਆਂ 'ਚ ਓਡੋਸ ਸਿਟੀ-2011, ਕੌਅੰਟਨ-2016, ਮਸਕਟ-2018 ਤੇ ਚੇਨਈ-2023 'ਚ ਚਾਰ ਗੋਲਡ ਮੈਡਲ ਤੇ ਦੋਹਾ-2012 'ਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਇੰਡੀਅਨ ਹਾਕੀ ਟੀਮ ਨਾਲ ਖੇਡਣ ਦਾ ਹੱਕ ਹਾਸਲ ਹੈ।

## ਕੌਮਾਂਤਰੀ ਹਾਕੀ ਖਿਡਾਰੀ ਅਭਿਸ਼ੇਕ



ਹਾਕੀ ਇੰਡੀਆ ਵੱਲੋਂ ਹਾਕੀ ਖਿਡਾਰੀ ਅਭਿਸ਼ੇਕ ਨੂੰ 'ਧਨਰਾਜ ਪਿਲੈ ਬੈਸਟ ਸਟਰਾਈਕਰ ਆਫ ਦਿ ਯੀਅਰ' ਦੇ ਅਵਾਰਡਜ਼ ਨਾਲ ਸਨਮਾਨਤ ਕਰਕੇ 5 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ। 15 ਅਗਸਤ 1999 'ਚ ਜਨਮਿਆ ਅਭਿਸ਼ੇਕ ਰਾਸ਼ਟਰੀ ਹਾਕੀ 'ਚ ਪੰਜਾਬ ਨੈਸ਼ਨਲ ਬੈਂਕ ਦੀ ਟੀਮ ਦੀ ਪ੍ਰਤੀਨਿਧਤਾ ਕਰਦਾ ਹੈ। ਕੌਮਾਂਤਰੀ ਹਾਕੀ 'ਚ 55 ਮੈਚਾਂ 'ਚ 27 ਗੋਲ ਸਕੋਰ ਕਰਨ ਵਾਲੇ ਅਭਿਸ਼ੇਕ ਨੂੰ ਹਾਂਗਜ਼ੂ-2022 ਏਸ਼ੀਅਨ ਗੇਮਜ਼ 'ਚ ਸੋਨ ਤਗਮਾ ਜੇਤੂ ਤੇ ਬਰਮਿੰਘਮ-2022 ਦੀਆਂ ਰਾਸ਼ਟਰਮੰਡਲ ਖੇਡਾਂ 'ਚ ਚਾਂਦੀ ਦਾ ਮੈਡਲ ਜਿੱਤਣ ਵਾਲੀ ਹਾਕੀ ਟੀਮ ਦੀ ਨੁਮਾਇੰਦਗੀ ਕਰਨ ਦਾ ਮਾਣ ਹਾਸਲ ਹੈ।

## ਕੌਮਾਂਤਰੀ ਖਿਡਾਰੀ ਅਰਾਇਜੀਤ ਸਿੰਘ



ਹਾਕੀ ਇੰਡੀਆ ਵੱਲੋਂ ਸੀਨੀਅਰ ਕੌਮੀ ਹਾਕੀ ਟੀਮ ਦੇ ਖਿਡਾਰੀ ਅਰਾਇਜੀਤ ਸਿੰਘ ਹੁੰਦਲ ਨੂੰ ਅੱਪਕਮਿੰਗ 'ਜੁਗਰਾਜ ਸਿੰਘ ਡਰੈਗ ਫਲਿੱਕਰ' ਦਾ ਸਨਮਾਨ ਦਿੱਤਾ ਗਿਆ ਹੈ। 21 ਜਨਵਰੀ 2004 'ਚ ਜਨਮੇ ਅਰਾਇਜੀਤ ਸਿੰਘ ਨੂੰ ਇਸ ਅਵਾਰਡ 'ਚ 10 ਲੱਖ ਰੁਪਏ ਦਿੱਤੇ ਗਏ ਹਨ।

## ਕੌਮਾਂਤਰੀ ਹਾਕੀ ਖਿਡਾਰਨ ਸੋਰੇਂਗ




ਹਾਕੀ ਇੰਡੀਆ ਵੱਲੋਂ ਅੰਡਰ-21 ਜੂਨੀਅਰ ਮਹਿਲਾ ਹਾਕੀ ਖਿਡਾਰਨ ਦੀਪਿਕਾ ਸੋਰੇਂਗ ਨੂੰ 'ਅਸੁੰਤਾ ਲਾਕੜਾ ਅੱਪਕਮਿੰਗ ਮਹਿਲਾ ਹਾਕੀ ਪਲੇਅਰ' ਦਾ ਅਵਾਰਡ ਦਿੱਤਾ ਗਿਆ ਹੈ। 17 ਦਸੰਬਰ 2003 'ਚ ਜਨਮੀ ਦੀਪਿਕਾ ਸੋਰੇਂਗ ਨੂੰ ਇਸ ਅਵਾਰਡ ਨਾਲ 10 ਲੱਖ ਦੀ ਰਾਸ਼ੀ ਵੀ ਦਿੱਤੀ ਗਈ।

ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ)

# Sher-E-Punjab

Sports & Cultural Society Cincinnati (OHIO)

WE SUPPORT OUR FARMERS
NO FARMERS NO FOOD

## ਸਮੂਹ ਸਿੱਖ ਭਾਈਚਾਰੇ ਅਤੇ ਖੇਡ ਪ੍ਰੇਮੀਆਂ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਵਸ ਦੀ

# ਲੱਖ-ਲੱਖ ਵਧਾਈ

## ਖੁਸ਼ੀਆਂ ਤੇ ਉਤਸ਼ਾਹ ਭਰਿਆ ਵਿਸਾਖੀ ਦਾ ਤਿਓਹਾਰ ਸਭ ਨੂੰ ਮੁਬਾਰਕ

ਆਓ ! ਸਾਰੇ ਮਾਂ ਖੇਡ ਕਬੱਡੀ ਨੂੰ ਹੋਰ ਵਧੇਰੇ ਪ੍ਰਫੁਲਿਤ ਕਰਨ ਲਈ ਰਲ-ਮਿਲ ਕੇ ਨਵੇਂ ਉਤਸ਼ਾਹ ਨਾਲ ਕੰਮ ਕਰੀਏ। ਸ਼ੇਰ-ਏ-ਪੰਜਾਬ ਖੇਡ ਮੇਲਿਆਂ ਦੇ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ



Charanjit Singh Brar | Amrik Singh Tiwana | Harvinder Walia | Harinder Singh Kang | Gurpreet Singh Gill | Gurminder Sandhu | Palwinder Dhillon | Jaswant Singh Jassi | Vineet Gupta



Surjeet Singh Mavi | Amarjit Aggarwal | Pritampaul Singh | Paramjit Singh Garcha | Happy Matot | Narinder Pal Tatla | Gurnek Singh | Harvinder Kang Binda | Happy Mundi



Surinder Cheema | Sukhdev Singh Garcha | Surmukh Singh Kang | Pamma Dhilwan | Simranjit Malhi | Raj Sandhu | Surinder Pal | Guru Dharni | Goldi Mundi

**For More Information, Please contact at:**

Sherepunjabsociety@gmail.com or www.sherepunjabcincy.com

ਸਾਹਿਤਕ ਮੁਲਾਕਾਤ

ਦਿਲਜੀਤ ਸਿੰਘ ਬੇਦੀ
ਫੋਨ: +91-76579-68570



*ਸਾਹਿਤਕ ਹਲਕਿਆਂ ਵਿੱਚ ਸ. ਸੁਲੱਖਣ ਸਰਹੱਦੀ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਹ ਅਦਬੀ ਸਾਹਿਤਕਾਰਾਂ ਵਿੱਚੋਂ ਇੱਕ ਹਨ। ਜਿਨ੍ਹਾਂ ਨੇ ਉਨ੍ਹਾਂ ਦੀਆਂ ਲਿਖਤਾਂ ਪੜ੍ਹੀਆਂ ਹਨ ਜਾਂ ਜਿਹੜੇ ਉਨ੍ਹਾਂ ਦੇ ਕਰੀਬੀ ਰਹੇ ਹਨ, ਉਹ ਸੁਲੱਖਣ ਸਰਹੱਦੀ ਦੀ ਸ਼ਖਸੀਅਤ ਤੋਂ ਭਲੀਭਾਂਤ ਵਾਕਿਫ ਹਨ। ਨਾਮੀ ਲੇਖਕ ਸ. ਦਿਲਜੀਤ ਸਿੰਘ ਬੇਦੀ ਨੇ ਸ. ਸੁਲੱਖਣ ਸਰਹੱਦੀ ਨਾਲ ਇੱਕ ਲੰਮੀ ਸਾਹਿਤਕ ਮੁਲਾਕਾਤ ਕੀਤੀ ਹੈ। ਪੇਸ਼ ਹੈ, ਇਸ ਮੁਲਾਕਾਤ ਦਾ ਦੂਜਾ ਤੇ ਆਖਰੀ ਹਿੱਸਾ...*

# ਪੰਜਾਬੀ ਸਾਹਿਤ ਦੀਆਂ ਅਮੀਰ ਰਵਾਇਤਾਂ ਨੂੰ ਸਾਂਭਣ ਦਾ ਆਹਰ

## ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਤੇ ਸਾਹਿਤਕਾਰ: ਸੁਲੱਖਣ ਸਰਹੱਦੀ

**(ਪਹਿਲਾ ਹਿੱਸਾ ਪਿਛਲੇ ਅੰਕ ਵਿੱਚ ਪੜ੍ਹੋ)**

**9. ਤੁਸੀਂ 'ਚਿਰਾਗ' (ਤ੍ਰੈ-ਮਾਸਿਕ) ਸਾਹਿਤਕ ਮੈਗਜ਼ੀਨ ਤੇ ਪਾਕਿਸਤਾਨੀ ਪੰਜਾਬ ਸਰਕਾਰ ਦੇ ਸਰਕਾਰੀ ਪੰਜਾਬੀ ਪੇਪਰ 'ਪੰਜਾਬ ਰੰਗ' ਦੇ ਉਪ ਸੰਪਾਦਕ ਹੋ। ਸੰਪਾਦਨਾ ਦੇ ਕੁੱਝ ਯਾਦਗਾਰੀ ਅਨੁਭਵ ਸਾਂਝੇ ਕਰੋ?**

-'ਚਿਰਾਗ' ਸਾਹਿਤਕ ਤ੍ਰੈਮਾਸਿਕ ਇੱਕ ਮਿਆਰੀ ਰਸਾਲਾ ਹੈ, ਜਿਸਨੇ ਪਿਛਲੇ ਸਮੇਂ ਤੋਂ ਪੰਜਾਬੀ ਸਾਹਿਤ ਵਿੱਚ ਨਰੋਈਆਂ ਪਿਰਤਾਂ ਪਾਈਆਂ ਹਨ। ਅੱਜ ਕਲ੍ਹ ਪੰਜਾਬੀ ਦੇ ਮਿਆਰੀ ਸਾਹਿਤਕ ਰਸਾਲੇ ਨੂੰ ਚਲਾਉਣਾ ਸੌਖਾ ਨਹੀਂ ਹੈ। ਅਸੀਂ ਚਿਰਾਗ ਦੇ ਦੁਆਲੇ ਅਗਾਂਹਵਧੂ ਅਤੇ ਪਵਿੱਤਰ ਨਿਸ਼ਠਾ ਵਾਲੇ ਲੋਕਾਂ ਨੂੰ ਜੋੜਨ ਵਿੱਚ ਸਫਲ ਰਹੇ ਹਾਂ। ਇਹ ਤ੍ਰੈਮਾਸਿਕ ਨਿਰੋਲ ਪਾਠਕਾਂ ਦੇ ਚੰਦਿਆਂ ਦੇ ਹੀ ਸਿਰ 'ਤੇ ਚੱਲਦਾ ਹੈ। ਇਸ ਦੀ ਪਿੱਠ ਉੱਤੇ ਕੋਈ ਡਾਲਰਾਂ ਵਾਲੇ ਸ਼ਹਿਨਸ਼ਾਹ ਜਾਂ ਪੌਂਡਧਾਰੀ ਸੂਤਰਧਾਰ ਨਹੀਂ। ਅਸੀਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਤ੍ਰੈਮਾਸਿਕ ਰਾਹੀਂ ਤਰ ਰੱਖਣ ਦਾ ਯਤਨ ਕਰ ਰਹੇ ਹਾਂ, ਜਿਨ੍ਹਾਂ ਨਾਲ ਪੰਜਾਬੀ ਸਾਹਿਤ ਵਿੱਚੋਂ ਪ੍ਰਦੂਸ਼ਣ ਘੱਟ ਕੀਤਾ ਜਾ ਸਕੇ। ਅੱਜ ਰੁਪਈਆ ਆਪਣਾ ਕੱਦ ਹੋਰ ਨੀਵਾਂ ਕਰ ਗਿਆ ਤੇ ਪੌਂਡਾਂ ਵਾਲੇ ਧੜਾਧੜ ਰਸਾਲੇ ਕੱਢ ਰਹੇ ਹਨ ਅਤੇ ਖੇਹ-ਸੁਆਹ ਛਾਪ ਕੇ ਉਸ ਉੱਤੇ ਸਾਹਿਤ ਦੀ ਛਾਪ ਲਾ ਰਹੇ ਹਨ। ਇਹ ਸਰਮਾਇਆ ਲਾਉਣ ਵਾਲਿਆਂ ਦੇ ਰਿਮੋਟ ਹਨ। ਅੱਜ 80% ਪੰਜਾਬੀ ਪੁਸਤਕਾਂ ਤੇ ਰਸਾਲੇ ਪੌਂਡਾਂ ਤੇ ਡਾਲਰਾਂ ਦੀ ਮਾਰ ਹੇਠ ਹਨ:

ਪਹੁੰਚੇ ਆਣ ਵਲਾਇਤ ਵਿੱਚ ਵੱਜਾ ਪੌਂਡੀ ਦਾਅ
ਆਪਣਾ ਪਰਚਾ ਕੱਢੀਏ ਬਣ ਬਰਨਾਰਡ ਸ਼ਾਹ
ਆਪਣਾ ਪਰਚਾ ਕੱਢੀਏ ਛਾਪੀਏ ਖੇਹ ਸੁਆਹ
ਆਪਣੇ ਮਰਸੀਏ ਛਾਪੀਏ ਮਾਰੀਏ ਹੋਰ ਵਗਾਹ...

ਐਸੀ ਅਵਸਥਾ ਵਿੱਚ ਨਵੀਆਂ ਪੈੜਾਂ ਪਾਉਣਾ ਦੂਰ ਦੀ ਗੱਲ ਹੈ। ਹਾਂ, ਅਸੀਂ ਕੁਝ ਮਿੱਤਰ ਰਲ ਕੇ 'ਚਿਰਾਗ' ਰਾਹੀਂ ਪੰਜਾਬੀ ਸਾਹਿਤ ਦੀਆਂ ਸ਼ਾਨਦਾਰ ਤੇ ਜਾਨਦਾਰ ਅਮੀਰ ਰਵਾਇਤਾਂ ਨੂੰ ਸਾਂਭਣ ਦੇ ਆਹਰ ਵਿੱਚ ਹਾਂ।

ਮੈਂ ਜਦ ਪਾਕਿਸਤਾਨ ਗਿਆ ਸਾਂ, ਤਦ ਆਪਣੀਆਂ ਪੁਸਤਕਾਂ ਸ. ਦਿਆਲ ਸਿੰਘ ਮਜੀਠੀਆ ਲਾਇਬ੍ਰੇਰੀ ਨੂੰ ਭੇਟ ਕੀਤੀਆਂ। ਡਾ. ਜਫਰ ਚੀਮਾ ਇਸ ਸੰਸਥਾ (ਦਿਆਲ ਸਿੰਘ ਰੀਸਰਚ ਐਂਡ ਕਲਚਰਲ ਫੋਰਮ ਲਾਹੌਰ) ਦੇ ਡਾਇਰੈਕਟਰ ਨੇ ਜਦ ਇਹ ਪੁਸਤਕਾਂ ਵੇਖੀਆਂ ਤਾਂ ਉਹ ਮੁਤਾਸਰ ਹੋਏ। ਉਨ੍ਹਾਂ ਏਸੇ ਸਰਕਾਰੀ ਸੰਸਥਾ ਵੱਲੋਂ ਕੱਢੇ ਜਾਂਦੇ ਸਰਕਾਰੀ ਤਿਮਾਹੀ 'ਪੰਜਾਬ ਰੰਗ' ਦੀ ਮੈਨੂੰ ਸਹਾਇਕ ਐਡੀਟਰੀ ਦੀ ਪੇਸ਼ਕਸ਼ ਕੀਤੀ, ਜੋ ਮੈਂ ਸਵੀਕਾਰ ਕਰ ਲਈ। ਮੈਂ ਇਨ੍ਹਾਂ ਦੋਹਾਂ ਪਰਚਿਆਂ ਵਿੱਚ ਹੀ ਆਪਣੀ ਸ਼ਕਤੀ ਮੁਜ਼ਬ ਸਾਹਿਤਕ ਹਿੱਸਾ ਪਾਉਣ ਦੇ ਆਹਰ ਵਿੱਚ ਰਹਿੰਦਾ ਹਾਂ।

ਮੈਨੂੰ ਹੁਣੇ-ਹੁਣੇ ਕੈਨੇਡਾ ਤੋਂ ਨਵ ਪ੍ਰਕਾਸ਼ਤ ਸਾਹਿਤਕ ਮਹੀਨਾਵਾਰ 'ਨਵੀਂ ਦੁਨੀਆਂ' ਦਾ ਵੀ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ ਅਤੇ ਇੱਕ ਵੱਡਾ ਕਾਲਮ ਵੀ ਲਿਖਣ ਦੀ ਪੇਸ਼ਕਸ਼ ਹੈ। ਮੈਂ ਇਹ ਕਾਲਮ ਸ਼ੁਰੂ ਕਰ ਰਿਹਾ ਹਾਂ। ਮੈਂ ਚਾਹੁੰਦਾ ਹਾਂ ਕਿ ਪੰਜਾਬੀ ਗ਼ਜ਼ਲ ਵਿੱਚ ਬਿਹਤਰ ਲਿਖਣ ਵਾਲੇ ਗ਼ਜ਼ਲਕਾਰਾਂ ਸਬੰਧੀ ਮੈਂ ਇਸ ਕਾਲਮ ਵਿੱਚ ਲਿਖਾਂ।

ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਤਿੰਨਾਂ ਰਸਾਲਿਆਂ ਦੇ ਹੀ ਮੈਂ ਵਿਸ਼ੇਸ਼ ਗ਼ਜ਼ਲ ਅੰਕ ਸੰਪਾਦਤ ਕਰਾਂ। ਕਿਸੇ ਵੀ ਸੰਪਾਦਕ ਦੀ ਬੜੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਇਸ ਲਈ ਸੰਪਾਦਨਾ ਸੰਬੰਧੀ ਸਾਡੇ ਲੇਖਕਾਂ ਨੂੰ ਵੀ ਸੰਪਾਦਕਾਂ ਦੀਆਂ ਮਜ਼ਬੂਰੀਆਂ ਨੂੰ ਸਮਝਣਾ ਚਾਹੀਦਾ ਹੈ।

**10. 'ਸੁੱਚੇ ਤਿੱਲੇ ਦੀਆਂ ਤਾਰਾਂ' (ਪੰਜਾਬੀ ਗ਼ਜ਼ਲਕਾਰਾਂ) ਦੀ ਸੰਪਾਦਨਾ ਦਾ ਵਿਚਾਰ ਕਿਉਂ ਅਤੇ ਕਿਸ ਤਰ੍ਹਾਂ ਆਇਆ?**

-ਮੈਂ ਪਾਕਿਸਤਾਨ ਗਿਆ ਤਾਂ ਉਥੇ ਮੈਨੂੰ ਇੱਕ ਸਾਹਿਤਕਾਰ ਨੇ ਇੱਕ ਸੰਪਾਦਤ ਪੁਸਤਕ ਭੇਟ ਕੀਤੀ, ਜਿਹੜੀ ਉਰਦੂ ਅੱਖਰਾਂ ਵਿਚਲੀ ਪੰਜਾਬੀ ਵਿੱਚ ਸੀ। ਇਸ ਪੁਸਤਕ ਵਿੱਚ ਦੋਹਾਂ ਪੰਜਾਬਾਂ ਦੀਆਂ ਪੁਰਾਣੀਆਂ ਅਤੇ ਦੇਸ਼ ਵੰਡ ਤਕ ਦੀਆਂ ਨਵੀਆਂ ਕਵਿੱਤਰੀਆਂ ਦੀਆਂ ਸੰਖੇਪ ਜੀਵਨੀਆਂ ਅਤੇ ਚੋਣਵੀਆਂ ਰਚਨਾਵਾਂ ਸਨ। ਇਸ ਪੁਸਤਕ ਨੇ ਮੈਨੂੰ ਬੜਾ ਮੁਤਾਸਰ ਕੀਤਾ। ਇਸ ਤੋਂ ਪਹਿਲਾਂ ਮੈਂ 'ਪੰਜਾਬੀ ਦੇ ਚੋਣਵੇਂ ਸ਼ਿਆਰ' ਨਾਮੀ ਸੰਪਾਦਤ ਪੁਸਤਕ ਵਿੱਚ 1800 ਸ਼ਿਅਰਾਂ ਦੀਆਂ ਗ਼ਜ਼ਲਾਂ 'ਚੋਂ ਸ਼ਿਆਰ ਚੁਣੇ ਸਨ। 'ਸੰਪੂਰਨ ਪਿੰਗਲ ਅਤੇ ਅਰੂਜ਼' ਗ੍ਰੰਥ ਸਮੇਂ ਵੀ ਮੈਂ ਹਵਾਲਾ ਦੇਣ ਹਿਤ ਪੁਸਤਕਾਂ ਫੋਲੀਆਂ ਸਨ। ਮੈਂ ਵੇਖਿਆ ਕਿ ਪੰਜਾਬੀ ਗ਼ਜ਼ਲਕਾਰਾਂ ਦੀਆਂ ਕਈ ਸਮਿੱਲਤ ਸੰਪਾਦਤ ਪੁਸਤਕਾਂ ਸਨ, ਪਰੰਤੂ ਕੋਈ ਵੀ ਐਸੀ ਪੁਸਤਕ ਪੰਜਾਬੀ ਵਿੱਚ ਨਹੀਂ ਸੀ, ਜੋ ਸੰਸਾਰ ਭਰ ਦੀਆਂ ਨਾਰੀ ਗ਼ਜ਼ਲਕਾਰਾਂ ਉੱਤੇ ਆਧਾਰਤ ਹੋਵੇ। ਸੁਖਵਿੰਦਰ ਅੰਮ੍ਰਿਤ ਨੇ ਇੱਕ ਰਸਾਲੇ ਰਾਹੀਂ ਐਸਾ ਕਾਰਜ ਕੀਤਾ ਸੀ, ਪਰ ਉਹ ਕੇਵਲ 7-8 ਨਾਰੀ ਗ਼ਜ਼ਲਕਾਰਾਂ ਤੱਕ ਸੀਮਤ ਹੋ ਗਈ। ਇਹ ਸੰਸਥਾਗਤ ਕਾਰਜ ਸੀ। ਮੇਰੇ ਕੋਲ ਨਾਰੀ ਗ਼ਜ਼ਲਕਾਰਾਂ ਨਾਲ ਰਾਬਤਾ ਸੀ, ਪਰ ਆਰਥਿਕਤਾ ਦਾ ਮਸਲਾ ਸੀ। ਗਿੱਲ ਮੋਰਾਂਵਾਲੀ ਕੈਨੇਡਾ ਨੇ ਅਮਰੀਕਾ, ਕੈਨੇਡਾ ਆਦਿ ਦੀਆਂ ਨਾਰੀ ਗ਼ਜ਼ਲਕਾਰਾਂ ਦੀਆਂ 10-10 ਗ਼ਜ਼ਲਾਂ ਅਤੇ ਜੀਵਨ ਬਿਓਰਾ ਭੇਜਿਆ। ਮੈਂ ਭਾਰਤ ਅਤੇ ਪਾਕਿਸਤਾਨ ਦੀਆਂ ਨਾਰੀ ਗ਼ਜ਼ਲਕਾਰਾਂ ਦੇ ਖਰੜੇ ਇਕੱਠੇ ਕੀਤੇ। ਨਵਾਂ ਜ਼ਮਾਨਾ ਅਤੇ ਅਜੀਤ ਵਿੱਚ ਖ਼ਬਰ ਦਿੱਤੀ। ਖੁਸ਼ੀ ਦੀ ਗੱਲ ਇਹ ਕਿ ਇੱਕ ਮਹੀਨੇ ਵਿੱਚ ਹੀ ਦੁਨੀਆਂ ਭਰ ਤੋਂ ਮੈਨੂੰ ਨਾਰੀ ਗ਼ਜ਼ਲਕਾਰਾਂ ਨੇ ਸਾਰਾ ਸਾਹਿਤਕ ਮਸਾਲਾ ਭੇਜ ਦਿੱਤਾ। ਇਸ ਤਰ੍ਹਾਂ ਜਦ ਮੈਂ ਪਾਕਿਸਤਾਨ ਦੂਜੀ ਵਾਰ ਗਿਆ ਤਾਂ ਉਥੋਂ ਵੀ ਨਾਰੀ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਲੈ ਕੇ ਆਇਆ। ਇਹ ਪੁਸਤਕ 300 ਸਫਿਆਂ 'ਚ ਫੈਲੀ ਹੋਈ ਹੈ ਅਤੇ ਇਸ ਵਿੱਚ 36 ਪੰਜਾਬੀ ਗ਼ਜ਼ਲਕਾਰਾਂ ਦੇ ਜੀਵਨ ਬਿਓਰੇ, ਫੋਟੋਆਂ ਅਤੇ ਚੋਣਵੀਆਂ 10-10 ਗ਼ਜ਼ਲਾਂ ਹਨ। ਇਹ ਪੁਸਤਕ ਬੜੀ ਸਫਲ ਰਹੀ ਅਤੇ ਪਾਠਕਾਂ ਨੇ ਪਸੰਦ ਕੀਤੀ।

**11. 'ਬੇੜੀਆਂ ਦੇ ਪੁੱਲ' ਆਪਣੀਆਂ ਬਾਕੀ ਕਾਵਿ-ਰਚਨਾਵਾਂ ਤੋਂ ਜੋ ਨਿਖੇੜ ਕੇ ਗੱਲ ਕਹਿਣੀ ਹੋਵੇ ਤਾਂ ਕੀ ਕਹੋਗੇ? ਤੁਹਾਡੀ ਮੁੱਖ ਵਿਚਾਰਧਾਰਾ ਕੀ ਹੈ?**

-ਭਾਵੇਂ ਮੈਂ ਘੋਰ ਰੂਪਵਾਦੀ ਨਹੀਂ ਸਗੋਂ ਆਤਮਵਾਦੀ ਹਾਂ। ਸੂਰਤ ਵੱਲੋਂ ਰਚਨਾ ਦੀ ਸੀਰਤ ਨੂੰ ਮਹੱਤਵ ਦਿੰਦਾ ਹਾਂ, ਪਰ 'ਬੇੜੀਆਂ ਦਾ ਪੁੱਲ' ਰਾਹੀਂ ਮੈਂ ਪੰਜਾਬੀ ਗ਼ਜ਼ਲ ਦੇ ਦਿੱਗ




ਦਰਸ਼ਨ ਕਰਵਾਏ ਹਨ। ਗ਼ਜ਼ਲ ਦੀਆਂ ਅਸੀਮ ਸ਼ਕਤੀਆਂ ਬਾਰੇ ਪ੍ਰਦਰਸ਼ਨ ਕੀਤਾ ਹੈ। ਮੈਂ ਇੱਕ ਹੀ ਜ਼ਮੀਨ (ਇੱਕੋ ਬਹਿਰ, ਕਾਫੀਆ ਤੇ ਰਦੀਫ) ਵਿੱਚ 160 ਗ਼ਜ਼ਲਾਂ (1262 ਸ਼ਿਆਰ) ਲਿਖ ਕੇ ਪੰਜਾਬੀ ਗ਼ਜ਼ਲ ਦੇ ਇਤਿਹਾਸ ਵਿੱਚ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ, ਜਿਸ ਨੂੰ ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ ਨੇ ਵੱਡੀ ਰਾਇਲਟੀ ਦੇ ਕੇ ਛਾਪਿਆ ਹੈ। 1262 ਸ਼ਿਅਰਾਂ ਵਿੱਚੋਂ ਇੱਕ ਵੀ ਸ਼ਿਆਰ ਵਿੱਚ ਵਿਸ਼ੇ ਦਾ ਦੁਹਰਾਉ ਨਹੀਂ। 160 ਗ਼ਜ਼ਲਾਂ ਦੇ ਬਾਕਾਇਦਾ ਮਤਲੇ ਅਤੇ ਮਕਤੇ ਹਨ। ਗਜ਼ਲ ਜੇਕਰ ਆਪਣੇ ਪਾਸਾਰ ਨਹੀਂ ਕਰਦੀ ਅਤੇ ਪੁਰਾਣੀ ਕੁੰਜ ਝਾੜ ਕੇ ਨਵੀਂ ਨਕੋਰ ਤੇ ਦੁਲਹਨ ਵਾਂਗ ਪੇਸ਼ ਨਹੀਂ ਹੁੰਦੀ ਤਾਂ ਇਹਦਾ ਵੀ ਖੁੱਲ੍ਹੀ ਕਵਿਤਾ ਵਾਲਾ ਹਸ਼ਰ ਹੋਵੇਗਾ। 'ਬੇੜੀਆਂ ਦਾ ਪੁੱਲ' ਜਿਵੇਂ ਇਕ-ਇਕ ਬੇੜੀ ਦਾ ਵਖਰੇਵਾਂ ਵੀ ਹੁੰਦਾ ਹੈ ਅਤੇ ਸਮੁੱਚੀਆਂ ਬੇੜੀਆਂ ਦੀ ਸਮੁੱਚਤਾ ਵੀ ਹੁੰਦਾ ਹੈ। ਇਸੇ ਤਰ੍ਹਾਂ ਮੇਰੀ ਇਹ ਸ਼ਾਨਦਾਰ ਤੇ ਵਿਕਲੋਤਰੀ ਗ਼ਜ਼ਲ ਪੁਸਤਕ ਹੈ।

**12. ਤੁਹਾਡੀ ਵਿਚਾਰਧਾਰਾ ਕੀ ਹੈ? ਤੁਸੀਂ ਆਪਣੀ ਵਿਚਾਰਧਾਰਾ ਨੂੰ ਗ਼ਜ਼ਲਾਂ ਵਿੱਚ ਕਿਵੇਂ ਉਤਾਰਦੇ ਹੋ?**

-ਮੇਰੀ ਵਿਚਾਰਧਾਰਾ ਆਪਣੇ ਬਾਬੇ ਨਾਨਕ ਜੀ ਵਰਗੀ ਹੀ ਹੈ। ਮੇਰੀ ਗ਼ਜ਼ਲ ਮੇਰੇ ਬਾਬੇ 'ਤੇ ਗਈ ਹੈ। ਬਾਬਾ ਨਾਨਕ ਯੁੱਗ ਕਵੀ ਹਨ। ਗੁਰੂ ਨਾਨਕ ਜੀ ਨੇ ਜਿੱਥੇ ਸਨਾਤਨੀ ਰੂੜੀਆਂ, ਭੰਡੀਆਂ ਅਤੇ ਰੱਦ ਕੀਤੀਆਂ, ਓਥੇ ਨਵੀਆਂ ਨਰੋਈਆਂ ਕਦਰਾਂ ਕਾਇਮ ਕੀਤੀਆਂ। ਜ਼ਿੰਦਗੀ ਦੁਆਲਿਓਂ ਉਨ੍ਹਾਂ ਨੇ ਮਾਨਸਿਕ ਗੁਲਾਮੀ ਦੇ ਸੰਗਲ ਤੋੜੇ। ਉਨ੍ਹਾਂ ਨੇ ਧਾਰਮਿਕ ਪਰਪੰਚਤਾ ਅਤੇ ਧਰਮ ਅੰਧਤਾ ਦਾ ਮਖੌਲ ਉਡਾਇਆ। ਜਿੱਥੇ ਬਾਬੇ ਨੇ 'ਰਾਜੇ ਸੀਂਹ ਮੁਕੱਦਮ ਕੁੱਤੇ' ਕਿਹਾ, ਓਥੇ 'ਅੰਨ੍ਹੀ ਰਈਅਤ ਗਿਆਨ ਵਿਹੂਣੀ' ਕਹਿ ਕੇ ਲੋਕਾਂ ਨੂੰ ਜਾਗ੍ਰਿਤ ਹੋਣ ਦਾ ਆਹਵਾਹਨ ਕੀਤਾ। ਗੁਰੂ ਨਾਨਕ ਨੇ ਚਾਰ ਉਦਾਸੀਆਂ ਕਰਕੇ ਆਪਣੇ ਕਾਵਿ-ਕਥਨ ਦੀ ਕਸਵੱਟੀ ਜ਼ਿੰਦਗੀ ਨੂੰ ਸਾਬਤ ਕੀਤਾ। 'ਜਗਤ ਜਲੰਦਾ' ਬਚਾਉਣ ਵਾਸਤੇ ਆਰਜ਼ੂ ਕੀਤੀ। ਮੇਰੀ ਵਿਚਾਰਧਾਰਾ ਗੁਰੂ ਨਾਨਕ ਦੇਵ ਤੋਂ ਅਗਾਂਹ ਦਸਮੇਸ਼ ਪਿਤਾ ਜੀ ਦੀ ਅਨੁਸਾਰੀ ਵੀ ਹੈ। ਦਸਮੇਸ਼ ਪਿਤਾ ਨੇ ਗੁਰੂ ਨਾਨਕ ਜੀ ਵੱਲੋਂ ਚਲਾਈ ਮੁਹਿੰਮ ਨੂੰ ਸਰ ਕਰਨ ਹਿੱਤ ਜਥੇਬੰਦੀ ਬਣਾਈ। ਇਹ ਤੱਥ ਧਾਰਮਿਕ ਆਧਾਰ ਉੱਤੇ ਪੇਸ਼ ਕੀਤਾ ਕਿ ਜਥੇਬੰਦੀ ਤੋਂ ਬਿਨਾ 'ਰਾਜੇ ਸੀਹਾਂ' ਦੇ ਜ਼ੁਲਮ ਦਾ ਟਾਕਰਾ ਨਹੀਂ ਕੀਤਾ ਜਾ ਸਕਦਾ। ਸਿੱਖ ਧਰਮ ਵਿੱਚ ਕਲਮ ਅਤੇ ਕਿਰਪਾਨ ਦੀ ਧਾਰਮਿਕ ਮਹਿਮਾ ਹੈ। ਮਾਰਕਸ ਨੇ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਧਾਰਮਕਤਾ 'ਚੋਂ ਆਜ਼ਾਦ ਲੋਕ-ਮੁਹਿੰਮ ਵਿੱਚ ਪ੍ਰਵਰਤਿਤ ਕੀਤਾ। ਮੇਰੀਆਂ ਸਾਰੀਆਂ ਲਿਖਤਾਂ ਲੋਕਾਂ ਦੇ ਕਲਿਆਣ ਨੂੰ ਸੇਧਤ ਹਨ।

**13. ਕੇਂਦਰੀ ਪੰਜਾਬੀ ਲੇਖਕ ਸਭਾ ਦੇ ਤੁਸੀਂ ਕਈ ਸਾਲ ਮੀਤ ਪ੍ਰਧਾਨ ਰਹੇ। ਸਮੁੱਚੇ ਪੰਜਾਬੀ ਸਾਹਿਤ ਵਿੱਚ ਕੇਂਦਰੀ ਸਭਾ ਦਾ ਵਿਸ਼ੇਸ਼ ਰੋਲ ਕਿਸ ਤਰ੍ਹਾਂ ਦਾ ਹੈ? ਤੁਹਾਡੇ ਮੀਤ ਪ੍ਰਧਾਨ ਬਣਨ ਤੋਂ ਬਾਅਦ ਕੋਈ ਵਿਸ਼ੇਸ਼ ਸਾਹਿਤਕ ਤਬਦੀਲੀ ਜਾਂ ਵਿਕਾਸ ਹੋਇਆ ਹੋਵੇ ਤਾਂ ਕਿਸ ਤਰ੍ਹਾਂ ਦਾ?**

-ਕੇਂਦਰੀ ਪੰਜਾਬੀ ਲੇਖਕ ਸਭਾ ਦਾ ਆਪਣਾ ਨਿਵੇਕਲਾ ਇਤਿਹਾਸ ਹੈ। ਇਹ ਸਭਾ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਪ੍ਰਤੀ ਸੰਜੀਦਾ ਤੇ ਬਾਜਥੇਬੰਦੀ ਹੈ। ਮੈਂ 40 ਸਾਲ ਤੋਂ



ਕੇਂਦਰੀ ਸਭਾ ਦਾ ਕਿਸੇ ਨਾ ਕਿਸੇ ਸਟੇਜ ਜਾਤ ਸਰਗਰਮ ਮੈਂਬਰ ਰਿਹਾ ਹਾਂ। ਇੱਕ ਸਾਧਾਰਨ ਮੈਂਬਰ ਤੋਂ ਲੈ ਕੇ ਮੀਤ ਪ੍ਰਧਾਨ ਤਕ ਮੈਂ ਰਿਹਾ ਹਾਂ। ਪੰਜਾਬੀ ਭਾਸ਼ਾ ਨੂੰ ਪੰਜਾਬ ਵਿੱਚ ਬਣਦੇ ਸਥਾਨ ਦਿਵਾਉਣ ਹਿੱਤ ਇਸ ਦੇ ਸਿਰੜੀ ਤੇ ਲੰਮੇ ਸੰਘਰਸ਼ ਵਿੱਚ ਮੈਂ ਸ਼ਾਮਲ ਰਿਹਾ ਹਾਂ। ਇਹ ਇੱਕੋ ਇੱਕ ਸਾਹਿਤਕ ਸਭਾ ਹੈ, ਜਿਸ ਨੇ ਪੰਜਾਬੀ ਭਾਸ਼ਾ ਲਈ ਲੰਮੇ ਸੰਘਰਸ਼ ਵਿੱਢੇ। ਸੈਂਕੜੇ ਵਾਰ ਪੰਜਾਬ ਪੱਧਰ ਦੇ ਸੰਗਰਾਮ ਲੜੇ। ਚੰਡੀਗੜ੍ਹ ਵਿੱਚ ਵੱਡੇ-ਵੱਡੇ ਲੇਖਕ ਮੁਜ਼ਾਹਰੇ ਕੀਤੇ। ਸੈਂਕੜੇ ਵਾਰ ਪੰਜਾਬ ਸਰਕਾਰ ਦੇ ਸਮੇਂ-ਸਮੇਂ ਦੇ ਮੁੱਖ ਮੰਤਰੀਆਂ ਜਾਂ ਗਵਰਨਰਾਂ ਨਾਲ ਮੀਟਿੰਗਾਂ ਕੀਤੀਆਂ। ਭਾਸ਼ਾ ਵਿਭਾਗ ਅਤੇ ਦੂਰਦਰਸ਼ਨ ਦੇ ਪੰਜਾਬੀ ਵਿਰੋਧੀ ਰਵੱਈਏ ਖਿਲਾਫ ਮੁਜ਼ਾਹਰੇ ਤੇ ਜਦੋਜਹਿਦਾਂ ਕੀਤੀਆਂ। ਵੱਡੇ-ਵੱਡੇ ਲੇਖਕ ਜੇਲ੍ਹ ਗਏ। ਕਈ-ਕਈ ਰਾਤਾਂ ਅਸੀਂ ਚੰਡੀਗੜ੍ਹ ਦੇ ਥਾਣਿਆਂ ਵਿੱਚ ਰਹੇ।

ਪਿਛਲੇ ਸਮੇਂ ਤੋਂ ਕੇਂਦਰੀ ਸਭਾ ਨੇ ਮਹਿਸੂਸ ਕੀਤਾ ਕਿ ਜਿੱਥੇ ਲੇਖਕਾਂ ਨੂੰ ਸੜਕਾਂ ਉੱਤੇ ਮੁਜ਼ਾਹਰੇ ਕਰਨੇ ਜ਼ਰੂਰੀ ਹਨ, ਓਥੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਹਿੱਤ ਜਨ ਚੇਤਨਾ ਫੈਲਾਉਣ ਲਈ ਵੱਡੇ ਭਾਸ਼ਾ ਸੈਮੀਨਾਰ ਵੀ ਕਰਵਾਉਣੇ ਚਾਹੀਦੇ ਹਨ। ਏਸੇ ਸੰਦਰਭ ਵਿੱਚ ਅਸੀਂ ਪਿਛਲੇ ਸਾਲੀਂ ਵੱਡੇ ਭਾਸ਼ਾ ਸੈਮੀਨਾਰ ਕੀਤੇ, ਜਿਨ੍ਹਾਂ ਵਿੱਚ ਪਟਿਆਲਾ, ਚੰਡੀਗੜ੍ਹ, ਬਠਿੰਡਾ, ਅੰਮ੍ਰਿਤਸਰ ਦੇ ਸੈਮੀਨਾਰ ਜ਼ਿਕਰਯੋਗ ਹਨ।

ਜਿੱਥੋਂ ਤਕ ਮੇਰਾ ਸੁਆਲ ਹੈ, ਮੈਂ ਸਭਾ ਦੀ ਮੁਖਧਾਰਾ ਵਿੱਚ ਸ਼ਾਮਲ ਰਹਿੰਦਿਆਂ ਵੀ ਪੰਜਾਬੀ ਗ਼ਜ਼ਲ ਸਬੰਧੀ ਵੱਖਰੇ ਯਤਨਾਂ 'ਚ ਸ਼ਾਮਲ ਰਿਹਾ ਹਾਂ। ਮੈਂ ਜਦ 'ਸੰਪੂਰਨ ਪਿੰਗਲ ਅਤੇ ਅਰੂਜ਼' ਲਿਖਿਆ ਤਾਂ ਕੇਂਦਰੀ ਸਭਾ ਨੇ ਇਸ 'ਤੇ ਗੋਸ਼ਟੀ ਕਰਵਾਈ। ਲੁਧਿਆਣਾ ਵਿਖੇ ਗ਼ਜ਼ਲ ਵਿੱਚ ਤਿੰਨ ਹਰਫੀ ਪੰਜਾਬੀ ਸ਼ਬਦਾਂ ਦੇ ਮਸਲੇ ਸਬੰਧੀ ਮੈਂ ਵਿਸ਼ੇਸ਼ ਯਤਨਾਂ ਨਾਲ ਕੇਂਦਰੀ ਸਭਾ ਦਾ ਧਿਆਨ ਏਧਰ ਆਕਰਸ਼ਿਤ ਕੀਤਾ ਅਤੇ ਗੋਸ਼ਟੀ ਕਰਵਾਈ, ਜਿਸ ਵਿੱਚ ਮੈਂ ਆਪਣਾ ਥੀਸਸ ਪੇਸ਼ ਕੀਤਾ ਅਤੇ ਇਨ੍ਹਾਂ ਸ਼ਬਦਾਂ ਦਾ ਮਸਲਾ ਸਦਾ ਲਈ ਹੱਲ ਕਰਵਾਇਆ।

**14. ਉਹ ਗੱਲ ਦੱਸੋ ਜੋ ਅਸੀਂ ਪੁੱਛ ਨਹੀਂ ਸਕੇ। ਕਿਸੇ ਪੁਸਤਕ ਬਾਰੇ ਜਾਂ ਪ੍ਰਾਪਤੀ ਬਾਰੇ।**

-ਮੈਨੂੰ ਸ੍ਰੀਮਤੀ ਸੁਰਜੀਤ ਸਖੀ ਦਾ ਇੱਕ ਸ਼ਿਆਰ ਬੜਾ ਚੰਗਾ ਚੰਗਾ ਲਗਦੈ, ਜਿਸਦਾ ਭਾਵ ਹੈ ਕਿ ਮੈਂ ਸਿਕੰਦਰ ਨਹੀਂ, ਪਰ ਤੈਨੂੰ ਜਿਤਦਿਆਂ ਸਾਰਾ ਸੰਸਾਰ ਹੀ ਜਿੱਤਿਆ ਗਿਆ। ਕੁਝ ਏਸੇ ਤਰ੍ਹਾਂ ਹੀ ਮੇਰੇ ਨਾਲ ਵੀ ਵਾਪਰਿਆ ਹੈ। ਮੈਂ ਕੇਵਲ ਇੱਕ ਵਧੀਆ ਸ਼ਾਇਰ ਬਣਨਾ ਲੋਚਿਆ ਸੀ, ਪਰ ਮੈਂ ਸਰਬਾਂਗੀ ਸਾਹਿਤਕਾਰ ਵਜੋਂ ਵੀ ਜਾਣਿਆ ਜਾਣ ਲੱਗਾ। ਅਸਲ ਵਿੱਚ ਕਿਸੇ ਵਿਧਾ ਉੱਤੇ ਵੀ ਜੇਕਰ ਅਬੂਰ ਹਾਸਿਲ ਕਰਨਾ ਹੈ ਤਾਂ ਹਰ ਹਾਲਤ ਵਿੱਚ ਸੰਪੂਰਨ ਸਾਹਿਤ ਹੀ ਨਹੀਂ, ਆਪਣੇ ਆਸੇ ਪਾਸੇ ਦੇ ਸੰਸਾਰ ਦਾ ਇਤਿਹਾਸ, ਮਿਥਿਹਾਸ, ਸਭਿਆਚਾਰ, ਕਦਰਾਂ-ਕੀਮਤਾਂ ਅਤੇ ਧਰਮ ਅਰਥ ਬਾਰੇ ਜਾਨਣਾ ਜ਼ਰੂਰੀ ਹੈ। ਸੰਸਾਰ ਕਿਵੇਂ ਹੋਂਦ ਵਿੱਚ ਆਇਆ। ਸੰਸਾਰ ਨੂੰ ਸੁੱਚੀਆਂ ਨੈਤਿਕਤਾਵਾਂ ਕਿਹੜੇ ਮਹਾਂਪੁਰਸ਼ਾਂ ਦਿੱਤੀਆਂ? ਉਹ ਭਾਵੇਂ ਈਸਾ ਹੋਵੇ, ਮੁਹੰਮਦ ਸਾਹਿਬ ਹੋਣ, ਕ੍ਰਿਸ਼ਨ ਹੋਵੇ, ਦੁਨੀਆਂ ਦਾ ਕੋਈ ਵੀ ਨੇਤਾ, ਰਾਜਨੇਤਾ ਜਾਂ ਅਭਿਨੇਤਾ ਵੀ ਕਿਉਂ ਨਾ ਹੋਵੇ, ਉਹ ਸਭਨਾਂ ਦਾ ਸਾਂਝਾ ਹੈ। ਪੰਜਾਬ ਵਿੱਚ ਸਿਕੰਦਰ ਆਇਆ। ਪੋਰਸ ਸਾਡਾ ਹੀਰੋ ਬਣਿਆ। ਔਰੰਗਜ਼ੇਬ ਆਇਆ, ਸਿੱਖ ਸਾਡੇ ਹੀਰੋ ਬਣੇ। ਸਿੱਖਾਂ ਨੇ ਪੰਜਾਬ ਨੂੰ ਹੀ ਨਹੀਂ, ਦੁਨੀਆਂ ਨੂੰ ਅਣਖੀ ਜੀਵਨ-ਜਾਚ ਨਾਲ ਜੋੜਿਆ। ਮੇਰੇ ਮਨ ਉੱਤੇ ਸਿੱਖ ਯੋਧਿਆਂ ਦਾ ਬੜਾ ਕਰਜਾ ਸੀ, ਜਿਨ੍ਹਾਂ ਨੇ ਘੋੜਿਆਂ ਦੀਆਂ ਕਾਠੀਆਂ, ਆਪਣੇ ਘਰ ਬਣਾ ਕੇ ਵੀ ਸਾਡੇ ਵਾਸਤੇ ਸ਼ਾਨਦਾਰ ਘਰਾਂ ਦੀ ਗਰੰਟੀ ਹਾਸਲ ਕੀਤੀ।

ਮੈਂ 'ਅਨੰਦਪੁਰ ਤੋਂ ਲਾਹੌਰ ਤਕ' 1699 ਈ. ਤੋਂ 1799 ਈ. ਤਕ ਦਾ ਪੰਜਾਬ ਦਾ ਇਤਿਹਾਸ ਲਿਖਿਆ। ਇਹ 200 ਸਫੇ ਦੀ ਪੁਸਤਕ ਲਾਹੌਰ ਬੁੱਕ ਸ਼ਾਪ ਲੁਧਿਆਣਾ ਨੇ ਛਾਪੀ। ਇਹ ਸਰਲ ਭਾਸ਼ਾ ਵਿੱਚ ਲੋਕ ਮਾਨਤਾ ਦਾ ਇਤਿਹਾਸ ਹੈ। ਮੈਂ ਇਤਿਹਾਸਕਾਰ ਨਹੀਂ ਅਤੇ ਨਾ ਹੀ ਕੋਈ ਇਤਿਹਾਸ ਦਾ ਖੋਜਾਰਥੀ ਹਾਂ। ਪਰ ਨੀਰਸ ਇਤਿਹਾਸ ਨੂੰ ਸਾਡੇ ਬੱਚੇ ਪੜ੍ਹ ਨਹੀਂ ਰਹੇ ਸਨ। ਮੈਂ ਇਹ ਕਿਤਾਬ ਪਾਠਕਾਂ ਦੀ ਰੁਚੀ ਨੂੰ ਸਾਹਮਣੇ ਰੱਖ ਕੇ ਲਿਖੀ। ਇਹ ਪਾਠਕਾਂ ਨੇ ਹੱਥੋਂ-ਹੱਥੀਂ ਖਰੀਦ ਲਈ। ਮੈਂ ਅੰਮ੍ਰਿਤਸਰ ਦਰਬਾਰ ਸਾਹਿਬ ਕੰਪਲੈਕਸ ਦੀ ਇੱਕ ਕਿਤਾਬਾਂ ਦੀ ਦੁਕਾਨ 'ਤੇ ਖੜਾ ਸਾਂ ਕਿ ਮੇਰੇ ਹੁੰਦਿਆਂ ਦੋ ਕਿਤਾਬਾਂ ਵਿਕ ਗਈਆਂ।

ਮੇਰਾ ਪਿੰਡ ਓਥੇ ਕੁ ਹੈ, ਜਿਥੇ ਕਦੇ ਸਿੱਖਾਂ ਦਾ ਵੱਡਾ ਦੁਖਾਂਤ, ਛੋਟਾ ਘੱਲੂਘਾਰਾ ਵਾਪਰਿਆ ਸੀ। ਮੈਂ ਇਸ ਇਲਾਕੇ ਦੇ ਮੁਲਾਜ਼ਮਾਂ ਦਾ ਪ੍ਰਧਾਨ ਸਾਂ। ਮੈਂ ਕਈ ਵਾਰੀ ਇਸ ਗੁਰਦੁਆਰੇ ਗਿਆ ਤੇ ਇਸ ਦੇ ਇਤਿਹਾਸ ਬਾਰੇ ਕੋਈ ਪੁਸਤਕ ਮੰਗੀ, ਪਰ ਨਿਰਾਸ਼ਾ ਹੀ ਹੱਥ ਲੱਗੀ। ਮੈਨੂੰ ਬੜਾ ਦੁੱਖ ਹੋਇਆ ਕਿ ਏਨੇ ਵੱਡੇ ਦੁਖਾਂਤ ਉੱਤੇ ਕੋਈ ਪੁਸਤਕ ਨਹੀਂ। ਮੇਰੀ ਕਲਮ ਨੇ ਮੈਨੂੰ ਵੰਗਾਰਿਆ। ਮੈਂ ਸਾਲ ਭਰ ਦੇ ਅਧਿਐਨ ਤੋਂ ਬਾਅਦ ਇਸ ਦੁਖਾਂਤ ਸੰਬੰਧੀ ਪੁਸਤਕ ਲਿਖੀ, ਜਿਸ ਦਾ ਨਾਮ ਹੈ 'ਅਗਨ ਗਾਥਾ' (ਦਾਸਤਾਨ ਛੋਟਾ ਘੱਲੂਘਾਰਾ ਛੰਭ ਕਾਹਨੂੰਵਾਨ)। ਇਹ ਪੁਸਤਕ ਪ੍ਰਬੰਧਕ ਕਮੇਟੀ ਗੁਰਦੁਆਰਾ ਛੋਟਾ ਘੱਲੂਘਾਰਾ ਦੇ ਪ੍ਰਧਾਨ ਸਾਬਕਾ ਐਮ.ਐਲ.ਏ. ਸ. ਜੌਹਰ ਸਿੰਘ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਛਾਪੀ ਅਤੇ ਪ੍ਰਸ਼ਾਦ ਵਾਂਗ ਲੋਕਾਂ ਪ੍ਰਾਪਤ ਕੀਤੀ।

**15. ਤੁਸੀਂ ਸਰਬਾਂਗੀ ਸਾਹਿਤਕਾਰ ਹੋ। ਜੇ ਇੱਕ ਹੀ ਸਾਹਿਤਕ ਵਿਧਾ ਨੂੰ ਚੁਣਨਾ ਹੋਵੇ ਤਾਂ ਕਿਸ ਨੂੰ ਚੁਣੋਗੇ?**

-ਮੈਂ ਹਰ ਹਾਲਤ ਵਿੱਚ ਸ਼ਾਇਰ ਹਾਂ। ਮੇਰੀ ਪ੍ਰਾਪਤੀ ਏਹੀ ਹੈ ਕਿ ਮੈਂ ਪੰਜਾਬੀ ਗ਼ਜ਼ਲ ਵਿੱਚ ਚੰਗੇ ਸ਼ਿਆਰ ਕਹੇ ਹਨ। ਲੋਕ ਮਸਲੇ ਇਸ ਵਿੱਚ ਲਿਆਂਦੇ ਹਨ। ਮੈਂ ਔਖੇ ਤੋਂ ਔਖੇ ਤੇ ਵਿਸਤ੍ਰਿਤ ਵਿਸ਼ੇ ਵੀ ਗ਼ਜ਼ਲੀਅਤ ਦੀ ਜ਼ੁਬਾਨ ਵਿੱਚ ਪੇਸ਼ ਕੀਤੇ ਹਨ। ਮੈਂ ਹੁਣ ਤਕ ਹਜ਼ਾਰਾਂ ਗ਼ਜ਼ਲਾਂ ਪ੍ਰਕਾਸ਼ਤ ਕਰਵਾ ਚੁਕਾ ਹਾਂ। 'ਤੀਜੀ ਅੱਖ ਦਾ ਜਾਦੂ', 'ਪੰਜਾਬ ਦੇ ਦਰਿਆ', 'ਉੱਚਾ ਬੁਰਜ ਲਾਹੌਰ ਦਾ', 'ਬਸਤੀ ਬਸਤੀ ਜੰਗਲ', 'ਬੇੜੀਆਂ ਦਾ ਪੁਲ' ਅਤੇ 'ਸੂਰਜ ਦਾ ਆਲ੍ਹਣਾ' ਮੇਰੇ ਗ਼ਜ਼ਲ ਸੰਗ੍ਰਹਿ ਹਨ। ਮੈਂ ਰੇਡੀਓ, ਟੀ.ਵੀ. ਅਤੇ ਉੱਚ ਮਿਆਰ ਵਾਲੇ ਸੈਮੀਨਾਰਾਂ ਵਿੱਚ ਗ਼ਜ਼ਲ ਸੰਬੰਧੀ ਹੀ ਵਿਚਾਰ ਪੇਸ਼ ਕਰਨ ਦਾ ਮਾਣ ਹਾਸਲ ਕੀਤਾ ਹੈ। ਭਾਵੇਂ ਮੇਰੀਆਂ ਹੋਰ ਵੀ ਪੁਸਤਕਾਂ ਪ੍ਰਸਿੱਧ ਹੋਈਆਂ ਤੇ ਹੋਣਗੀਆਂ, ਪਰ ਮੈਂ ਆਪਣੀ ਪ੍ਰਾਪਤੀ ਕੇਵਲ ਤੇ ਕੇਵਲ ਸ਼ਾਇਰ ਹੋਣ ਵਿੱਚ ਹੀ

⇒ ਬਾਕੀ ਸਫਾ 29 'ਤੇ ਪੜ੍ਹੋ

# ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਦੇ ਸੁਮੇਲ ਵਿਸਾਖੀ ਦਿਹਾੜੇ ਦੀ ਸਭਨਾਂ ਨੂੰ ਲੱਖ ਲੱਖ ਵਧਾਈ



## ਅਜੈਬ ਸਿੰਘ ਲੱਖਣ (ਸ਼ਿਕਾਗੋ)

ਫੋਨ: 847-544-1788

ਅਤੇ ਲੱਖਣ ਪਰਿਵਾਰ

# ਸ਼ਾਹਸਵਾਰ

## ਨਾਵਲ

**ਜਸਵੀਰ ਸਿੰਘ ਸ਼ੀਰੀ**

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਪਿਛਲੇ ਕਿਸਾਨ ਸੰਘਰਸ਼ ਦੌਰਾਨ ਇੱਕ ਵਾਰ ਫਿਰ ਆਸ ਬੱਝੀ ਸੀ ਕਿ ਕਿਸਾਨੀ ਦਾ ਇਹ ਸ਼ਕਤੀ ਪ੍ਰਦਰਸ਼ਨ ਪੰਜਾਬ ਦੇ ਪੁਨਰ ਉਥਾਨ ਦਾ ਮੁੱਢ ਬੰਨ੍ਹੇਗਾ, ਪਰ ਇਹ ਦੌਰ ਵੀ ਇੱਕ ਤੇਜ਼ ਸੁਪਨੇ ਦੀ ਤਰ੍ਹਾਂ ਗੁਜ਼ਰ ਗਿਆ ਹੈ। ਇੱਕ ਵਾਰ ਫਿਰ ਵਕਤ ਦੇ ਸ਼ਾਹਸਵਾਰ ਪੰਜਾਬੀ ਚੇਤਨਾ ਦੇ ਵਿਹੜੇ ਸਾਹਮਣਿਓਂ ਦੀ ਇੱਕ ਝਲਕ ਮਾਤਰ ਦੇ ਕੇ ਗੁਜ਼ਰ ਗਏ ਹਨ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਮਨੋਵਿਗਿਆਨੀ ਆਖਦੇ ਹਨ ਕਿ ਬੰਦੇ ਦਾ ਰੀਅਲ ਸੈਲਫ ਅਤੇ ਆਈਡਲ ਸੈਲਫ ਕਦੇ ਇੱਕ ਨਹੀਂ ਹੋ ਸਕਦੇ, ਪਰ ਆਪਣੇ ਆਦਰਸ਼ ਸੈਲਫ ਲਈ ਅਮੁੱਕ ਤਾਂਘ ਹੀ ਬੰਦੇ ਨੂੰ ਬਾਕੀ ਜਾਨਵਰ ਜਗਤ ਤੋਂ ਵੱਖ ਕਰਦੀ ਹੈ। ਕਿਸੇ ਸਮਾਜ 'ਤੇ ਵੀ ਸ਼ਾਇਦ ਇਹੋ ਮਨੋਵਿਗਿਆਨਕ ਅਸੂਲ ਲਾਗੂ ਹੁੰਦਾ ਹੋਵੇ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

ਸਿਆਲ ਟੁੱਟ ਰਿਹਾ ਸੀ, ਪੰਜਵੀਂ ਦੇ ਪੇਪਰ ਹੋ ਚੁਕੇ ਸਨ। 31 ਮਾਰਚ ਨੂੰ ਰਿਜ਼ਲਟ ਦੀ ਉਡੀਕ ਹੋ ਰਹੀ ਸੀ। ਪੰਜਵੀਂ ਦੇ ਸਾਰੇ ਬੱਚਿਆਂ ਦਾ ਪਾਸ ਹੋਣਾ ਤਾਂ ਨਿਸ਼ਚਤ ਹੀ ਸੀ। ਹੁਕਮਾ ਹਰ ਦੂਜੇ ਤੀਜੇ ਕਰਮੇ ਹੋਰਾਂ ਵਾਲਾ ਜਾਂਦਾ ਰਹਿੰਦਾ। ਉਨ੍ਹਾਂ ਦੇ ਰਿਸ਼ਤੇ ਪੁਰਾਣੀ ਸ਼ਰਾਬ ਵਾਂਗ ਸਮਾਂ ਬੀਤਣ ਨਾਲ ਹੋਰ ਨਿਖਰਦੇ ਗਏ। ਸਾਂਝ ਗੂੜ੍ਹੀ ਹੁੰਦੀ ਗਈ। ਰਿਜ਼ਲਟ ਆਇਆ ਤੇ ਵੀਰਦੀਪ ਛੇਵੀਂ ਵਿੱਚ ਹੋ ਗਿਆ। ਉਹਦੇ ਮਾਪੇ ਖੁਸ਼ ਸਨ। ਰਿਜ਼ਲਟ ਆਉਣ ਤੋਂ ਅਗਲੇ ਦਿਨ ਨਸੀਬੋ ਨੇ ਲਾਗਲੇ ਪਿੰਡ ਦੇ ਬੱਸ ਅੱਡੇ ਵਾਲੀ ਦੁਕਾਨ ਤੋਂ ਮਠਿਆਈ ਦਾ ਡੱਬਾ ਮੰਗਵਾਇਆ ਅਤੇ ਕਰਮੇ ਕਿਆਂ ਵੱਲ ਕੰਮ ਕਰਨ ਗਈ ਤਾਂ ਲੱਡੂਆਂ ਦਾ ਡੱਬਾ ਵੀ ਲੈ ਗਈ। ਵੀਰਦੀਪ ਵੀ ਅੱਜ ਮਾਂ ਦੇ ਨਾਲ ਜਾਣ ਲਈ ਜ਼ਿੱਦ ਕਰਨ ਲੱਗਾ ਸੀ।

'ਕਿਉਂ ਚਾਚੀ ਦਾ ਦੁੱਧ ਚੁੰਘਣਾ,' ਮਾਂ ਨੇ ਸ਼ਰੀਕੇ ਜਿਹੇ ਵਿੱਚ ਕਿਹਾ।

'ਡੱਬਾ ਮੈਂ ਦੇਣਾ ਚਾਚੀ ਨੂੰ, ਪਾਸ ਮੈਂ ਹੋਇਆਂ ਕਿ ਤੁਸੀਂ,' ਵੀਰਦੀਪ ਰੁਹੋਂ ਬੋਲ ਰਿਹਾ ਸੀ।

'ਚੱਲ ਬਾਬਾ ਚੱਲ ਤੂੰ ਹੀ ਦੇ ਦੇਵੀਂ,' ਨਸੀਬੋ ਨੇ ਮੁੰਡੇ ਦੇ ਮੋਹ ਮੂਹਰੇ ਜਿਵੇਂ ਹਥਿਆਰ ਸੁੱਟ ਦਿੱਤੇ।

ਉਹ ਦੋਨੋਂ ਨਵਜੋਤ ਕੋਲ ਚਲੇ ਗਏ। ਕਰਮਾ ਕਿਧਰੇ ਬਾਹਰ ਗਿਆ ਹੋਇਆ ਸੀ। ਵੀਰਦੀਪ ਨੇ ਨਵਜੋਤ ਨੂੰ ਲੱਡੂਆਂ ਦਾ ਡੱਬਾ ਫੜਾਇਆ। ਡੱਬਾ ਫੜਦਿਆਂ ਉਹ ਲਾਗੇ ਪਏ ਮੰਜੇ 'ਤੇ ਬਹਿ ਗਈ ਤੇ ਵੀਰਦੀਪ ਨੂੰ ਆਪਣੀ ਬੁੱਕਲ ਵਿੱਚ ਲੈਂਦਿਆਂ ਆਖਿਆ, 'ਆ ਤੈਨੂੰ ਹਿੱਕ ਨਾਲ ਲਾਵਾਂ, ਕਿੰਨੀ ਦੇਰ ਹੋ ਗਈ ਚੰਗੀ ਤਰ੍ਹਾਂ ਮਿਲੇ ਨੂੰ।' ਨਵਜੋਤ ਨੇ ਘੁੱਟ ਕੇ ਮੁੰਡੇ ਨੂੰ ਆਪਣੀ ਹਿੱਕ ਨਾਲ ਲਾ ਲਿਆ। ਇਸ ਗਲਵੱਕੜੀ ਨੇ ਵੀਰਦੀਪ ਨੂੰ ਜਿਵੇਂ ਨਸ਼ਿਆ ਦਿੱਤਾ ਹੋਵੇ। ਇਸ ਨਸ਼ੇ ਜਿਹੇ ਵਿੱਚ ਕਾਹਦਾ ਚਾਅ ਜਿਹਾ ਘੁਲਿਆ ਹੋਇਆ ਸੀ, ਇਸ ਦਾ ਅਹਿਸਾਸ ਉਹਨੂੰ ਆਪ ਨੂੰ ਵੀ ਨਹੀਂ ਸੀ। ਥੋੜ੍ਹੀ ਦੇਰ ਬਾਅਦ ਕਰਮਾ ਵੀ ਆ ਗਿਆ। ਨਸੀਬੋ ਨੇ ਕਰਮੇ ਦੇ ਪਸੰਦ ਦੀ ਚਾਹ ਬਣਾਈ ਤੇ ਲੱਡੂਆਂ ਦਾ ਡੱਬਾ ਵਿਚਕਾਰ ਪਏ ਮੇਜ 'ਤੇ ਰੱਖ ਦਿੱਤਾ। ਗੁੜ ਵਿੱਚ ਘੁਲੀਆਂ ਇਲਾਇਚੀਆਂ ਦੀ ਸਾਰੇ ਘਰ ਵਿੱਚ ਮਹਿਕ ਪਸਰ ਗਈ।

'ਕਿਵੇਂ ਆਂ ਬਈ ਵੀਰਦੀਪ ਸਿਆਂ, ਹੁਣ ਤਾਂ ਮੁੰਡਾ ਵੱਡੀ ਜਮਾਤ ਵਿੱਚ ਹੋ ਗਿਆ, ਕੀ ਲਿਆਇਆਂ ਫੇਰ ਚਾਚੇ ਹੋਰਾਂ ਲਈ?' ਕਰਮੇ ਨੇ ਮਜ਼ਾਕ 'ਚ ਪੁੱਛਿਆ।

'ਲੱਡੂ' ਵੀਰ ਦੀਪ ਨੇ ਇੱਕ ਸ਼ਬਦ ਵਿੱਚ ਜੁਆਬ ਦਿੱਤਾ।

'ਬਸ! ਕੋਈ ਬਰਫੀ ਬੁਰਫੀ ਲਿਆਉਂਦਾ ਵੀਰੂ,' ਨਵਜੋਤ ਕੌਰ ਨੇ ਛੇੜਨ ਦੇ ਮੂਡ ਵਿੱਚ ਆਖਿਆ।

ਵੀਰਦੀਪ ਨੇ ਨੀਵੀਂ ਨਾ ਚੁੱਕੀ।

'ਕਹਿ ਬਰਫੀ ਥੋਡੇ ਨਾਲੋਂ ਚੰਗੀ ਚਾਚੀ, ਕੱਲ੍ਹ ਨੂੰ ਬਰਫੀ ਖੁਆ ਦਿਆਂਗੇ' ਨਸੀਬੋ ਨੇ ਵੀਰਦੀਪ ਦੀ ਠੋਡੀ ਫੜ ਕੇ ਮੂੰਹ ਉਤਾਂਹ ਚੁੱਕਦਿਆਂ ਆਖਿਆ।

ਵੀਰਦੀਪ ਚੁੱਪ ਰਿਹਾ, ਬਿਨਾ ਕਿਸੇ ਹਾਵ-ਭਾਵ ਦੇ।

'ਉਹ ਪਤੰਦਰਾ ਕੁਸ਼ ਬੋਲਿਆ ਬੂਲਿਆ ਵੀ ਕਰ, ਸਕੂਲ 'ਚ ਤਾਂ ਕਹਿੰਦੇ ਬਥੇਰੀਆਂ ਕਿੱਕਾਂ ਮਾਰਦਾਂ ਫੁੱਟਬਾਲ ਨੂੰ' ਕਰਮੇ ਨੇ ਵੀਰਦੀਪ ਦਾ ਹੱਥ ਫੜ ਕੇ ਉਹਨੂੰ ਆਪਣੇ ਵੱਲ ਕਰਦਿਆਂ ਕਿਹਾ। ਤੇਰਾ ਖੇਡਾਂ ਵਾਲਾ ਮਾਸਟਰ ਆਪਣੇ ਵਾਲੇ ਰਸਤਿਉਂ ਈ ਆਉਂਦਾ-ਜਾਂਦਾ ਸਵੇਰੇ ਸ਼ਾਮ ਸਕੂਲ ਨੂੰ, ਉਹ ਤਾਂ ਬਈ ਬੜੀਆਂ ਸਿਫਤਾਂ ਕਰਦਾ ਤੇਰੀਆਂ। ਕਹਿੰਦਾ ਅਖੇ ਮੁੰਡਾ ਕਾਹਦਾ, ਪੈਰਾਂ ਵਿੱਚ ਜਿਵੇਂ ਜਾਦੂ ਲੈ ਕੇ ਜੰਮਿਆ।' ਨਸੀਬੋ ਕਰਮੇ ਤੋਂ ਮੁੰਡੇ ਦੀਆਂ ਸਿਫਤਾਂ ਸੁਣ ਕੇ ਖੀਵੀ ਹੋ ਗਈ।

ਕਣਕ ਪੱਕਣ 'ਤੇ ਆਈ ਹੋਈ ਸੀ। ਬੱਲੀਆਂ ਸੁਨਹਿਰੀ ਰੰਗ ਫੜਨ ਲੱਗੀਆਂ ਸਨ। ਗਰਮੀ ਕੁਝ ਜ਼ਿਆਦਾ ਹੋਣ ਲੱਗੀ। ਕਰਮੇ ਨੇ ਨੌਕਰ ਭਈਏ ਨੂੰ ਆਖਿਆ, 'ਮੋਟਰ ਤੇ ਇੰਜਣ ਇਕੱਠੇ ਚਲਾ ਦੇਈਏ, ਇੱਕ ਪਾਣੀ ਜੇ ਸਾਰੀ ਕਣਕ ਨੂੰ ਲੱਗ ਜਾਵੇ ਤਾਂ ਚੰਗਾ ਰਹੂ, ਪਰ ਰੱਬ ਹਵਾ ਵੱਲੋਂ ਸੁੱਖ ਰੱਖੇ।'

'ਠੀਕ ਆ ਕਰ ਦੇਨੇ ਸ਼ੁਰੂ ਸਰਦਾਰ ਜੀ, ਸੁੱਖ ਏ ਰਾਖੂ, ਆਪਾਂ ਕਿਹਰਾ ਮਾਂਹ ਮਾਰੇ ਰੱਬ ਦੇ।' ਭਈਆ ਹਿੰਦੀ ਵਿੱਚ ਮਿਕਸ ਹੋਈ ਪੰਜਾਬੀ ਵਿੱਚ ਬੋਲਆ।

'ਹੁਣ ਕਾਹਨੂੰ ਪਾਣੀ ਲਾਈ ਜਾਨੇ ਓ' ਘੁੱਲੇਕਿਆਂ ਦਾ ਮੁੰਡਾ ਭਈਏ ਨੂੰ ਆਖਣ ਲੱਗਾ। ਉਨ੍ਹਾਂ ਦਾ ਕਰਮੇ ਕਿਆਂ ਨਾਲ ਬੰਨੇ ਨਾਲ ਬੰਨਾ ਸਾਂਝਾ ਸੀ।

'ਧੁੱਪ ਤੀਖੀ ਆ ਯਾਰ, ਦਾਨਾ ਮਾਜੂ ਨਾ ਹੋਵੇ, ਇਸ ਲੀਏ ਲਾ ਰਹੇ ਮਾਰਾ-ਮਾਰਾ ਪਾਨੀ' ਭਈਏ ਨੇ ਜਵਾਬ ਦਿੱਤਾ।

'ਤੁਸੀਂ ਵੀ ਸੁਦਾਈ ਓ ਯਾਰ, ਪੰਜ ਚਾਰ ਦਿਨ 'ਚ ਪੱਕ ਜਾਣੀ ਹੁਣ ਤਾਂ ਕਣਕ' ਘੁਲੇਕਿਆਂ ਦਾ ਮੁੰਡਾ ਆਖਣ ਲੱਗਾ।

'ਸਰਦਾਰ ਜੀ ਕਹਿਤਾ ਮਹਿਕਮੇ ਵਾਲਿਆਂ ਬੋਲਿਆ ਕਣਕ ਕੋ ਪਾਨੀ ਲਗਾਨੇ ਕੇ ਲੀਏ'

'ਮਹਿਕਮੇ ਵਾਲਿਆਂ ਨੂੰ ਬੜਾ ਪਤਾ। ਕੰਬਾਈਨ ਕਿਵੇਂ ਚੱਲੂ ਗਿੱਲੇ ਖੇਤਾਂ 'ਚ।' ਮੁੰਡੇ ਨੇ ਦਲੀਲ ਦਿੱਤੀ।

'ਚਲੋ, ਦੇਖਤੇ ਹੈਂ' ਭਈਆ ਇੰਨਾ ਆਖ ਕੇ ਚੁੱਪ ਕਰ ਗਿਆ। ਘੁੱਲੇਕਿਆਂ ਦੇ ਮੁੰਡੇ ਨੇ ਵੀ ਬਹੁਤੀ ਬਹਿਸ ਕਰਨੀ ਵਾਜਬ ਨਾ ਸਮਝੀ।

ਕਰਮੇ ਹੋਰੀਂ ਜਦ ਨੂੰ ਪਾਣੀ ਲਾ ਕੇ ਹਟੇ ਤਾਂ ਅਗੇਤੀ ਬੀਜੀ ਕਣਕ ਪੂਰੀ ਤਰ੍ਹਾਂ ਪੀਲੀ ਹੋ ਗਈ ਸੀ। ਪਰ ਪਾਣੀ ਲੱਗਣ ਕਰ ਕੇ ਦਾਣਾ ਹਾਲੇ ਕੱਚਾ ਸੀ। ਹੇਠਾਂ ਜ਼ਮੀਨ ਆਠਰ ਗਈ। ਉਂਝ ਵੀ ਉਹ ਅੱਧੀ ਪਚੱਧੀ ਕਣਕ ਹੀ ਕੰਬਾਈਨ ਨਾਲ ਕਟਾਉਂਦੇ ਸਨ, ਬਾਕੀ ਦੀ ਹੱਥਾਂ ਨਾਲ ਵੱਢ ਲੈਂਦੇ। ਪਸ਼ੂਆਂ ਲਈ ਤੂੜੀ ਤੰਦ ਹੋ ਜਾਂਦਾ। ਕੰਬਾਈਨ ਨਾਲ ਵੱਢੀ ਕਣਕ ਤੋਂ ਤੂੜੀ ਬਣਾਉਣ ਵਾਲੇ ਰੀਪਰ ਹਾਲੇ ਆਮ ਨਹੀਂ ਸਨ ਹੋਏ। ਧੁੱਪ ਤੇਜ਼ ਸੀ, ਚਾਰ ਪੰਜ ਕੁ ਦਿਨਾਂ ਬਾਅਦ ਉਨ੍ਹਾਂ ਕਣਕ ਵੱਢਣੀ ਸ਼ੁਰੂ ਕੀਤੀ। 7 ਏਕੜ ਦਾ ਠੇਕਾ ਉਨ੍ਹਾਂ ਪਿੰਡ ਦੇ ਹੀ ਕਾਮਿਆਂ ਨੂੰ ਦੇ ਦਿੱਤਾ ਸੀ, ਬਾਕੀ 3 ਏਕੜ ਕੰਬਾਈਨ ਤੋਂ ਕਟਵਾ ਦਿੱਤੀ। ਆਪਣੇ ਟੱਕ ਦੇ ਨਾਲ ਲਗਦੀ ਵਲੈਤੀਆਂ ਦੀ ਦੋ ਏਕੜ ਜ਼ਮੀਨ ਵੀ ਉਨ੍ਹਾਂ ਕੋਲ ਠੇਕੇ 'ਤੇ ਸੀ। ਇੱਕ ਏਕੜ ਵਿੱਚ ਕਮਾਦ ਬੀਜ ਰੱਖਿਆ ਸੀ ਤੇ ਏਕੜ ਕੁ ਪੱਠੇ ਦੱਥੇ ਲਈ ਰੱਖ ਲੈਂਦੇ ਸਨ। ਕਣਕ ਵੱਢਦਿਆਂ ਹੀ ਉਨ੍ਹਾਂ ਝੋਨੇ ਦੀ ਪਨੀਰੀ ਬੀਜ ਦਿੱਤੀ। ਲੇਟ ਲੱਗੇ ਪਾਣੀ ਕਰਕੇ ਖੇਤ ਵਹਿੰਦਤ ਸਨ। ਦਿਨ ਰਾਤ ਇੱਕ ਕਰਕੇ ਉਨ੍ਹਾਂ ਜ਼ਮੀਨ ਵਾਹ ਦਿੱਤੀ। ਦਿਨੇ ਭਈਆ ਲੱਗਾ ਰਹਿੰਦਾ ਤੇ ਕਰਮਜੀਤ ਉਪਰਲੇ ਕੰਮ ਨਿਬੇੜ ਲੈਂਦਾ। ਰਾਤ ਨੂੰ ਕਰਮਜੀਤ ਆਪ ਟਰੈਕਟਰ ਫੜ ਲੈਂਦਾ, ਤੇ ਹੁਕਮਾ ਵੀ ਹੱਥ ਵਟਾ ਜਾਂਦਾ। ਦੋ ਤਿੰਨ ਦਿਨ ਵਿੱਚ ਉਨ੍ਹਾਂ ਜ਼ਮੀਨ ਦੋਹਰ ਕੀਤੀ ਅਤੇ ਟਰੈਕਟਰ ਮਗਰ ਜਿੰਦਾ ਪਾ ਕੇ ਵੱਟਾਂ ਪਾ ਦਿੱਤੀਆਂ। ਚਰ੍ਹੀ ਬਾਜਰਾ ਬੀਜਣ ਵਾਲਾ ਕੰਮ ਵੀ ਮੁਕਾ ਲਿਆ। ਪੱਠੇ ਹਾਲੇ ਦੋ ਦੋ ਉਂਗਲ ਹੀ ਹੋਏ ਸਨ ਕਿ ਪਾਣੀ ਮੰਗਣ ਲੱਗੇ। ਝੋਨੇ ਦੀ ਪਨੀਰੀ ਚੰਗੀ ਜੰਮ ਪਈ ਸੀ। ਮਈ ਦਾ ਅਖੀਰ ਆਉਂਦਿਆਂ ਝੋਨੇ ਦੀ ਪਨੀਰੀ ਲਾਉਣ ਵਾਲੀ ਹੋ ਗਈ। ਉਨ੍ਹੀਂ ਦਿਨੀਂ ਝੋਨਾ ਪਹਿਲਾਂ ਲਾਉਣ ਦਾ ਕਿਸਾਨਾਂ ਵਿਚਕਾਰ ਮੁਕਾਬਲਾ ਚੱਲ ਪੈਂਦਾ ਸੀ। ਦੋ ਕੁ ਹਫਤੇ ਵਿੱਚ ਉਨ੍ਹਾਂ ਝੋਨਾ ਲਾਉਣ ਦਾ ਕੰਮ ਮੁਕਾ ਲਿਆ। ਜੂਨ ਦਾ ਅੱਧ ਆਉਂਦਿਆਂ ਉਨ੍ਹਾਂ ਦਾ ਅੱਧੇ ਤੋਂ ਵੱਧ ਝੋਨਾ ਹਰੇਵਾਈ ਫੜਨ ਲਗਾ ਸੀ ਅਤੇ ਇਸ ਵਾਰ ਮੌਨਸੂਨ ਵੀ 15 ਕੁ ਦਿਨ ਅਗੇਤੀ ਆ ਗਈ। ਮੀਂਹ ਪੈਣ ਤੱਕ ਝੋਨਾ ਬੂਝਾ ਮਾਰਨ ਲੱਗਾ। ਵਿਚਕਾਰ ਡੇੜ ਕੁ ਹਫਤੇ ਦੀ ਔੜ ਲੱਗ ਗਈ। ਬਿਜਲੀ ਰਾਤ ਨੂੰ ਆਉਂਦੀ। ਪਾਣੀ ਦੀ ਫਸਲ ਨੂੰ ਹੁਣ ਬੇਹੱਦ ਲੋੜ ਸੀ ਨਹੀਂ ਤਾਂ ਜਮੀਨ ਦੀਆਂ ਤਰੇੜਾਂ ਫਟ ਜਾਣੀਆਂ ਸਨ। ਫਟੀਆਂ ਤਰੇੜਾਂ ਵਿੱਚ ਪਾਣੀ ਨਹੀਂ ਸੀ ਖੜ੍ਹਦਾ। ਝੋਨੇ ਦੀ ਬਿਜਾਈ ਬਾਅਦ ਭਈਆ ਆਪਣੇ ਪਿੰਡ ਕੋਈ ਕੰਮ ਚਲਾ ਗਿਆ ਸੀ। ਕਰਮੇ ਨੂੰ ਇਨ੍ਹੀਂ ਦਿਨੀਂ ਟਾਈਫਾਈਡ ਬੁਖਾਰ ਹੋ ਗਿਆ।



ਹੁਣ ਜਦੋਂ ਬਿਜਲੀ ਰਾਤ ਦੀ ਹੁੰਦੀ ਤਾਂ ਹੁਕਮਾ ਕਰਮੇ ਕੋਲ ਖੇਤ ਹੀ ਰਹਿ ਪੈਂਦਾ। ਇੱਕ ਦਿਨ ਰਾਤ 11 ਕੁ ਵਜੇ ਉਹ ਝੋਨੇ ਦੇ ਵੱਖੀ ਵਾਲੇ ਕਿਆਰਿਆਂ ਵਿੱਚ ਪਾਣੀ ਵੇਖਣ ਲਈ ਗਿਆ। ਉਹ ਭਈਏ ਵੱਲੋਂ ਗੰਜੇ ਸਿਰ ਵਾਂਗ ਘੜੇ ਬੰਨੇ ਉਪਰ ਤੁਰ ਰਿਹਾ ਸੀ। ਇੱਕ ਪਾਸੇ ਉਨ੍ਹਾਂ ਦਾ ਝੋਨਾ ਸੀ ਤੇ ਦੂਜੇ ਪਾਸੇ ਘੁੱਲੇਕਿਆਂ ਦੀ ਜ਼ਮੀਨ, ਜਿਥੇ ਉਨ੍ਹਾਂ ਬਾਜਰਾ ਬੀਜਿਆ ਹੋਇਆ ਸੀ। ਇੱਕ ਕਿਆਰੇ ਵਿੱਚ ਪਾਣੀ ਜ਼ਿਆਦਾ ਪੈ ਗਿਆ ਸੀ। ਕਈ ਥਾਵਾਂ ਤੇ ਬੰਨੇ ਉਪਰੋਂ ਦੀ ਪਾਣੀ ਘੁੱਲੇਕਿਆਂ ਦੇ ਬਾਜਰੇ ਵਿੱਚ ਵੀ ਚਲਾ ਗਿਆ। ਤੁਰਦਿਆਂ ਅਚਾਨਕ ਹੁਕਮ ਸਿਉਂ ਦਾ ਪੈਰ ਤਿਲਕਿਆ ਅਤੇ ਉਹ ਮੂੰਹ ਪਰਨੇ ਪਾਣੀ ਵਾਲੇ ਕਿਆਰੇ ਵਿੱਚ ਡਿਗਿਆ। ਕੋਈ ਚੀਜ਼ ਉਸ ਦੇ ਸਾਰੇ ਸਰੀਰ ਨੂੰ ਪ੍ਰੇਤ ਵਾਂਗ ਚਿੰਬੜ ਗਈ ਸੀ। ਡਿਗਦਿਆਂ ਹੀ ਉਹ ਪਲਾਂ ਵਿੱਚ ਦਮ ਤੋੜ ਗਿਆ। ਤੜਕੇ 5 ਕੁ ਵਜੇ ਨਵਜੋਤ ਉਹਨੂੰ ਚਾਹ ਦੇਣ ਲਈ ਮੋਟਰ ਵਾਲੇ ਕਮਰੇ ਵੱਲ ਆਈ। ਮੋਟਰ ਦੇ ਬਾਹਰ ਜਿਥੇ ਉਹ ਮੱਛਰਦਾਨੀ ਲਾ ਕੇ ਸੌਂਦਾ ਸੀ, ਮੰਜਾ ਵਿਹਲਾ ਪਿਆ ਸੀ। ਕਰਮੇ ਨੂੰ ਫਿਕਰ ਹੋਇਆ। ਫਿਰ ਉਹ ਸੋਚਣ ਲੱਗਾ ਸ਼ਾਇਦ ਤੜਕੇ ਘਰ ਚਲਾ ਗਿਆ ਹੋਣਾ। ਸਵੇਰ ਦੇ 10 ਕੁ ਵਜੇ ਜਦੋਂ ਨਸੀਬੋ ਆਈ ਤਾਂ ਉਨ੍ਹਾਂ ਨੂੰ ਪਤਾ ਲੱਗਾ ਕੇ ਹੁਕਮਾ ਘਰ ਨਹੀਂ ਸੀ ਗਿਆ। ਕੁਦਰਤੀ ਘੁੱਲੇਕਿਆਂ ਦੇ ਖੇਤ ਵਾਲੇ ਪਾਸਿਉਂ ਹੀ ਉਨ੍ਹਾਂ ਨੇ ਹੁਕਮੇ ਨੂੰ ਲੱਭਣਾ ਸ਼ੁਰੂ ਕੀਤਾ। ਪੰਜਵੇਂ ਕਿਆਰੇ ਦੇ ਲਾਗੇ ਗਏ ਤਾਂ ਹੁਕਮਾ ਮੂਧੇ ਮੂੰਹ ਝੋਨੇ ਵਿੱਚ ਡਿੱਗਿਆ ਪਿਆ ਸੀ। ਕਰਮੇ ਨੇ ਘਬਰਾਹਟ ਵਿੱਚ ਉਹਨੂੰ ਆਵਾਜ਼ਾਂ ਮਾਰੀਆਂ। 'ਹੁਕਮ ਸਿਆਂ ਕੀ ਹੋਇਆ ਤੈਨੂੰ, ਉੱਠ ਬਾਈ, ਉੱਠ ਮੂੰਹ ਚੁੱਕ ਮਾੜਾ ਜਿਹਾ।' ਉਹਨੇ ਹੁਕਮੇ ਦਾ ਪੈਰ ਫੜ ਕੇ ਹਿਲਾਉਣ ਦਾ ਯਤਨ ਕੀਤਾ। ਇੱਕ ਵੱਡੇ ਝਟਕੇ ਨਾਲ ਉਹ ਪਿਛਾਂਹ ਵੱਲ ਘੁੱਲੇਕਿਆਂ ਦੇ ਬਾਜਰੇ ਵਿੱਚ ਡਿੱਗਿਆ। ਇੱਡਾ ਵੱਡਾ ਕਰੰਟ ਦਾ ਝਟਕਾ ਲੱਗਾ ਕਿ ਇੱਕ ਵਾਰ ਤਾਂ ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਟਾਈਫੈਡ ਨਾਲ ਭੰਨੀ ਉਸ ਦੀ ਦੇਹ ਵਿੱਚੋਂ ਜਿਵੇਂ ਜਾਨ ਨਿਕਲ ਗਈ ਹੋਵੇ। ਉਹਨੇ ਉਪਰ ਵੱਲ ਵੇਖਿਆ ਬਿਜਲੀ ਦੀ ਇੱਕ ਤਾਰ ਗਾਇਬ ਸੀ। ਧਾਨਾਂ ਦੇ ਖੱਤੇ ਵੱਲ ਨਜ਼ਰ ਦੌੜਾਈ ਤਾਂ ਇਹਦਾ ਇੱਕ ਸਿਰਾ ਉਸੇ ਕਿਆਰੇ ਵਿੱਚ ਨੇੜੇ ਹੀ ਡਿੱਗਾ ਪਿਆ ਸੀ, ਜਿਸ ਵਿੱਚ ਹੁਕਮਾ ਮਰਿਆ ਪਿਆ ਸੀ। ਉਸ ਦੀ ਦੇਹ ਆਕੜ ਗਈ ਸੀ। ਮੂੰਹ ਮਿੱਟੀ ਵਿੱਚ ਧਸਿਆ ਪਿਆ ਸੀ। ਕਰਮੇ ਨੇ ਕੁੜਤੇ ਦੀ ਸਾਹਮਣੇ ਵਾਲੀ ਜੇਬ 'ਤੇ ਹੱਥ ਮਾਰਿਆ, ਫੋਨ ਜੇਬ ਵਿੱਚ ਨਹੀਂ ਸੀ, ਪਰ੍ਹਾਂ ਬਾਜਰੇ ਵਾਲੇ ਖੇਤ ਵਿੱਚ ਡਿੱਗਾ ਪਿਆ ਸੀ। ਜਲਦੀ ਨਾਲ ਚੁੱਕ ਕੇ ਉਹਨੇ ਘੁੱਲੇਕਿਆਂ ਦੇ ਮੁੰਡੇ ਨੂੰ ਫੋਨ ਮਿਲਾਇਆ। ਟੁੱਟੀ ਤਾਰ ਤੇ ਹੁਕਮੇ ਦੀ ਹੋਣੀ ਬਾਰੇ ਦੱਸਿਆ। ਉਹਨੂੰ ਨਾਲ ਲੈ ਕੇ ਉਹ ਲਾਈਨ ਦੇ ਟਰਾਂਸਫਾਰਮ 'ਤੇ ਪਹੁੰਚੇ। ਸਵਿੱਚ ਕੱਟੀ ਤੇ ਮੁੰਡੇ ਨੂੰ ਉਥੇ ਹੀ ਖੜ੍ਹਾ ਕਰਕੇ ਕਰਮਾ ਹੁਕਮੇ ਦੀ ਲਾਸ਼ ਸਾਂਭਣ ਲੱਗਾ। ਉਹਨੇ ਫੋਨ ਕਰਕੇ ਲਾਗੇ ਚਾਗੇ ਦੇ ਹੋਰ ਬੰਦੇ ਸੱਦ ਲਏ। ਹੁਕਮ ਸਿਉਂ ਦੀ ਲਾਸ਼ ਮੰਜੇ 'ਤੇ ਪਾਈ ਸੀ। ਮੋਟਰ ਦੇ ਚੁਬੱਚੇ ਦੇ ਪਾਣੀ ਨਾਲ ਕਰਮੇ ਨੇ ਉਹਦਾ ਮੂੰਹ ਤੇ ਸਰੀਰ ਦੇ ਹੋਰ ਹਿੱਸੇ ਸਾਫ ਕੀਤੇ। ਸਾਫ ਕੱਪੜੇ ਪੁਆਏ ਅਤੇ ਜਾਮਣ ਹੇਠ ਮਿੰਜੇ 'ਤੇ ਰੱਖ ਦਿੱਤੀ। ਉੱਪਰ ਚਿੱਟੀ ਚਾਦਰ ਪਾ ਦਿੱਤੀ। ਫਿਰ ਉਹਨੇ ਬਿਜਲੀ ਦਫਤਰ ਵਿੱਚ ਫੋਨ ਕੀਤਾ ਤੇ ਬੀਤੀ ਰਾਤ ਮੂੰਹ ਹਨੇਰੇ ਜਿਹੇ ਆਏ ਝੱਖੜ ਨਾਲ ਟੁੱਟੀ ਤਾਰ ਬਾਰੇ ਦੱਸਿਆ, ਜਿਸ ਨਾਲ ਉਸ ਦੇ ਦੋਸਤ ਦੀ ਮੌਤ ਹੋ ਗਈ ਸੀ। ਬਿਜਲੀ ਬੋਰਡ ਵਾਲਿਆਂ ਪਿਛਿਉਂ ਲਾਈਨ ਦੀ ਬਿਜਲੀ ਬੰਦ ਕਰ ਦਿੱਤੀ। ਕਰਮੇ ਨੇ ਘੁੱਲੇਕਿਆਂ ਦੇ ਮੁੰਡੇ ਨੂੰ ਵੀ ਇਸ ਬਾਰੇ ਸੁਨੇਹਾ ਦਿੱਤਾ। ਮੁੰਡੇ ਨੇ ਵਧੇਰੇ ਅਕਲਮੰਦੀ ਕੀਤੀ। ਉਹਨੇ ਸਵਿਚ ਕੱਟ ਕੇ ਲੋਹੇ ਦੀ ਤਾਰ ਨਾਲ ਨਰੜ ਦਿੱਤੀ ਅਤੇ ਇੱਕ ਰਾਹੀ ਤੋਂ ਕਾਗਜ਼ ਪੈਨ ਲੈ ਕੇ ਘਟਨਾ ਬਾਰੇ ਲਿਖਿਆ ਤੇ ਬੱਝੀ ਹੋਈ ਤਾਰ ਨਾਲ ਟੰਗ ਦਿੱਤਾ।

ਪਲਾਂ ਵਿੱਚ ਹੀ ਖ਼ਬਰ ਸਾਰੇ ਪਿੰਡ ਵਿੱਚ ਫੈਲ ਗਈ। ਥੋੜ੍ਹੀ ਦੇਰ ਬਾਅਦ ਵੱਡਾ ਇਕੱਠ ਹੋ ਗਿਆ। ਸ਼ਰੀਕੇ ਵਿੱਚੋਂ ਚੁੱਕਣਾ ਦੇਣ ਵਾਲੇ ਵੀ ਸਰਗਰਮ ਹੋ ਗਏ ਸਨ। ਪੁਲਿਸ ਵਾਲੇ ਵੀ ਪਹੁੰਚ ਗਏ। ਵਿਰੋਧੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਟਿੱਲ ਲਾ ਰਹੇ ਸਨ। ਨਸੀਬੋ ਹਾਲੋਂ ਬੇਹਾਲ ਸੀ। ਨਵਜੋਤ ਨੇ ਉਸ ਨੂੰ ਆਪਣੀ ਬੁੱਕਲ ਵਿੱਚ ਸਾਂਭਿਆ ਹੋਇਆ ਸੀ। ਵੀਰਦੀਪ ਆਪਣੀ ਮਾਂ ਦੇ ਲਾਗੇ ਖੜਾ ਸੀ। ਉਸ ਦੇ ਚਿਹਰੇ ਤੋਂ ਹੰਝੂ ਵਹਿ ਕੇ ਜ਼ਮੀਨ 'ਤੇ ਡਿੱਗ ਰਹੇ ਸਨ। ਨਵਜੋਤ ਨੇ ਇੱਕ ਬਾਂਹ ਨਾਲ ਉਹਨੂੰ ਵੀ ਆਪਣੀ ਜੱਫੀ ਵਿੱਚ ਲਿਆ ਤੇ ਵਰਾਉਣ ਦਾ ਯਤਨ ਕਰਨ ਲੱਗੀ। ਨਸੀਬ ਕੁਰ ਦਾ ਵਿਰਲਾਪ ਅਸਹਿ ਸੀ; 'ਹਾਏ ਮੈਂ ਇੱਕ ਨਿੱਕੀ ਜਿਹੀ ਜਾਨ ਨੂੰ ਲੈ ਕੇ ਕਿੱਥੇ ਜਾਵਾਂਗੀ।' ਓਹਨੇ ਦੁਹੱਥੜ ਮਾਰੀ। ਪੁਲਿਸ ਨੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ। ਮੌਤ ਕਰੰਟ ਨਾਲ ਹੋਈ ਲਗਦੀ ਸੀ। ਥਾਣੇਦਾਰ ਕਰਮੇ ਨੂੰ ਹੱਥ ਫੜ ਕੇ ਇੱਕ ਪਾਸੇ ਲੈ ਗਿਆ। 'ਤੁਸੀਂ ਲਾਸ਼ ਪੁਲਿਸ ਦੇ ਮੌਕਾ ਵੇਖਣ ਤੋਂ ਪਹਿਲਾਂ ਹੀ ਚੁੱਕ ਲਈ, ਸਾਡੇ ਆਉਣ ਤੱਕ ਉਥੇ ਪਈ ਰਹਿਣ ਦਿੰਦੇ। ਮੌਕੇ ਦੀਆਂ ਫੋਟੋਆਂ ਵਗੈਰਾ ਖਿੱਚ ਲੈਂਦੇ ਤੇ ਟੁੱਟੀ ਤਾਰ ਦੀਆਂ ਵੀ। ਮਹਿਕਮੇ ਤੋਂ 5-7 ਲੱਖ ਰੁਪਈਆ ਮੁਆਵਜ਼ਾ ਮਿਲ ਜਾਂਦਾ, ਗਰੀਬ ਦਾ ਬੱਚਾ ਪੜ੍ਹ ਜਾਂਦਾ।'

'ਹੁਣ ਵੀ ਜੇ ਘਟਨਾ ਵਾਲੀ ਥਾਂ 'ਤੇ ਲਾਸ਼ ਰੱਖ ਕੇ ਟੁੱਟੀ ਤਾਰ ਦੀਆਂ ਫੋਟੋਆਂ ਖਿੱਚ ਲਈਏ ਤਾਂ ਗੱਲ ਬਣ ਸਕਦੀ, ਪਰ ਲਾਸ਼ ਦਾ ਪੋਸਟ ਮਾਰਟਮ ਜ਼ਰੂਰ ਕਰਵਾਉਣਾ ਪਊ।' ਉਹ ਹੋਰ ਆਖਣ ਲੱਗਾ। ਕਰਮੇ ਨੇ ਨਸੀਬੋ ਨੂੰ ਇੱਕ ਪਾਸੇ ਬੁਲਾ ਕੇ ਗੱਲ ਕੀਤੀ, ਉਹ ਮੰਨੀ ਨਾ। ਆਖਣ ਲੱਗੀ, 'ਕਿਉਂ ਮਰੇ ਦਾ ਚੀਰ ਹਰਨ ਕਰਨਾ, ਮੈਨੂੰ ਨੀ ਚਾਹੀਦਾ ਮੁਆਵਜ਼ਾ, ਮੈਂ ਤੀਵੀਂ ਮਾਨੀ ਕਿੱਥੇ ਅਦਾਲਤਾਂ ਦੇ ਚੱਕਰ ਕੱਟਦੀ ਫਿਰਾਂਗੀ।' ਉਹ ਆਖਣ ਲੱਗੀ। ਪਿੰਡ ਦਾ ਸਰਪੰਚ ਕਰਮੇ ਕਿਆਂ ਦਾ ਪੱਖੀ ਸੀ। ਉਹਨੇ ਇਲਾਕੇ ਦੇ ਐਮ.ਐਲ.ਏ. ਨੂੰ ਵਿੱਚ ਪਾ ਕੇ ਪੋਸਟ ਮਾਰਟਮ ਤੋਂ ਬਚਾਅ ਕਰਵਾ ਦਿੱਤਾ। ਸ਼ਾਮ ਪੰਜ ਵਜੇ ਤੱਕ ਸਾਰੇ ਰਿਸ਼ਤੇਦਾਰ ਪੁੱਜ ਗਏ। 'ਗਰਮੀ ਦਾ ਮਹੀਨਾ, ਲਾਸ਼ ਰੱਖਣ ਦਾ ਕੋਈ ਫਾਇਦਾ ਨੀ ਦਾਗ ਦੇਣ ਦੀ ਕਰੋ', ਸਰਪੰਚ ਆਖਣ ਲੱਗਾ। ਸ਼ਾਮ ਛੇ ਕੁ ਵਜੇ ਵੀਰਦੀਪ ਨੇ ਆਪਣੇ ਬਾਪ ਦੀ ਚਿਖਾ ਨੂੰ ਅਗਨੀ ਵਿਖਾਈ। ਪੱਛੋਂ ਵੱਲੋਂ ਵਗਦੀ ਹਵਾ ਨਾਲ ਪਲਾਂ ਵਿੱਚ ਹੀ ਅੱਗ ਮਘ ਉੱਠੀ। ਨਾਲ ਹੀ ਨਸੀਬੋ ਦੀਆਂ ਭੁੱਬਾਂ ਨਿਕਲ ਗਈਆਂ। ਵੀਰਦੀਪ ਫੁੱਟ ਫੁੱਟ ਕੇ ਰੋਣ ਲੱਗਾ। ਕਰਮੇ ਨੇ ਉਹਨੂੰ ਬੁੱਕਲ ਵਿੱਚ ਲਿਆ ਤੇ ਨਵਜੋਤ ਨੇ ਨਸੀਬੋ ਨੂੰ। ਪਾਠੀ ਸਿੰਘ ਨੇ ਅਰਦਾਸ ਕੀਤੀ ਅਤੇ ਫਿਰ ਸਾਰਿਆਂ ਨੂੰ ਗੁਰਦੁਆਰੇ ਪਹੁੰਚਣ ਲਈ ਕਿਹਾ। ਦੂਰ ਦੇ ਸੰਬੰਧੀ ਚਲੇ ਗਏ ਸਨ। ਪਿੰਡ ਦੇ ਰਿਸ਼ਤੇਦਾਰ ਤੇ ਵੀਰਦੀਪ ਦੇ ਨਾਨਕਿਆਂ ਵਾਲੇ ਰੁਕ ਗਏ। ਵੀਰਦੀਪ ਦਾ ਵੱਡਾ ਮਾਮਾਂ ਮਾਪਿਆਂ ਨਾਲ ਰਹਿੰਦਾ ਸੀ ਤੇ ਆਪਣੇ ਪਿੰਡ ਹੀ ਕਿਸੇ ਨਾਲ ਨੌਕਰ ਸੀ। ਦੂਜਾ ਸ਼ਹਿਰ ਦਿਹਾੜੀ ਦੱਪਾ ਕਰਦਾ। ਪਿਉ ਦੀ ਕਈ ਸਾਲ ਪਹਿਲਾਂ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਗੁਰਦੁਆਰੇ ਪਾਠ ਅਤੇ ਥੋੜੇ ਜਿਹੇ ਸ਼ਬਦਾਂ ਦੇ ਵਿਖਿਆਨ ਤੋਂ ਬਾਅਦ ਪਾਠੀ ਨੇ ਮੁੜ ਅਰਦਾਸ ਕੀਤੀ ਅਤੇ ਸਾਰੇ ਆਪੋ ਆਪਣੇ ਘਰਾਂ ਨੂੰ ਚਲੇ ਗਏ। ਪਿਛੇ ਰਹਿ ਗਏ ਰਿਸ਼ਤੇਦਾਰਾਂ ਅਤੇ ਵੀਰਦੀਪ ਦੇ ਨਾਨਕਿਆਂ ਦੇ ਟੱਬਰ ਨੂੰ ਕਰਮੇ ਹੁਰੀਂ ਆਪਣੇ ਘਰ ਲੈ ਗਏ। ਨਵਜੋਤ ਨੇ ਦੋਧੀ ਅੱਜ ਮੋੜ ਦਿੱਤਾ ਸੀ। ਰੋਟੀ ਖਾਣ ਦਾ ਕਿਸੇ ਦਾ ਮਨ ਨਹੀਂ ਸੀ। ਸਾਰਿਆਂ ਨੂੰ ਗੁੜ ਵਾਲਾ ਦੁਧ ਵਰਤਾਇਆ ਗਿਆ। ਦੇਰ ਰਾਤ ਤੱਕ ਤੁਰ ਗਏ ਦੀਆਂ ਗੱਲਾਂ ਹੁੰਦੀਆਂ ਰਹੀਆਂ ਤੇ ਨਸੀਬੋ ਦੇ ਭਵਿੱਖ ਬਾਰੇ ਵੀ। ਅਖੀਰ ਪੇਕਿਆਂ ਨੇ ਕੁਝ ਦਿਨ ਲਈ ਨਸੀਬੋ ਨੂੰ ਨਾਲ ਲੈ ਜਾਣ ਲਈ ਕਿਹਾ, ਪਰ ਉਹ ਮੰਨੀ ਨਾ। ਆਖਣ ਲੱਗੀ ਤੁਰਨ ਵਾਲਾ ਤਾਂ ਤੁਰ ਗਿਆ, ਮੇਰੇ ਮੁੰਡੇ ਦੀ ਪੜ੍ਹਾਈ ਖਰਾਬ ਹੋਵੇਗੀ।

'ਭਾਬੀ ਚਲੀ ਜਾਹ ਕੁਸ਼ ਦਿਨਾਂ ਲਈ, ਮਨ ਹੋਰ ਹੋ ਜੂ, ਵੀਰਦੀਪ ਸਾਡੇ ਵੱਲ ਰਹਿ ਲਊ, ਮੈਂ ਛੱਡ ਆਇਆ ਕਰਾਂਗਾ ਸਕੂਲੇ।' ਕਰਮਾ ਆਖਣ ਲੱਗਾ।

ਨਸੀਬੋ ਦੇ ਮਾਪੇ ਫਿਰ ਜ਼ੋਰ ਪਾਉਣ ਲੱਗੇ। ਅਖੀਰ ਉਹ ਮੰਨ ਗਈ। ਉਹਨੇ ਵੀਰਦੀਪ ਵੱਲ ਮੂੰਹ ਕੀਤਾ ਤੇ ਪੁੱਛਣ ਲਗੀ 'ਪੁੱਤ ਤੂੰ ਰਹਿ ਲਵੇਂਗਾ ਚਾਚੇ ਹੋਰਾਂ ਵੱਲ?' ਵੀਰਦੀਪ ਮੂੰਹੋਂ ਤਾਂ ਕੁਝ ਨਾ ਬੋਲਿਆ, ਪਰ ਉਹਨੇ ਹਾਂ ਵਿੱਚ ਸਿਰ ਮਾਰਿਆ। ਨਸੀਬੋ ਦੇ ਮਾਪਿਆਂ ਨੇ ਜ਼ੋਰ ਪਾਇਆ, 'ਇਹਨੂੰ ਵੀ ਨਾਲ ਲੈ ਚੱਲ ਕੁਸ਼ ਦਿਨ।' ਉਨ੍ਹਾਂ ਨੂੰ ਸੀ ਬਈ ਜ਼ਿਮੀਦਾਰਾਂ 'ਤੇ ਪੈਸੇ ਲਈ ਜ਼ੋਰ ਪਾਵਾਂਗੇ, ਪਰ ਨਸੀਬੋ ਫਿਰ ਮੁੱਕਰ ਗਈ। ਉਹਨੂੰ ਵੀਰਦੀਪ ਦੇ ਨਵਜੋਤ ਨਾਲ ਲਗਾਓ ਦਾ ਪਤਾ ਸੀ।

ਨਸੀਬੋ ਆਪਣੇ ਪੇਕੀਂ ਮਾਂ ਵੱਲ ਹੀ ਰਹੀ। ਸਵੇਰੇ ਸ਼ਾਮ ਛੋਟਾ ਵੀ ਉਹਦੀ ਖ਼ਬਰ ਸਾਰ ਲੈਣ ਆ ਜਾਂਦਾ। ਕੁਝ ਦਿਨ ਚੰਗੇ ਗੁਜ਼ਰੇ, ਭਾਬੀਆਂ ਵੀ ਨਸੀਬੋ ਦਾ ਤਿਹੁ ਕਰਦੀਆਂ। ਉਹਦੀ ਮਾਂ ਵੀ ਆਪਣੀ ਧੀ ਦਾ ਦਿਲ ਧਰਾਉਣ ਲਈ ਪੂਰਾ ਯਤਨ ਕਰਦੀ। ਕੁਝ ਦਿਨ ਬਾਅਦ ਵਿਹਾਰਕ ਗੱਲਾਂ ਹੋਣ ਲੱਗੀਆਂ। ਮਾਪਿਆਂ ਨੂੰ ਸੀ ਕਿ ਇਹ ਕਰਮੇ ਕਿਆਂ ਤੋਂ ਪੰਜ ਸੱਤ ਲੱਖ ਰੁਪਏ ਦੀ ਮੰਗ ਕਰੇ। ਆਖਰ ਹੁਕਮੇ ਦੀ ਮੌਤ ਉਨ੍ਹਾਂ ਦੇ ਖੇਤਾਂ ਵਿੱਚ ਕੰਮ ਕਰਦਿਆਂ ਹੋਈ ਸੀ। ਉਹ ਮੁੰਡੇ ਨੂੰ ਵੀ ਪੇਕੇ ਲਿਆਉਣ ਲਈ ਜ਼ੋਰ ਪਾਉਂਦੇ, ਪਰ ਨਸੀਬੋ ਪੈਰਾਂ 'ਤੇ ਪਾਣੀ ਨਾ ਪੈਣ ਦਿੰਦੀ; 'ਮੁਆਵਜ਼ਾ ਹੀ ਲੈਣਾ ਸੀ ਤਾਂ ਪੋਸਟ ਮਾਰਟਮ ਕਰਵਾਉਂਦੇ, ਬਿਜਲੀ ਮਹਿਕਮੇ ਨੂੰ ਪੈਸੇ ਦੇਣੇ ਪੈਣੇ ਸਨ।'

'ਸਾਨੂੰ ਕੀਹਨੇ ਪੁੱਛਿਆ, ਜਾਂਦਿਆਂ ਨੂੰ ਦਾਗ ਦੇਣ ਲਈ ਜ਼ੋਰ ਪਾਉਣ ਲੱਗੇ।' ਨਸੀਬੋ ਦਾ ਵੱਡਾ ਭਰਾ ਆਖਣ ਲੱਗਾ।

'ਮੈਨੂੰ ਪੁੱਛਿਆ ਸੀ ਕਰਮੇ ਨੇ, ਮੈਂ ਆਖ ਦਿੱਤਾ ਕਾਹਨੂੰ ਇਹਦੀ ਮਰੇ ਦੀ ਮਿਟੀ ਰੋਲਦੇ ਹੋ, ਮੈਨੂੰ ਨੀ ਚਾਹੀਦੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਸ਼ਾਹਸਵਾਰ

ਪੈਸੇ।' ਨਸੀਬੋ ਨੇ ਜੁਆਬ ਦਿੱਤਾ। 'ਪੈਸੇ ਬਿਨਾ ਵੀ ਜ਼ਿੰਦਗੀ ਨੀ ਚਲਦੀ ਧੀਏ, ਗੱਲ ਸੋਚ ਕੇ ਕਰੀਦੀ' ਨਸੀਬੋ ਦੀ ਮਾਂ ਨੇ ਆਪਣਾ ਤਜ਼ਰਬਾ ਸਾਂਝਾ ਕੀਤਾ, ਭਾਬੀਆਂ ਤੇ ਭਰਾ ਵੀ ਮੁਆਵਜ਼ੇ ਲਈ ਜੁਆਬ ਦੇਣ ਕਾਰਨ ਨਸੀਬੋ ਨੂੰ ਬੁਰਾ ਭਲਾ ਆਖਣ ਲੱਗੇ। 'ਮੈਂ ਚਲੀ ਜਾਨੀ ਆਂ ਆਪਣੇ ਘਰ ਕੱਲ੍ਹ ਨੂੰ, ਨਾਲੇ ਵੀਰਦੀਪ ਵੀ ਇਕੱਲਾ। ਮੇਰਾ ਗੁਜ਼ਾਰਾ ਆਪੇ ਰੱਬ ਵੇਖੂ, ਤੁਸੀਂ ਕਾਹਨੂੰ ਫਿਕਰ ਕਰਦੇ।'

'ਚੰਗਾ ਜਾ ਆ ਨਾਲੇ ਘਰ ਵੱਲ ਨਿਗਾਹ ਮਾਰ ਆਵੀਂ। ਆ ਜਾਵੀਂ ਜਲਦੀ ਨਾਲੇ ਵੀਰਦੀਪ ਨੂੰ ਵੀ ਨਾਲ ਲੈ ਆਵੀਂ, ਕਹੇਂ ਤਾਂ ਤੇਰੇ ਭਰਾ ਨੂੰ ਭੇਜ ਦੇਨੇ ਆਂ ਨਾਲ' ਉਹਦੀ ਮਾਂ ਆਖਣ ਲੱਗੀ।

'ਇਨ੍ਹਾਂ ਦਾ ਕੰਮ ਕਾਹਨੂੰ ਛਡਾਉਣਾ, ਮੈਂ ਜਾ ਆਉਨੀ ਇਕੱਲੀ ਹੀ' ਨਸੀਬੋ ਦੇ ਮੂੰਹੋਂ ਨਿਕਲਿਆ। ਅਗਲੇ ਦਿਨ ਦਸ ਵਜੇ ਵਾਲੀ ਬੱਸ ਫੜ ਕੇ ਉਹ ਆਪਣੇ ਸਹੁਰੇ ਪਿੰਡ ਆ ਗਈ। ਦੋਹਾਂ ਪਿੰਡਾਂ ਦਾ ਫਰਕ ਦਸ ਕੁ ਮੀਲ ਦਾ ਸੀ। ਉਸ ਨੇ ਘਰ ਦਾ ਬੂਹਾ ਖੋਲ੍ਹਿਆ, ਦੋ ਕੁ ਦਿਨਾਂ ਵਿੱਚ ਹੀ ਮੰਜਿਆਂ ਬਿਸਤਰਿਆਂ 'ਤੇ ਧੂੜ ਜੰਮਣ ਲੱਗ ਪਈ ਸੀ। ਨਸੀਬੋ ਨੂੰ ਖਾਲੀ ਘਰ ਖਾਣ ਨੂੰ ਆਇਆ। ਉਹਨੇ ਬਿਨਾ ਕੁਝ ਖਾਧੇ ਪੀਤੇ ਜਿੰਦਾ ਲਾਇਆ ਤੇ ਕਰਮੇ ਕਿਆਂ ਵੱਲ ਤੁਰ ਪਈ। ਉਹ ਵੀਰਦੀਪ ਨੂੰ ਮਿਲਣ ਲਈ ਤਰਸੀ ਪਈ ਸੀ। ਕਰਮੇ ਕੇ ਘਰ ਵੱਲ ਜਾਂਦੀ ਕੱਚੀ ਪਹੀ ਪੈਂਦਿਆਂ ਉਹਦੇ ਹੰਝੂ ਵਗਦੇ ਰਹੇ। ਹੁਕਮੇ ਦੀ ਮੂਰਤ ਉਹਦੀਆਂ ਅੱਖਾਂ ਮੂਹਰੇ ਘੁੰਮਦੀ ਰਹੀ, 'ਇਨ੍ਹਾਂ ਖੇਤਾਂ ਵਿੱਚ ਹੀ ਕਿਧਰੇ ਗੁੰਮ ਗਿਆ ਵੀਰਦੀਪ ਦਾ ਬਾਪੂ, ਐਡੇ ਜਹਾਨ 'ਚ ਮੈਨੂੰ 'ਕੱਲੀ ਨੂੰ ਛੱਡ ਗਿਆ' ਉਹ ਆਪਣੇ ਆਪ ਨਾਲ ਗੱਲਾਂ ਕਰਦੀ ਜਾ ਰਹੀ ਸੀ। ਇੱਕ ਦੋ ਦਿਨ ਬਾਅਦ ਗਰਮੀ ਦੀਆਂ ਛੁੱਟੀਆਂ ਹੋਣ ਵਾਲੀਆਂ ਸਨ। ਨਵਜੋਤ ਤੇ ਵੀਰਦੀਪ ਨੂੰ ਮਿਲਦੀਆਂ ਹੀ ਨਸੀਬੋ ਫਿਰ ਧਾਹੀਂ ਰੋ ਪਈ। 'ਹਾਏ ਮੈਂ ਇਕੱਲੀ ਕਿੱਥੇ ਰਹਾਂਗੀ ਮੁੰਡੇ ਨੂੰ ਲੈ ਕੇ, ਤੂੰ ਉਥੇ ਜਾ ਬੈਠਾਂ ਵੇ ਜਿਥੋਂ ਕੋਈ ਨਹੀਂ ਮੁੜਿਆ।' ਨਸੀਬੋ ਦੀ ਹੂਕ ਚਿੱਤ ਨੂੰ ਧੂਹ ਪਾਉਂਦੀ। ਵੀਰਦੀਪ ਵੀ ਤਿੱਪ-ਤਿੱਪ ਹੰਝੂ ਕੇਰਨ ਲੱਗਾ। ਉਹ ਰੋਂਦਾ ਜ਼ਰੂਰ ਸੀ, ਪਰ ਨਾ ਕੋਈ ਆਵਾਜ਼ ਕੱਢਦਾ ਤੇ ਨਾ ਕੋਈ ਸ਼ਬਦ ਬੋਲਦਾ। ਕਰਮਾ ਖੇਤਾਂ ਵੱਲ ਗਿਆ ਹੋਇਆ ਸੀ। ਉਹ ਜਦੋਂ ਵਾਪਸ ਆਇਆ ਤਾਂ ਘਰੇ ਮਾਹੌਲ ਫਿਰ ਗਮਗੀਨ ਹੋਇਆ ਪਿਆ ਸੀ।

'ਭਾਬੀ ਸਬਰ ਕਰੋ ਹੁਣ, ਜੋ ਰੱਬ ਦਾ ਭਾਣਾ ਸੀ ਵਾਪਰ ਗਿਆ। ਮੁੰਡੇ ਵੱਲ ਧਿਆਨ ਦਿਉ। ਇਹ ਬੜਾ ਲਾਇਕ ਆ, ਇਹਦੀ ਪੜ੍ਹਾਈ ਨਾ ਖਰਾਬ ਹੋਵੇ। ਸਾਥੋਂ ਜਿੰਨਾ ਸਰਿਆ, ਅਸੀਂ ਥੁਆਡੇ ਨਾਲ ਖੜੇ ਰਹਾਂਗੇ।' ਕਰਮੇ ਦੇ ਬੋਲਾਂ ਨੇ ਨਸੀਬੋ ਨੂੰ ਧਰਵਾਸ ਦਿਤਾ। ਨਵਜੋਤ ਨੇ ਰਾਤ ਉਨ੍ਹਾਂ ਵੱਲ ਹੀ ਰਹਿਣ ਲਈ ਜ਼ੋਰ ਪਾਇਆ, ਪਰ ਨਸੀਬੋ ਮੁੰਡੇ ਨੂੰ ਲੈ ਕੇ ਸ਼ਾਮੀ ਆਪਣੇ ਘਰ ਚਲੀ ਗਈ। ਨਵਜੋਤ ਨੇ ਰਾਤ ਦੀ ਰੋਟੀ ਦੋ ਡੰਗ ਦਾ ਦੁਧ ਉਸ ਨੂੰ ਨਾਲ ਦੇ ਦਿੱਤਾ ਸੀ। ਵੀਰਦੀਪ ਨੇ ਇੱਕ ਦਿਨ ਹੀ ਸਕੂਲ ਜਾਣਾ ਸੀ। ਉਸ ਨੂੰ ਸੀ ਕਿ ਉਸ ਤੋਂ ਬਾਅਦ ਉਹ ਵਾਪਸ ਪੇਕੇ ਚਲੇ ਜਾਵੇਗੀ, ਵੀਰਦੀਪ ਨੂੰ ਨਾਲ ਲੈ ਕੇ। ਵੀਰਦੀਪ ਸ਼ਾਮੀ ਸਕੂਲੋਂ ਘਰ ਆਇਆ। ਸਕੂਲ ਮਾਸਟਰਾਂ ਨੇ ਬੱਚਿਆਂ ਨੂੰ ਘਰ ਦਾ ਵਾਹਵਾ ਕੰਮ ਦੇ ਦਿੱਤਾ ਸੀ। ਅਗਲੇ ਦਿਨ ਨਾਨਕਿਆਂ ਵੱਲ ਜਾਣ ਵੇਲੇ ਉਹਨੇ ਆਪਣੀਆਂ ਕਿਤਾਬਾਂ ਵੀ ਨਾਲ ਲੈ ਲਈਆਂ। ਹੁਣ ਉਹ ਦੋ ਜੀਅ ਵੱਡੇ ਮਾਮੇ ਵੱਲ ਹੋਰ ਜੁੜ ਗਏ ਸਨ। ਦੋ ਬੱਚੇ ਇੱਕ ਮਾਂ, ਫਿਰ ਵੀਰਦੀਪ ਤੇ ਨਸੀਬੋ। ਗੁਜ਼ਾਰਾ ਔਖਾ ਹੋਣ ਲੱਗਾ। ਕੁਝ ਦਿਨ ਮਾਮੇ ਅਤੇ ਮਾਮੀਆਂ ਵਿੱਚ ਖੁਸਰ-ਫੁਸਰ ਹੁੰਦੀ ਰਹੀ। ਨਸੀਬੋ ਦੀ ਉਮਰ ਹਾਲੇ ਪੈਂਤੀ ਕੁ ਸਾਲਾਂ ਦੀ ਸੀ। ਪੇਕੇ ਘਰ ਉਸ ਦੇ ਦੂਜੇ ਵਿਆਹ ਦੀ ਗੱਲ ਚੱਲਣ ਲੱਗੀ। ਨਸੀਬੋ ਇਨਕਾਰ ਕਰਦੀ, 'ਮੇਰਾ ਮੁੰਡਾ ਕਿੱਥੇ ਜਾਵੇਗਾ। ਮੈਂ ਨਹੀਂ ਦੂਜਾ ਵਿਆਹ ਕਰਵਾਉਣ।' ਉਹ ਮੁੱਕਰ ਜਾਂਦੀ।

'ਵੇਖ ਨਸੀਬੋ ਹਾਲੇ ਤੂੰ ਭਰ ਜਵਾਨ ਏਂ, ਏਦਾਂ ਝੱਟ ਨਹੀਂ ਨਿਕਲਣਾ, ਕੋਈ ਲੋੜਵੰਦ ਬੰਦਾ ਲੱਭ ਲੈਨੇ ਆਂ, ਵਿਆਹ ਕਰਵਾ ਲੈ ਚੁੱਪ ਕਰਕੇ।'

ਆਪਣੀ ਪੁੱਗਦੀ ਨਾ ਵੇਖ ਕੇ ਨਸੀਬੋ ਚੁੱਪ ਕਰ ਜਾਂਦੀ।

ਉਹਦੇ ਮਨ 'ਚ ਆਇਆ, ਕਿਉਂ ਨਾ ਨਵਜੋਤ ਹੋਰਾਂ ਦੀ ਸਲਾਹ ਲੈ ਲਵਾਂ। ਅਗਲੇ ਦਿਨ ਉਹ ਵੀਰਦੀਪ ਨੂੰ ਨਾਲ ਲੈ ਕੇ ਆਪਣੇ ਸਹੁਰੇ ਪਿੰਡ ਚਲੀ ਗਈ। ਦੁਪਹਿਰੋਂ ਬਾਅਦ ਉਹ ਵੀਰਦੀਪ ਨੂੰ ਲੈ ਕੇ ਕਰਮੇਕਿਆਂ ਦੀ ਬਹਿਕ 'ਤੇ ਪਹੁੰਚ ਗਈ। ਨਵਜੋਤ ਨੂੰ ਮਿਲ ਕੇ ਉਹ ਫਿਰ ਰੋਣ ਲੱਗੀ। ਇਸ ਵਾਰ ਵੀਰਦੀਪ ਦੀਆਂ ਅੱਖਾਂ ਵਿੱਚ ਸਿੱਲ੍ਹ ਜਿਹੀ ਤਾਂ ਆਈ, ਪਰ ਉਹ ਰੋਇਆ ਨਾ। ਨਵਜੋਤ ਨੇ ਨਸੀਬੋ ਨੂੰ ਆਪਣੇ ਨਾਲ ਘੁੱਟ ਲਿਆ।

ਚਾਹ-ਪਾਣੀ ਪੀਣ ਬਾਅਦ ਨਸੀਬੋ ਨੇ ਆਪਣੇ ਪੇਕਿਆਂ ਵਾਲੀ ਵਿਥਿਆ ਸੁਣਾਉਣੀ ਸ਼ੁਰੂ ਕੀਤੀ। ਇੰਨੇ ਨੂੰ ਕਰਮਾ ਵੀ ਖੇਤੋਂ ਵਾਪਸ ਆ ਗਿਆ ਸੀ। ਨਵਜੋਤ ਨੇ ਉਸ ਨੂੰ ਫੋਨ ਕਰਕੇ ਨਸੀਬੋ ਹੋਰਾਂ ਦੇ ਆਉਣ ਬਾਰੇ ਦੱਸ ਦਿੱਤਾ ਸੀ। 'ਮੇਰੇ ਪੇਕੇ ਮੈਨੂੰ ਰੱਖਣ ਜੋਗੇ ਨੀ, ਕਿਤੇ ਹੋਰ ਵਿਆਹ ਕਰਵਾਉਣ ਲਈ ਜ਼ੋਰ ਪਾਉਣ ਲੱਗੇ ਆ। ਮੇਰਾ ਦਿਲ ਨਹੀਂ ਮੰਨਦਾ। ਵੀਰਦੀਪ ਦਾ ਕੀ ਬਣੇਗਾ।'

'ਤੁਸੀਂ ਇੱਥੇ ਰਹੋ ਪਿੰਡ ਵਾਲੇ ਆਪਣੇ ਘਰ, ਅਸੀਂ ਹੈਗੇ ਤੁਹਾਡੇ ਕੋਲ' ਕਰਮਾ ਆਖਣ ਲੱਗਾ।

'ਨਾ ਬੇਬੇ ਮੰਨਦੀ, ਨਾ ਭਰਾ ਮੇਰੇ, ਕਹਿੰਦੇ ਲੋਕ ਪਤਾ ਨੀ ਕੀ ਕੀ ਗੱਲਾਂ ਕਰਨਗੇ' ਨਸੀਬੋ ਨੇ ਉੱਤਰ ਦਿੱਤਾ।

'ਲੋਕਾਂ ਦਾ ਕੰਮ ਤਾਂ ਭੌਂਕਣਾ ਹੁੰਦਾ, ਭੌਂਕੀ ਜਾਣ ਦੇ' ਨਵਜੋਤ ਆਖਣ ਲੱਗੀ।

'ਚੱਲ ਮੈਂ ਕਰਕੇ ਦੇਖਦੀ ਮਾਪਿਆਂ ਨਾਲ ਦੁਬਾਰਾ ਗੱਲ' ਨਸੀਬੋ ਆਖਣ ਲੱਗੀ।

'ਭਾਬੀ ਬਾਕੀਆਂ ਦਾ ਛੱਡ, ਤੇਰਾ ਆਪਦਾ ਦਿਲ ਕੀ ਕਹਿੰਦਾ ਇਹ ਦੱਸ' ਕਰਮੇ ਨੇ ਜਿਵੇਂ ਵੱਡਾ ਸੁਆਲ ਕੀਤਾ।

'ਮੈਂ ਤਾਂ ਵੀਰਾ ਪਾਲ ਲਊਂ ਮੁੰਡੇ ਨੂੰ ਇਥੇ ਰਹਿ ਕੇ ਵੀ ਔਖੀ ਸੌਖੀ' ਨਸੀਬੋ ਦੀ ਆਵਾਜ਼ ਦੁੱਖ ਨਾਲ ਲਰਜ਼ ਰਹੀ ਸੀ।

'ਹੋਇਆ ਲੈ ਤੇਰਾ ਪੁੱਤ ਜੁਆਨ' ਨਾਲ ਹੀ ਕਰਮੇ ਨੇ ਉਹਦਾ ਦਿਲ ਧਰਾਇਆ।

ਅਗਲੇ ਦਿਨ ਫਿਰ ਉਹ ਤੇ ਵੀਰਦੀਪ ਨਾਨਕੀਂ ਵਜੀਦਪੁਰ ਚਲੇ ਗਏ। ਮਾਮੇ ਹੋਰੀਂ ਕੰਮਾਂ ਕਾਰਾਂ 'ਤੇ ਸਨ। ਮਾਮੀਆਂ ਤੇ ਨਾਨੀ ਹੀ ਸੀ ਘਰ। ਵੀਰਦੀਪ ਅਤੇ ਧੀ ਦੀ ਆਮਦ 'ਤੇ ਨਸੀਬੋ ਦੀ ਮਾਂ ਨੂੰ ਤਾਂ ਚਾਅ ਜਿਹਾ ਚੜ੍ਹ ਗਿਆ, ਪਰ ਭਾਬੀਆਂ ਦੇ ਜਿਵੇਂ ਸੌ ਘੜਾ ਪਾਣੀ ਦਾ ਸਿਰ ਵਿੱਚ ਪੈ ਗਿਆ ਹੋਵੇ। ਉਨ੍ਹਾਂ ਨਕਲੀ ਜਿਹੇ ਹਾਸੇ ਨਾਲ ਵੀਰਦੀਪ ਤੇ ਨਸੀਬੋ ਦਾ ਸੁਆਗਤ ਕੀਤਾ। ਪਿਛਲੇ ਕਈ ਦਿਨਾਂ ਤੋਂ ਦੋਹਾਂ ਮਾਮਿਆਂ ਦੇ ਘਰਾਂ ਵਿੱਚ ਕਲੇਸ਼ ਵੀ ਪੈਂਦਾ ਰਿਹਾ ਸੀ। ਸਾਰੇ ਨਸੀਬੋ ਦੇ ਦੁਬਾਰਾ ਵਿਆਹ 'ਤੇ ਜ਼ੋਰ ਦੇ ਰਹੇ ਸਨ। 'ਹਾਲੇ ਇਸ ਦੀ ਉਮਰ ਹੀ ਕੀ ਹੈ, ਮਸਾਂ ਪੈਂਤੀਆਂ ਨੂੰ ਪਹੁੰਚੀ ਹੈ, ਇੰਨੀ ਲੰਮੀ ਉਮਰ ਕਿਵੇਂ ਨਿਕਲੂ, ਕੋਈ ਤਾਂ ਆਸਰਾ ਚਾਹੀਦਾ। ਮੁਆਵਜ਼ਾ ਲੈਣ ਲਈ ਇਹ ਨੀ ਮੰਨੀ, ਅਖੇ ਮੋਏ ਦੀ ਮਿੱਟੀ ਕਾਹਨੂੰ ਖਰਾਬ ਕਰਨੀ ਆ। ਮਿੱਟੀ ਊਂ ਵੀ ਤੇ ਸੁਆਹ ਹੀ ਬਣਨੀ ਸੀ।' ਨਸੀਬੋ ਦਾ ਵੱਡਾ ਭਰਾ ਆਖਣ ਲੱਗਾ।

'ਚਹੁੰ ਸਾਲਾਂ ਨੂੰ ਹੋਇਆ ਮੇਰਾ ਪੁੱਤ ਜਵਾਨ, ਮੈਂ ਆਪੇ ਇਹਦੇ ਆਸਰੇ ਦਿਨ ਕੱਟ ਲੂੰ।' ਨਸੀਬੋ ਨੇ ਨਾਰਾਜ਼ਗੀ ਪਰਗਟ ਕੀਤੀ।

'ਦਿਨ ਤਾਂ ਕੱਟ ਲੇਂਗੀ, ਘਰ ਦਾ ਗੁਜ਼ਾਰਾ ਕਿਵੇਂ ਚੱਲੂ?' ਭਰਾ ਨੇ ਔਖਾ ਸਵਾਲ ਪਾਇਆ। ਹੁਣ ਨਸੀਬੋ ਵੀ ਕੁਝ ਸੋਚੀਂ ਪੈ ਗਈ, ਪਰ ਫਿਰ ਉਹ ਕਹਿਣ ਲੱਗੀ, 'ਕਰਮੇ ਕੇ ਤਾਂ ਕਰਦੀ ਹੀ ਆਂ ਕੰਮ, ਹੋਰ ਚਾਰ ਘਰਾਂ ਦਾ ਕੰਮ ਫੜ ਲੂੰ ਮੈਂ।'

'ਚਾਰ ਹੋਰਾਂ ਦਾ ਕੰਮ ਤਾਂ, ਤਾਂ ਫੜੇਂਗੀ ਜੇ ਅਗਲੇ ਦੇਣਗੇ, ਜੱਟੀਆਂ ਤਾਂ ਭਈਆ ਰਾਣੀਆਂ ਨਾਲ ਹੀ ਮਸਤ ਰਹਿੰਦੀਆਂ, ਕੰਮ ਠੋਕ ਕੇ ਪੈਸੇ ਧੇਲੇ ਵਾਲਾ ਹੱਥ ਰੋਕ ਕੇ' ਛੋਟੀ ਭਾਬੀ ਵੀ ਵਿੱਚ ਬੋਲਣ ਲੱਗੀ। ਉਹ ਘਰ ਦੀ ਵੇਹਲ ਤੋਂ ਤੰਗ ਆਈ ਪਈ ਸੀ।

'ਕੰਧਾਂ ਵੇਖ-ਵੇਖ ਕੇ ਨੀ ਦਿਨ ਲੰਘਣੇ, ਕੰਧਾਂ 'ਚ ਟੱਕਰਾਂ ਮਾਰਿਆ ਕਰੇਂਗੀ 'ਕੱਲੀ', ਛੋਟੀ ਦੇ ਬੋਲਾਂ ਨਾਲ ਨਸੀਬੋ ਹੋਰ ਭੈਅ ਖਾ ਗਈ।

'ਹੁਣ ਤਾਂ ਮੈਨੂੰ ਕੋਈ ਬਾਲ ਬੱਚੇ ਆਲਾ ਈ ਮਿਲੂ, ਉਹਨੇ ਮੇਰਾ ਮੁੰਡਾ ਨੀ ਸਾਂਭਣਾ' ਨਸੀਬੋ ਜਿਵੇਂ ਵਿਲਕ ਪਈ।

'ਬੀਬੀ ਤੇਰਾ ਘਰ ਵੀ ਹੁਣ ਵੇਖ ਲੈ ਮੇਰੇ ਲਈ ਬਿਗਾਨਾ ਹੋ ਗਿਆ' ਹੁਣ ਉਹ ਆਪਣੀ ਮਾਂ ਨੂੰ ਸੰਬੋਧਨ ਹੋਈ।

'ਇਹ ਤਾਂ ਜਗਤ ਰਵੀਰਾ ਨਸੀਬ ਕੁਰੇ, ਇਹਨੂੰ ਆਪਾਂ ਨੀ ਬਦਲ ਸਕਦੇ, ਨਾਲੇ ਤੀਵੀਂ ਦੀ ਤਾਂ ਇਹ ਹੋਣੀ ਈ ਆ, ਵਿਆਹ ਤੋਂ ਬਾਅਦ ਆਪਦੇ ਖਸਮ ਦਾ ਘਰ ਈ ਉਹਦਾ ਹੁੰਦਾ' ਮਾਂ ਦੇ ਬੋਲ ਗਹਿਰੇ ਦੁੱਖ ਵਿੱਚ ਭਿੱਜੇ ਹੋਏ ਸਨ।

'ਜੇ ਖਸਮ ਈ ਨਾ ਰਹੇ?' ਨਸੀਬੋ ਨੇ ਸਵਾਲ ਕੀਤਾ।

'ਫਿਰ ਨਵਾਂ ਖਸਮ ਲੱਭਣਾ ਪੈਂਦਾ, 'ਕੱਲੀ ਨੂੰ ਤੈਨੂੰ ਜਵਾਨ ਜਹਾਨ ਨੂੰ ਕੀਹਨੇ ਜੀਣ ਦੇਣਾ' ਵੱਡੀ ਭਾਬੀ ਆਖਣ ਲੱਗੀ।

ਉਹਦੇ ਪੇਕਿਆਂ ਦਾ ਸਾਰਾ ਟੱਬਰ ਉਹਦਾ ਦੁਬਾਰਾ ਵਿਆਹ ਕਰਨ ਲਈ ਉਤਾਵਲਾ ਸੀ। ਉਨ੍ਹਾਂ ਦੀ ਗੱਲਬਾਤ ਵੀਰਦੀਪ ਗੌਰ ਨਾਲ ਸੁਣਦਾ ਰਿਹਾ। ਉਹਨੂੰ ਲੱਗਾ, 'ਮੇਰਾ ਕਿਸੇ ਨੂੰ ਕੋਈ ਫਿਕਰ ਨਹੀਂ।'

ਨਸੀਬੋ ਇੱਕ ਦਿਨ ਹੋਰ ਆਪਣੇ ਪੇਕੀਂ ਰਹੀ। ਸਾਰਾ ਸਮਾਂ ਉਹ ਇਹੋ ਕੁਝ ਵਾਰ ਵਾਰ ਸੁਣਦੀ ਰਹੀ।

ਅਗਲੇ ਦਿਨ ਦਸ ਕੁ ਵਜੇ ਉਸ ਨੇ ਬੱਸ ਫੜੀ ਅਤੇ ਆਪਣੇ ਸਹੁਰੀਂ ਚਲੀ ਗਈ। ਆਪਣੇ ਘਰ ਦਾ ਜਿੰਦਾ ਖੋਲ੍ਹਿਆ ਪਾਣੀ-ਧਾਣੀ ਪੀਤਾ। ਤੀਜੇ ਕੁ ਪਹਿਰ ਉਹ ਵੀਰਦੀਪ ਨੂੰ ਲੈ ਕੇ ਕਰਮੇ ਹੋਰਾਂ ਵੱਲ ਚਲੀ ਗਈ। ਨਵਜੋਤ ਫਿਰ ਉਹਨੂੰ ਬੜੇ ਨਿੱਘ ਨਾਲ ਮਿਲੀ, ਵੀਰਦੀਪ ਨੂੰ ਉਹਨੇ ਬੁੱਕਲ ਵਿੱਚ ਲਿਆ। ਉਹਦਾ ਦਿਲ ਕੀਤਾ ਵੀਰਦੀਪ ਉਹਦੀ ਬੁੱਕਲ ਵਿੱਚ ਹੀ ਬੈਠਾ ਰਹੇ, ਪਰ ਪਲ ਕੁ ਬਾਅਦ ਵੀਰਦੀਪ ਮੋਟਰ ਵੱਲ ਨਿਕਲ ਗਿਆ। ਗਰਮੀ ਬਹੁਤ ਸੀ, ਉਹ ਚੱਲ ਰਹੀ ਮੋਟਰ ਦੇ ਪਾਣੀ ਵਿੱਚ ਨਹਾਉਣ ਲੱਗਾ। ਗਰਮੀ ਦਾ ਮਾਰਿਆ ਉਹ ਕਈ ਦੇਰ ਤੱਕ ਨਹਾਉਂਦਾ ਰਿਹਾ।

ਨਵਜੋਤ ਨੇ ਚਾਹ ਬਣਾਈ। ਜਦ ਨੂੰ ਕਰਮਾ ਵੀ ਉੱਠ ਖਲੋਤਾ ਸੀ। ਉਹ ਚੁਬਾਰੇ ਵਿੱਚ ਸੁੱਤਾ ਪਿਆ ਸੀ। 'ਨਸੀਬੋ ਤੇਰਾ ਚਿਹਰਾ ਉਡਿਆ ਉਡਿਆ ਜਿਹਾ ਲਗਦਾ, ਕੀ ਹੋਇਆ ਤੈਨੂੰ' ਉਹਨੂੰ ਤੇ ਕਰਮੇ ਨੂੰ ਚਾਹ ਫੜਾਉਂਦਿਆਂ ਨਵਜੋਤ ਨੇ ਪੁੱਛਿਆ।

'ਇੱਡੇ ਵੱਡੇ ਸਦਮੇ 'ਚੋਂ ਬੰਦਾ ਏਡੀ ਛੇਤੀ ਥੋੜਾ ਬਾਹਰ ਆ ਸਕਦਾ' ਕਰਮੇ ਨੇ ਦਲੀਲ ਦਿੱਤੀ।

'ਨਹੀਂ ਕਰਮੇ ਵੀਰ ਹੁਣ ਇੱਕ ਹੋਰ ਮੁਸੀਬਤ ਨੇ ਮਨ ਦੁਬਿਧਾ ਵਿੱਚ ਪਾ ਰੱਖਿਆ' ਨਸੀਬੋ ਬੋਲੀ।

'ਤੂੰ ਦੱਸ ਤਾਂ ਸਹੀ, ਆਪਾਂ ਮੁਸੀਬਤਾਂ ਹੱਲ ਕਰਨ ਵਾਸਤੇ ਈ ਆਂ' ਕਰਮੇ ਨੇ ਕਿਹਾ।

'ਉਹੀ, ਮੇਰੇ ਮਾਪੇ ਦੂਜਾ ਵਿਆਹ ਕਰਵਾਉਣ ਲਈ ਜ਼ੋਰ ਪਾਈ ਜਾਂਦੇ' ਨਸੀਬੋ ਨੇ ਮਸਾਂ ਸ਼ਬਦ ਮੂੰਹ 'ਚੋਂ ਕੱਢੇ।

'ਫਿਰ ਤੂੰ ਕੀ ਕਿਹਾ' ਨਵਜੋਤ ਬੋਲੀ।

'ਮੈਂ ਤਾਂ ਮੰਨੀ ਨਹੀਂ, ਮੈ ਆਖਿਆ ਬਈ ਵੀਰਦੀਪ ਦਾ ਕੀ ਬਣੂ' ਨਸੀਬੋ ਨੇ ਜਵਾਬ ਦਿੱਤਾ।

'ਚਲ ਵੀਰਦੀਪ ਸਾਡੇ ਕੋਲ ਰਹਿ ਲਊ, ਜੇ ਤੇਰਾ ਇਰਾਦਾ ਬਣਦਾ ਤਾਂ' ਕਰਮੇ ਨੇ ਆਖਿਆ ਤੇ ਹੁੰਗਾਰੇ ਲਈ ਨਵਜੋਤ ਦੇ ਮੂੰਹ ਵੱਲ ਵੇਖਣ ਲੱਗਾ।

'ਮੈਂ ਇਹਤੋਂ ਬਿਨਾ ਕਿੱਦਾਂ ਰਹਾਂਗੀ' ਨਸੀਬੋ ਦੀ ਮਮਤਾ ਉਛਾਲੇ ਮਾਰਨ ਲੱਗੀ।

'ਤੇਰਾ ਜਦੋਂ ਦਿਲ ਕਰੂ ਮਿਲ ਜਿਆ ਕਰੀਂ, ਨਹੀਂ ਮੈਂ ਆਪ ਮਿਲਾ ਲਿਆ ਕਰੂ ਤੈਨੂੰ' ਕਰਮੇ ਨੂੰ ਵੀਰਦੀਪ ਵਿੱਚ ਘਰਬਾਰ ਦਾ ਵਾਰਸ ਵਿਖਾਈ ਦੇਣ ਲੱਗਾ ਸੀ।

'ਆਪਣੀਆਂ ਜਾਤਾਂ 'ਚ ਤਾਂ ਜ਼ਮੀਨ ਆਸਮਾਨ ਦਾ ਫਰਕ ਐ' ਨਸੀਬੋ ਨੇ ਸਵਾਲ ਕੀਤਾ।

'ਗੁਰੂ ਨਾਨਕ ਦੇ ਘਰ 'ਚ ਨੀ ਕੋਈ ਜਾਤ-ਗੋਤ, ਸਾਰੇ ਇਨਸਾਨ ਈ ਨੇ' ਬਾਣੀ ਦੇ ਅਭਿਆਸ ਨੇ ਕਰਮੇ ਨੂੰ ਆਦਰਸ਼ਵਾਦੀ ਬਣਾ ਦਿੱਤਾ ਸੀ।

'ਕੋਈ ਬੰਦਾ ਵੀ ਚਾਹੀਦਾ ਚੱਜ ਦਾ, ਉਈਂ ਨਾ ਫਾਹਾ ਲੈ ਬੈਠਾਂ।' ਹੁਣ ਨਸੀਬੋ ਨੂੰ ਕੋਈ ਚਾਨਣ ਦੀ ਲਕੀਰ ਵਿਖਾਈ ਦੇਣ ਲੱਗੀ।

'ਮੈਂ ਵੇਖਦਾਂ, ਇਕ ਮੁੰਡਾ ਬਿਜਲੀ ਬੋਰਡ ਦੇ ਦਫਤਰ ਕੰਮ ਕਰਦਾ, ਕਲਰਕ ਆ ਉਥੇ, ਮੇਰੇ ਨਾਲ ਪੜ੍ਹਦਾ ਹੁੰਦਾ ਸੀ। ਉਹਦੀ ਘਰਵਾਲੀ ਕੈਂਸਰ ਨਾਲ ਗੁਜ਼ਰ ਗਈ ਸੀ ਪਿਛਲੇ ਸਾਲ। ਇੱਕ ਕੁੜੀ ਐ ਉਹਦੇ ਪੰਜ ਕੁ ਸਾਲਾਂ ਦੀ। ਵੇਖਦਾਂ ਮੈਂ ਜੇ ਉਹਨੇ ਹਾਲੇ ਵਿਆਹ ਨਾ ਕਰਵਾਇਆ ਹੋਵੇ' ਕਰਮੇ ਨੇ ਨਸੀਬੋ ਆਪਣੇ ਵੱਲੋਂ ਧਰਵਾਸ ਦਿੱਤਾ।

'ਮੁੰਡਾ ਉਹ ਝਿਉਰਾਂ ਦਾ, ਤੇਰੇ ਘਰਦੇ ਜਾਤ-ਬਰਾਦਰੀ ਦਾ ਵਿਚਾਰ ਨਾ ਕਰਨ। ਉਹਨੂੰ ਮੈਂ ਆਪੇ ਮਨਾ ਲੂੰ' ਕਰਮੇ ਨੇ ਅਗਲੀ ਦਲੀਲ ਦਿੱਤੀ। ਨਸੀਬੋ ਇਸ ਦੌਰਾਨ ਚੁੱਪ ਰਹੀ, ਨਵਜੋਤ ਵੱਲ ਵੇਖਣ ਲੱਗੀ ਤੇ ਉਹਦੇ ਹੰਝੂ ਗੱਲ੍ਹਾਂ ਤੋਂ ਦੀ ਹੋ ਕੇ ਚੁੰਨੀ ਭਿਉਣ ਲੱਗੇ। ਮੁੰਡੇ ਦੀ ਮਮਤਾ ਉਹਨੂੰ ਪੀੜ ਰਹੀ ਸੀ।

'ਤੁਸੀਂ ਵੀ ਵੀਰਾ ਮੇਰੇ ਮਾਪਿਆਂ ਵਾਲੀਆਂ ਗੱਲਾਂ ਕਰਨ ਲੱਗ ਪੇ, ਮੈਂ ਤਾਂ ਤੁਹਾਡਾ ਆਸਰਾ ਤੱਕ ਕੇ ਆਈ ਸੀ।' ਨਸੀਬੋ ਦੀ ਆਵਾਜ਼ ਵਿੱਚ ਹਉਕਿਆਂ ਦੀ ਕੰਬਣੀ ਰਲੀ ਹੋਈ ਸੀ।

ਉਹਦਾ ਹਾਲ ਦੇਖ ਕੇ ਕਰਮੇ ਨੂੰ ਤਰਸ ਆ ਗਿਆ, 'ਬਾਕੀ ਤੇਰੀ ਮਰਜ਼ੀ ਆ ਭਾਬੀ। ਜ਼ੋਰ ਲਾਈਏ ਤਾਂ ਤੈਨੂੰ ਹੁਕਮੇ ਵਾਲੀ ਨੌਕਰੀ ਵੀ ਮਿਲ ਜੂ, ਬਸ ਤੇਰੀ ਪੜ੍ਹਾਈ ਵਾਲਾ ਅੜਿੱਕਾ ਨਾ ਲੱਗੇ। ਸਾਡੇ ਵੱਲੋਂ ਪਿੰਡ ਰਹਿ ਲੈ, ਸਾਡੇ ਘਰ ਰਹਿ ਲੈ, ਅਸੀਂ ਤਾਂ ਫਿਰ ਵੀ ਤੇਰੇ ਨਾਲ ਰਹਾਂਗੇ, ਪਰ ਆਪਣਾ ਸਮਾਜ ਬੜਾ ਕੋਹੜੀ ਆ। 'ਕੱਲੀ ਤੀਵੀਂ ਦਾ ਜੀਣਾ ਦੁੱਭਰ ਕਰ ਦਿੰਦਾ।'

'ਠੀਕ ਐ ਤੇਰੀ ਗੱਲ ਵੀਰਾ, ਪਰ ਮੇਰੀ ਮਮਤਾ ਸਦਾ ਲਈ ਵੰਡੀ ਜਾਵੇਗੀ' ਨਸੀਬੋ ਤਰੇੜੇ ਜਾ ਰਹੇ ਮੋਹ ਨਾਲ ਪੀੜਤ ਸੀ।

'ਵੰਡੀ ਕਿਵੇਂ ਜਾਊ, ਵੀਰਦੀਪ ਆਪਣੇ ਈ ਘਰ 'ਚ ਰਹੂ' ਹੁਣ ਨਵਜੋਤ ਨੇ ਦਖਲ ਦਿੱਤਾ। ਉਹ ਬੱਚੇ ਵਾਲੀ ਔਰਤ ਦੇ ਅਨੁਭਵ ਤੋਂ ਕੋਰੀ ਸੀ।

ਕਰਮੇਕਿਆਂ ਦੇ ਪਿਆਰ ਵਿੱਚ ਭਿੱਜੇ ਬੋਲਾਂ ਨਾਲ ਉਸ ਦਾ ਰੋਣਾ ਤੇਜ਼ ਹੋ ਗਿਆ। ਨਸੀਬੋ ਹੁਬਕੀਆਂ ਲੈਣ ਲੱਗੀ। ਉਹਦੇ ਚਿੱਤ ਵਿੱਚ ਆਇਆ, ਕਿੱਥੇ ਮੇਰੇ ਮਾਪੇ ਤੇ ਕਿੱਥੇ ਇਹ ਬਿਗਾਨੇ।

ਮੂੰਹ ਹਨੇਰਾ ਹੋ ਗਿਆ ਸੀ। ਕਰਮਾ ਵੀਰਦੀਪ ਨੂੰ ਨਾਲ ਲੈ ਕਿ ਝੋਨੇ ਦਾ ਨੱਕਾ ਮੋੜਨ ਚਲਾ ਗਿਆ। ਮੁੰਡਾ ਅੱਜ ਜਦੋਂ ਦਾ ਇਨ੍ਹਾਂ ਖੇਤਾਂ ਵਿੱਚ ਆਇਆ ਸੀ, ਆਪਣੇ ਬਾਪੂ ਦੀ ਤਸਵੀਰ ਵਾਰ-ਵਾਰ ਉਹਦੀਆਂ ਅੱਖਾਂ ਸਾਹਮਣੇ ਘੁੰਮ ਰਹੀ ਸੀ। ਪਰ ਝੋਨੇ ਦੀ ਦੂਰ ਤੱਕ ਫੈਲੀ ਹਰੇਵਾਈ ਦੇ ਸਮੁੰਦਰ ਨੇ ਉਸ ਦੇ ਮਨ ਦਾ ਦੁੱਖ ਅੱਜ ਕਾਫੀ ਘੱਟ ਕਰ ਦਿੱਤਾ ਸੀ।

'ਕਿਉਂ ਬਈ ਵੀਰਦੀਪ ਸਿਆਂ, ਜੇ ਤੈਨੂੰ ਅਸੀਂ ਰੱਖ ਲਈਏ' ਕਰਮੇ ਨੇ ਮੁੰਡੇ ਨੂੰ ਟੋਹਣਾ ਚਾਹਿਆ।

'ਮੈਨੂੰ ਤਾਂ ਚਾਚਾ ਬੀਬੀ ਨਾਲ ਈ ਰਹਿਣਾ ਪਊ, ਕੱਲੀ ਵਿਚਾਰੀ ਕੀ ਕਰੂ ਉਹ' ਪਿਉ ਦੇ ਮਰਨ ਬਾਅਦ ਵੀਰਦੀਪ ਕੁਝ ਜ਼ਿਆਦਾ ਸਿਆਣੀਆਂ ਗੱਲਾਂ ਕਰਨ ਲੱਗ ਪਿਆ ਸੀ।

ਅਗਲੀ ਗੱਲ ਕਰਮੇ ਨੇ ਵਿਚਾਲੇ ਹੀ ਛੱਡ ਦਿੱਤੀ, ਉਹ ਚਾਹੁੰਦਾ ਤਾਂ ਸੀ ਕਿ ਉਹਦੇ ਨਾਨਕਿਆਂ ਦੀ ਦੂਜੇ ਵਿਆਹ ਵਾਲੀ ਗੱਲ ਵੀਰਦੀਪ ਨਾਲ ਕਰੇ, ਪਰ ਉਹਨੂੰ ਲੱਗਾ ਇਹ ਹੱਕ ਮੇਰਾ ਨਹੀਂ, ਇਹਦੀ ਮਾਂ ਦਾ ਹੈ। ਉਹੀ ਇਹਨੂੰ ਸਮਝਾ ਸਕਦੀ।

ਕਰਮੇ ਤੇ ਵੀਰਦੀਪ ਦੇ ਖੇਤਾਂ ਵੱਲ ਜਾਣ ਤੋਂ ਬਾਅਦ ਨਵਜੋਤ ਨੇ ਨਸੀਬੋ ਨੂੰ ਆਪਣੀ ਜੱਫੀ ਵਿੱਚ ਲਿਆ ਤੇ ਆਪਣੇ ਮੰਜੇ 'ਤੇ ਬਿਠਾ ਲਿਆ। ਰੰਗ ਰੂਪ ਦੇ ਫਰਕ ਦੇ ਬਾਵਜੂਦ ਉਨ੍ਹਾਂ ਨੂੰ ਇਉਂ ਲੱਗਾ ਜਿਵੇਂ ਉਹ ਸਕੀਆਂ ਭੈਣਾਂ ਹੋਣ; 'ਵੇਖ ਨਸੀਬੋ ਇਹ ਮੇਰੀ ਇਕੱਲੀ ਦਾ ਘਰ ਨਹੀਂ, ਤੇਰਾ ਵੀ ਇਹਦੇ ਵਿੱਚ ਹਿੱਸਾ। ਤੇਰਾ ਘਰ ਵਾਲਾ ਇਨ੍ਹਾਂ ਖੇਤਾਂ ਲਈ ਮੁੱਕ ਗਿਆ। ਮੇਰੇ ਸਿਰ ਇਹ ਤੇਰਾ ਕਰਜ਼ ਵੀ ਖੜ੍ਹਾ। ਤੂੰ ਸਮਝ ਤੇਰਾ ਇਹ ਆਪਣਾ ਈ ਘਰ ਆ। ਕਰਮੇ ਨੇ ਤੇਰੇ ਸਾਹਮਣੇ ਸਾਰੇ ਰਾਹ ਖੋਲ੍ਹ ਦਿੱਤੇ ਨੇ, ਜਿੱਧਰ ਤੂੰ ਤੁਰਨਾ ਚਾਹੇਂ ਤੁਰ ਸਕਦੀ ਏਂ।'

'ਤੀਵੀਂ ਦੀ ਭੈਣੇ ਕੌਣ ਸੁਣਦਾ ਇਸ ਜਹਾਨ 'ਚ, ਕਰਨਾ ਤਾਂ ਉਹ ਪੈਣਾ ਜੋ ਜਣਦਿਆਂ ਦੀ ਮਰਜ਼ੀ ਹੋਏਗੀ।' ਨਸੀਬੋ ਨੇ ਆਖਰੀ ਗੱਲ ਕੀਤੀ।

***(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)***

# ਪੰਜਾਬੀ ਸਾਹਿਤ ਦੀਆਂ ਅਮੀਰ ਰਵਾਇਤਾਂ ਨੂੰ ਸਾਂਭਣ ਦਾ ਆਹਰ

ਮਹਿਸੂਸ ਕਰਦਾ ਹਾਂ। ਸ਼ਾਇਰੀ ਕਦੇ ਮਰਦੀ ਨਹੀਂ। ਬਿਨਸਦੀ ਨਹੀਂ। ਇਹ ਯੁਗ ਬੋਧ ਦੀ ਸ਼ੈ ਹੁੰਦੀ ਹੈ। ਬਾਕੀ ਪੁਸਤਕਾਂ ਕੁਝ ਸਮਾਂ ਪਾ ਕੇ ਪੁਰਾਣੀਆਂ ਹੋ ਜਾਂਦੀਆਂ ਨੇ, ਪਰ ਸ਼ਾਇਰੀ ਦੀ ਪੁਸਤਕ ਦੀਵੇ ਵਾਂਗ, ਟਟਹਿਣੇ ਵਾਂਗ ਹਜ਼ਾਰਾਂ ਸਾਲ ਪੁਰਾਣੀ ਹੋ ਕੇ ਵੀ ਜਗਦੀ ਹੈ।

**16. ਕੋਈ ਵਿਸ਼ੇਸ਼ ਘਟਨਾ, ਯਾਦਗਾਰ, ਅਨੁਭਵ ਅਤੇ ਪਾਠਕਾਂ ਲਈ ਸੁਨੇਹਾ?**

–ਘਟਾਨਵਾਂ, ਯਾਦਾਂ ਅਤੇ ਅਨੁਭਵ ਮੇਰੀ ਸ਼ਾਇਰੀ ਦਾ ਸਰਮਾਇਆ ਨੇ। ਅੱਜ ਤੋਂ 20 ਸਾਲ ਬਾਅਦ ਮੈਂ ਆਪਣੀਆਂ ਯਾਦਾਂ ਸਵੈ-ਜੀਵਨੀ ਵਿੱਚ ਸਾਂਝੀਆਂ ਕਰਾਂਗਾ। ਅਜੇ ਤਾਂ ਕੋਈ ਸ਼ੇਅਰ ਕਹੋ ਤਾਂ ਸੁਣਾਵਾਂ। ਨਿਗਲ ਜਾਵੇ ਨਾ ਚੁੱਪ ਇਸ ਬਜ਼ਮ ਨੂੰ ਇੱਕ ਗੀਤ ਗਾਵਾਂ ਮੈਂ? ਹਨੇਰਾ ਬਹੁਤ ਹੈ ਯਾਰੋ! ਕਹੋ ਇਹ ਦਿਲ ਜਲਾਵਾਂ ਮੈਂ। ਪਾਠਕਾਂ ਲਈ ਸੁਨੇਹਾ ਇਹੀ ਹੈ ਕਿ ਸੁਪਨੇ ਲਵੋ। ਸੁਪਨਿਆਂ ਦੀ ਖੇਤੀ ਕਰੋ। ਸੁਪਨਿਆਂ ਦੇ ਗੁਲਾਬ ਆਪਣੇ ਦਿਲਾਂ ਦਿਆਂ ਵਿਹੜਿਆਂ ਵਿੱਚ ਉਗਾਉ। ਜ਼ਰੂਰ ਫੁੱਲ ਮਹਿਕਣਗੇ ਤੇ ਟਹਿਕਣਗੇ। ਜਿਹੜਾ ਵੀ ਕੰਮ ਕਰੋ, ਉਹ ਖੁਭ ਕੇ ਕਰੋ। ਇੱਕ ਜਨੂੰਨ ਦੀ ਹੱਦ ਤਕ ਚਲੇ ਜਾਓ। ਫੇਰ ਸਫਲਤਾ ਤੁਹਾਡੇ ਪੈਰ ਚੁੰਮੇਗੀ। ਵਗਾਰ ਵਰਗਾ ਕੰਮ ਕਿਸੇ ਕੰਮ ਦਾ ਨਹੀਂ। ਵਗਾਰ ਨੂੰ ਗੁਰਬਾਣੀ ਵੀ ਰੱਦ ਕਰਦੀ ਹੈ। ਮੈਂ ਜਿੰਨੇ ਵੀ ਸੁਪਨੇ ਲਏ ਹਨ, ਉਹ ਪੂਰੇ ਹੋਏ ਹਨ। ਮੈਂ ਪੰਜਾਬ ਦਾ ਪ੍ਰਸਿੱਧ ਉਸਤਾਦ ਸ਼ਾਇਰ ਬਣਨਾ ਚਾਹਿਆ ਸੀ, ਉਹ ਬਣ ਗਿਆ। ਲੇਖਕਾਂ ਲਈ, ਸ਼ਾਇਰਾਂ ਲਈ ਇੱਕ ਸੁਨੇਹਾ ਹੈ ਕਿ ਸਾਗਰ ਦੀਆਂ ਲਹਿਰਾਂ ਤਕ ਮਹਿਦੂਦ ਨਾ ਹੋ ਜਾਉ। ਤੀਜੀ ਅੱਖ ਨਾਲ ਵੇਖੋ। ਘਟਨਾਵਾਂ ਦਾ ਬਾਹਰੀ ਰੂਪ ਕੁਝ ਹੋਰ ਹੁੰਦਾ ਹੈ, ਪਰ ਉਸਦੀ ਅਸਲੀਅਤ ਕੁਝ ਹੋਰ। ਅਜ਼ਾਦੀ ਨਾਲ ਲਿਖੋ। ਪਰ ਲੋਕਾਂ ਦੇ ਭਲੇ ਵਿੱਚ ਖਲੋਵੋ। ਇਹ ਕਦੇ ਨਹੀਂ ਹੋ ਸਕਦਾ ਕਿ ਜੋ ਤੁਸੀਂ ਲੋਕਾਂ ਦੀ ਖ਼ਾਤਰ ਕਰ ਰਹੇ ਹੋ, ਉਸਦੀ ਕੀਮਤ ਲੋਕ ਨਾ ਪਾਉਣ। 'ਕਰਤ ਕਰਤ ਅਭਿਆਸ ਕੇ ਜੜ ਮਤ ਹੋਤ ਸੁਜਾਨ, ਰਸਰੀ ਆਵਤ ਜਾਤ ਕੇ ਸਿਲ ਪਰ ਹੋਤ ਨਿਸ਼ਾਨ' ਨਾਲ ਅਭਿਆਸ ਨਾਲ ਹੀ ਮੁਹਾਰਤ ਆਉਂਦੀ ਹੈ।

**17. ਕੁਝ ਮਾਨ/ਸਨਮਾਨ ਬਾਰੇ?**

–ਮਾਨ-ਸਨਮਾਨ ਜਾਂ ਇਨਾਮ-ਪੁਰਸਕਾਰ ਇਸ ਗੱਲ ਦਾ ਸੰਕੇਤ ਹੁੰਦੇ ਹਨ ਕਿ ਕੋਈ ਕਵੀ ਜਾਂ ਸਾਹਿਤਕਾਰ ਲੋਕਾਂ ਵਿੱਚ ਮਾਨਤਾ ਪ੍ਰਾਪਤ ਕਰ ਗਿਆ ਹੈ। ਸਨਮਾਨਾਂ ਦੀ ਰਸਮ ਸਾਹਿਤਕ ਸਭਿਆਚਾਰ ਦੀ ਅਨੁਰੂਪਤਾ ਜਾਹਰ ਕਰਦੀ ਸਰਗਰਮੀ ਹੈ। ਇਹ ਪਾਠਕਾਂ ਦਾ ਧਿਆਨ ਕਿਸੇ ਲੇਖਕ ਵੱਲ ਦਿਵਾਉਣ ਦੀ ਬਾਹਰਮੁਖੀ ਕੋਸ਼ਿਸ਼ ਹੈ ਅਤੇ ਸਦੀਆਂ ਤੋਂ ਪ੍ਰਚਲਿਤ ਹੈ। ਮੈਨੂੰ ਹੁਣ ਤਕ 25 ਵੱਡੇ-ਵੱਡੇ ਸਨਮਾਨ/ਪੁਰਸਕਾਰ ਪ੍ਰਾਪਤ ਹੋ ਚੁਕੇ ਹਨ। ਮੇਰੇ ਘਰ ਵਿੱਚ 100 ਮੋਮੈਂਟੋ ਹਨ। ਮੈਂ ਮਾਨ-ਸਨਮਾਨ ਨਾਲ ਭਰਿਆ ਪਿਆ ਹਾਂ ਅਤੇ ਮਾਣ ਨਾਲ ਫਲ ਲੱਦੀ ਟਾਹਣੀ ਵਾਂਗ ਝੁਕਿਆ ਹੋਇਆ ਹਾਂ। ਮੈਨੂੰ ਪਹਿਲਾ ਸਨਮਾਨ 1978 ਵਿੱਚ ਪੰਜਾਬੀ ਸਾਹਿਤ ਮੰਚ ਬਟਾਲਾ ਨੇ ਹਰਭਜਨ ਸਿੰਘ ਹੁੰਦਲ, ਡਾ. ਅਨੂਪ ਸਿੰਘ, ਤਲਵਿੰਦਰ ਸਿੰਘ ਮੱਖਣ ਕੁਹਾੜ ਅਤੇ ਹੋਰ ਸ਼ਖ਼ਸੀਅਤਾਂ ਹੱਥੋਂ ਦਿਵਾਇਆ ਸੀ। ਮੈਨੂੰ ਅਨੇਕਾਂ ਮਾਨ-ਸਨਮਾਨ ਮਿਲੇ, ਜਿਨ੍ਹਾਂ ਵਿੱਚ ਡਾ. ਸਾਧੂ ਸਿੰਘ ਹਮਦਰਦ ਗ਼ਜ਼ਲ ਐਵਾਰਡ, ਪੰਜਾਬੀ ਗ਼ਜ਼ਲ ਮੰਚ ਲੁਧਿਆਣਾ ਵੱਲੋਂ ਡਾ. ਰਣਧੀਰ ਸਿੰਘ ਚੰਦ ਪੁਰਸਕਾਰ, ਸੁਲਤਾਨ ਬਾਹੂ ਇੰਟਰਨੈਸ਼ਨਲ ਫਾਊਂਡੇਸ਼ਨ ਲਾਹੌਰ ਵੱਲੋਂ ਸੁਲਤਾਨ ਬਾਹੂ ਕਵਿਤਾ ਐਵਾਰਡ, ਪੰਜਾਬੀ ਕੌਂਸਲ ਆਫ ਆਸਟ੍ਰੇਲੀਆ ਸੁਲਰਨੀ ਵੱਲੋਂ ਅੰਮ੍ਰਿਤਾ ਪ੍ਰੀਤਮ ਕਵਿਤਾ ਐਵਾਰਡ, ਕਵੀ ਸੋਹਣ ਸਿੰਘ ਪੁਰਸਕਾਰ, ਪਰਮਾਤਮਾ ਪਰਸ ਕਵਿਤਾ ਐਵਾਰਡ, ਆਲ ਇੰਡੀਆ ਸ਼ਹੀਦ ਭਗਤ ਸਿੰਘ ਨੌਜੁਆਨ ਸਭਾ ਵੱਲੋਂ ਲੋਕ ਕਵਿਤਾ ਪੁਰਸਕਾਰ ਆਦਿ ਵੀ ਸ਼ਾਮਲ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮੈਨੂੰ ਕਵਿਤਾ ਸੈਮੀਨਾਰ ਵਿੱਚ ਰੂਬਰੂ ਲਈ ਸੱਦਿਆ ਗਿਆ। ਦਰਜਨ ਵਾਰ ਸਾਹਿਤਕ ਸਭਾਵਾਂ ਨੇ ਮੇਰੇ ਨਾਲ ਰੂਬਰੂ ਸੰਵਾਦ ਰਚਾਏ। ਸਨਮਾਨਾਂ ਦੀ ਵੀ ਇੱਕ ਰੁੱਤ ਹੁੰਦੀ ਹੈ। ਹੁਣ ਮੈਨੂੰ ਮਾਨ-ਸਨਮਾਨਾਂ ਦੀ ਘਾਟ ਨਹੀਂ, ਕਿਉਂਕਿ ਮੈਨੂੰ ਇਨ੍ਹਾਂ ਦਾ ਲੋਭ ਨਹੀਂ ਰਿਹਾ। ਹੁਣ ਮੈਂ ਪਾਠਕਾਂ ਨੂੰ ਸਿੱਧਾ ਹੀ ਸੰਬੋਧਨ ਹੋ ਸਕਦਾ ਹਾਂ।

ਮੈਂ ਹਰ ਵਾਰ ਭਾਸ਼ਾ ਵਿਭਾਗ ਨੂੰ ਆਪਣੀਆਂ ਪੁਸਤਕਾਂ ਇਨਾਮਾਂ ਲਈ ਭੇਜਦਾ ਹਾਂ, ਪਰ ਇਸ ਦੇ ਇਨਾਮਾਂ ਤਕ ਪਹੁੰਚਣ ਲਈ ਮੇਰੀ ਪਊੜੀ ਅਜੇ ਨਿੱਕੀ ਹੈ। ਪਿਛਲੇ ਸਾਲ ਮੇਰੀ ਪੁਸਤਕ ਭਾਸ਼ਾ ਵਿਭਾਗ ਦਾ ਇਨਾਮ ਲੈ ਚੱਲੀ ਸੀ, ਪਰ ਡੂੰਗਾ ਵੱਜ ਗਿਆ। ਇਸ ਬਾਰੇ ਸਾਰਾ ਪੋਲ ਮਿੱਤਰ ਸੈਨ ਮੀਤ ਨੇ ਸੁਪਰੀਮ ਕੋਰਟ ਵਿੱਚ ਮੁਕੱਦਮਾ ਕਰਕੇ ਭਾਸ਼ਾ ਵਿਭਾਗ ਤੋਂ ਹਾਸਲ ਕੀਤੀ ਪੁਰਸਕਾਰ ਕਾਰਵਾਈ ਦੀ ਰਿਪੋਰਟ ਇੱਕ ਰਸਾਲੇ ਵਿੱਚ ਛਾਪ ਕੇ ਖੋਲ੍ਹ ਦਿੱਤਾ। ਉਸ ਵਿੱਚ ਮੇਰੀ ਪੁਸਤਕ ਫਸਟ ਆ ਰਹੀ ਸੀ ਪਰ.... ਮੇਰੇ ਵਾਸਤੇ ਸਰਕਾਰੀ ਇਨਾਮ ਮਹਿਜ ਇੱਕ ਰਸਮ ਮਾਤਰ ਹੈ। ਮੈਂ ਆਸ ਕਰਦਾ ਹਾਂ ਕਿ ਭਾਸ਼ਾ ਵਿਭਾਗ ਮੈਨੂੰ ਵੀ ਇਸ ਰਸਮ ਵਿੱਚ ਸ਼ਾਮਲ ਕਰੇਗਾ।

# ਸਮੂਹ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਅਤੇ ਸੱਭਿਆਚਾਰਕ ਮਹੱਤਵ ਵਾਲੇ ਵਿਸਾਖੀ ਦੇ ਤਿਓਹਾਰ ਦੀ

# ਲੱਖ ਲੱਖ ਵਧਾਈ ਹੋਵੇ



**ਬਲਵਿੰਦਰ ਸਿੰਘ (ਬੌਬ) ਸੰਧੂ, ਜਸਵਿੰਦਰ ਸਿੰਘ (ਜੱਸੀ) ਸੰਧੂ ਤੇ ਸੋਨੀ ਜੱਜ ਅਤੇ ਸਮੂਹ ਪਰਿਵਾਰ**

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੇ ਹਉ ਕਰਹੁੰ ਨਿਵਾਸ॥

ਮਨਮਿੰਦਰ ਸਿੰਘ ਹੀਰ ਤੇ ਓਂਕਾਰ ਸਿੰਘ ਹੀਰ ਅਤੇ ਸਮੂਹ ਪਰਿਵਾਰ ਵੱਲੋਂ

ਸਮੁੱਚੀ ਸੰਗਤ ਨੂੰ ਕਲਗੀਧਰ ਦਸਮ ਪਾਤਸ਼ਾਹ ਵੱਲੋਂ ਸਾਜੇ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀ

# ਲੱਖ-ਲੱਖ ਵਧਾਈ



Manminder Singh Heer 630-709-5331 & Onkar Singh Heer 630-396-0777

Contact For Shipping & Printing Services

# OM Transportation Inc

## & UPS Store 4488 Plainfield, IL

